92 ਵਾਂ ਸਾਲ

ਅੰਕ 12

ਕੁਲ ਅੰਕ #937

ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

ਦਸੰਬਰ 2025 ₹50

ਪੰਜਾਬ
Punjab

ਗੁਰੂ ਤੇਗ ਬਹਾਦੁਰ ਦੇ 350ਵੇਂ ਜਨਮ ਦਿਹਾੜੇ ਉੱਤੇ ਮੁੜ-ਸੋਚਣਾ ਜ਼ਰੂਰੀ ਹੈ

ਅਸਹਿ ਭਾਣਾ ਮਿੱਠਾ ਕਰ ਕੇ ਮੰਨਣ ਪਰ ਜਾਬਰ ਨੂੰ "ਬਾਦਸ਼ਾਹ" ਹੋਣ ਲਈ ਇੱਕ ਛੋਟ ਦੇਣੀ ਬਥੇਰੀ ਨਹੀਂ

ਗੁਰੂ ਤੇਗ ਬਹਾਦੁਰ ਭਗਤੀ, ਅਮਨ, ਕਲਾ, ਕਵਿਤਾ, ਕੋਮਲਤਾ ਅਤੇ ਲੜਾਕੂ ਯੋਗਤਾ ਦੇ ਵੀ ਸੁਮੇਲ ਸਨ। ਅਮਨ ਅਤੇ ਭਰਾਤਰੀਭਾਵ ਦਾ ਹੋਕਾ ਦਿੰਦੇ। ਬਾਲ ਗੁਰੂ ਨੇ ਆਪ ਉਨ੍ਹਾਂ ਨੂੰ ਚੁਣਿਆ ਸੀ। ਗੁਰੂ ਅਰਜਨ ਦੇਵ ਦੇ ਸ਼ਰੇ ਆਮ ਕਤਲ ਤੋਂ ਬਾਅਦ ਗੁਰੂ ਤੇਗ ਬਹਾਦੁਰ ਦੇ ਕਤਨ ਨੂੰ ਵੀ ਮਿੱਠਾ ਕਰ ਕੇ ਜਾਨਣਾ (ਉਨ੍ਹਾਂ ਦੇ ਪਿਆਰੇ ਚੇਲਿਆਂ ਸਤੀ ਦਾਸ, ਮਤੀ ਦਾਸ ਅਤੇ ਦਿਆਲਾ ਜੀ ਦੇ ਅਤਿ ਭਿਆਨਕ ਕਤਲਾਂ ਨੂੰ ਵੀ), ਧਰਮ ਲਈ ਉੱਚ ਕੁਰਬਾਨੀ ਆਖਣਾ- ਪਰ ਧੱਕਾ ਅਤੇ ਜਬਰ ਨਹੀਂ- ਆਪਣੇ ਆਪ ਨੂੰ ਸਬਰ ਵਿਚ ਅਤੇ ਚੜ੍ਹਦੀ ਕਲਾ ਵਿਚ ਰੱਖਣਾ ਹੈ। ਗੁਰੂ ਗੋਬਿੰਦ ਸਿੰਘ ਨੇ ਆਖਿਆ ਸੀ ਕਿ- **"ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ"**-ਕਿ -ਉਨ੍ਹਾਂ ਜਿਹਾ ਕਾਰਜ ਕਿਸੇ ਨਹੀਂ ਕੀਤਾ। ਪਰ ਅਕਸਰ "ਕ੍ਰਿਆ ਕਰੀ" ਨੂੰ ਕੁਰਬਾਨੀ ਦਿੱਤੀ ਆਖ ਕੇ ਵਡਿਆਇਆ ਤਾਂ ਜਾਂਦਾ ਹੈ, ਇੱਕ ਫ਼ੈਸਲੇ ਨਾਲ ਕਾਰਜ ਕੀਤਾ ਆਖ ਕੇ ਸਬਕ ਨਹੀਂ ਲਿਆ ਜਾਂਦਾ। ਸਗੋਂ ਇਸ ਨੂੰ ਅਹਿਸਾਨ ਵੀ ਦੱਸਿਆ ਜਾਂਦਾ ਹੈ! - ਸਾਥੀਆਂ ਦਾ ਸਾਥ ਦੇਣ ਨੂੰ ਅਹਿਸਾਨ ਦੱਸਿਆ ਜਾਂਦਾ ਹੈ, ਹਮ-"ਕਾਫ਼ਰਾਂ" ਦਾ ਸਾਥ ਦੇਣ ਨੂੰ? ਕਸ਼ਮੀਰੀ ਪੰਡਿਤਾਂ ਨੂੰ ਉਨ੍ਹਾਂ ਆਖਿਆ ਸੀ- "ਜਾਓ ਕਹਿ ਦਿਓ ਮੈਂ ਧਰਮ ਬਦਲਾਂਗਾ ਤਾਂ ਤੁਸੀਂ ਵੀ ਬਦਲ ਲਵੋਗੇ।" ਦਿੱਲੀ ਗੱਲ ਬਾਤ ਕਰਨ ਜਾਣਾ ਅਤੇ ਬੇਰਹਿਮ ਕਤਲ ਕੀਤਾ ਜਾਣਾ.. ਸਰੀਰ ਵੀ ਨਹੀਂ ਦਿੱਤਾ ਜਾਣਾ ਸੀ! "ਹਮ-ਕਿਤਾਬੀ" ਹੋਣ ਦੇ ਬਾਵਜੂਦ! ਜਿਹੜੀ ਗੱਲ ਕਿ ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਰਨ ਲਈ ਮਿਲਣਾ ਮੰਗਿਆ, ਓਸੇ ਔਰੰਗਜ਼ੇਬ ਤੋਂ -ਪਰ ਉਸ ਪਾਪੀ ਤੋਂ "ਗੱਲ ਕਰਨ" ਲਈ ਮੁਲਾਕਾਤ ਨਾ ਮਿਲੀ, ਵੰਸ਼-ਨਾਸ ਮਿਲਿਆ।

ਪਰ ਅੱਜ ਜਦੋਂ ਸਾਰੀ ਦੁਨੀਆ ਓਸੇ ਭਟਕੀ ਧਾਰਮਕਤਾ ਵਾਲੇ ਜਬਰ ਦੇ ਭਾਰੂ ਹੋਣ ਨਾਲ ਸਿਰਤੋੜ ਹੋ ਕੇ ਜੰਗ ਕਰ ਰਹੀ ਹੈ- ਅਲਾਵੀਆਂ, ਦਰੂਜ਼ਾਂ, ਕੁਰਦਾਂ, ਯਜ਼ੀਦੀਆਂ, ਇਸਾਈਆਂ, ਆਦਿ, ਨਾਲ ਕੀ ਨਹੀਂ ਹੋਇਆ ਅਤੇ ਹੋ ਰਿਹਾ - ਕੀ ਗੁਰੂ ਸਾਹਿਬਾਨ ਨਾਲ ਵਰਤਾਈ ਗਈ ਨੂੰ ਮੁੜ ਬਿਆਨਣਾ ਜ਼ਰੂਰੀ ਨਹੀਂ ਹੋ ਗਿਆ? ਕਿ- ਅਸਲ ਵਿਚ ਮਜ਼ਹਬ ਨਾ ਬਦਲਣ ਕਰਕੇ ਅਤੇ "ਕਾਫ਼ਰ ਹੋਣ ਕਰਕੇ" ਭਿਆਨਕ ਮੌਤਾਂ ਵਰਤਾਈਆਂ ਗਈਆਂ ਸਨ। ਜਿਸ ਕਰਕੇ ਬੰਦਾ ਬਹਾਦਰ ਨੇ ਜੰਗੀ ਵਾਹ ਲਾਈ ਅਤੇ ਨਵੀਂ ਸਰਹਿੰਦੀ ਪੁੱਠ ਵਾਲੇ ਹੋ ਚੁੱਕੇ ਜ਼ਾਲਮਾਂ ਦਾ ਬਹੁਤ ਨੁਕਸਾਨ ਕੀਤਾ ਪਰ ਜਾਬਰ ਵੱਲੋਂ ਦਿਲਕੰਬਾਊ ਸਜ਼ਾ ਦਿੱਤੀ ਗਈ। ਕੀ ਇਸ ਹਾਰ ਨੇ ਸੱਚ ਨੂੰ ਕੱਜ ਦਿੱਤਾ? ਜਬਰ ਨੂੰ ਬਾਦਸ਼ਾਹੀ ਮਜਬੂਰੀ ਜਾਂ ਢੰਗ ਆਖ ਛੱਡਿਆ?

(ਜਦੋਂ ਕਿ ਅਸਲ ਵਿਚ ਤਾਂ ਅਮਨਮਈ ਸਹਿ-ਹੋਂਦ ਦੇ ਅਕਬਰੀ ਕਿਸਮ ਦੀ ਧਾਰਮਕਤਾ ਦੇ ਅਸੂਲ ਨੂੰ ਸਾਰੇ ਦੱਖਣੀ ਏਸ਼ੀਆ ਵਿਚ "ਅਹਿਮਦ ਸਰਹਿੰਦੀ ਦਾ ਯੁੱਗ" ਆ ਜਾਣ ਕਰਕੇ, ਨਾ ਉਸਦਾ ਪ੍ਰਸੰਸਕ ਪੋਤਰਾ ਅਤੇ ਨਾ ਹੀ ਪੜ-ਪੋਤਰਾ, ਦਾਰਾ ਸ਼ਿਕੋਹ, ਲਾਗੂ ਕਰਵਾਅ ਸਕਿਆ - ਅਤੇ - ਅਸਲੀ ਮਜ਼ਹਬ ਦੇ ਪੈਰੋਕਾਰ ਦਾਰਾ ਸ਼ਿਕੋਹ ਦਾ ਸਿਰ ਉਸਦੇ ਹੀ ਪੁੱਤਰ ਸਾਹਮਣੇ ਵਢਵਾਅ, ਸਕੇ ਭਰਾ ਇਸੇ ਔਰੰਗਜ਼ੇਬ ਨੇ, ਪਿਤਾ ਸ਼ਾਹ ਜਹਾਨ ਨੂੰ ਕੈਦ ਵਿਚ ਭੇਜਿਆ!)

ਕੀ ਜੱਸਾ ਸਿੰਘ ਆਹਲੂਵਾਲੀਆ ਅਤੇ ਮਿਸਲਾਂ ਦੀਆਂ ਮਾਰੀਆਂ ਮੱਲਾਂ ਤੋਂ ਬਾਅਦ ਬੱਸ ਜਗੀਰੂ ਸ਼ਾਨਾਂ ਅਤੇ ਬਸਤੀਵਾਦੀ ਹੋਣ ਤੱਕ ਦੇ ਗੰਦਲਾਉਂਦੇ ਰੁਝਾਨ ਨਹੀਂ ਦਿਸਦੇ-ਵਧਦੇ ਗਏ? ਸੱਚ ਨੂੰ ਸੁਨਹਿਰੀ ਕੱਜਣ ਕਿਉਂ?

ਸਿਆਸਤ ਦਾ ਯੁਗ ਹੈ ਅੱਜ- ਅਤੇ ਸਿਆਸੀ-ਆਰਥਕ ਹਾਵੀ ਜਗਤ-ਤਾਕਤਾਂ ਸਿਆਸਤ ਵਰਤਦੀਆਂ-ਵਰਤਾਉਂਦੀਆਂ ਰਹੀਆਂ ਹਨ: ਇਸ ਨਰੋਏ, ਇਸ ਬੁਲੰਦ ਇਨਸਾਨਪ੍ਰਸਤ ਸੰਘਰਸ਼ ਦੇ ਇਤਿਹਾਸ ਨਾਲ। ਇੱਥੋਂ ਤੱਕ ਕਿ ਸਿੱਖ ਸੰਘਰਸ਼ ਲਈ ਪੁੱਤਰ ਤੱਕ ਵਾਰਨ ਵਾਲੇ "ਹਿੰਦੂ" ਮਾਵਾਂ-ਪਿਓਆਂ, ਭਰਾਵਾਂ-ਭੈਣਾਂ ਨੂੰ ਹੀ ਜਹਾਂਗੀਰੀ ਸਿਆਸਤ ਦੇ ਸਮੇਂ ਤੋਂ ਹੀ ਹੌਲੀ ਹੌਲੀ, ਵਧ ਵਧ ਕੇ ਦੁਸ਼ਮਣ ਬਣਾਅ ਕੇ ਵਿਖਾਅ ਦਿੱਤਾ ਗਿਆ - ਅਤੇ ਅੰਨ੍ਹੀ ਕਤਲੋਗ਼ਾਰਤ ਦਾ ਅੰਨ੍ਹਾ ਹੋਇਆ ਦੌਰ ਚੱਲਿਆ।

ਅੱਜ ਮੀਡੀਆ ਨੇ ਸਭ ਵਿਖਾਅ ਦਿੱਤਾ ਹੈ ਕਿ ਸੰਸਾਰ ਪੱਧਰ ਉੱਤੇ ਓਸੇ ਜਾਬਰ-ਫ਼ਲਸਫ਼ੇ ਨਾਲ ਕਿਸ ਕਿਸ ਤਰ੍ਹਾਂ ਇੱਕ ਔਖੀ ਜੰਗ ਲੜੀ ਜਾ ਰਹੀ ਹੈ। ਤਾਂ ਗੁਰੂ ਸਾਹਿਬ ਦੇ ਨਾਮਲੇਵਾ ਅੱਜ ਕਿਹੜੇ ਪਾਸੇ ਹਨ? ਜਿਨ੍ਹਾਂ ਆਖਿਆ ਸੀ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ —ਸੰ.

"ਮਸ਼ੀਨਾਂ ਸਭ ਜਾਣਦੀਆਂ ਹਨ ਪਰ ਪਰਵਾਹ ਨਹੀਂ ਕਰਦੀਆਂ"

ਪੂਨਮ ਸਿੰਘ

ਇਨਸਾਨਾਂ ਨੂੰ ਔਨਲਾਈਨ ਸਮਝ-ਮਾਪ ਕੇ ਉਨ੍ਹਾਂ ਨੂੰ ਉਨ੍ਹਾਂ ਦੀ ਕਾਮਯਾਬੀ ਲਈ ਤਿਆਰ ਕਰਦੇ ਨਾਮਵਰ ਅਦਾਰੇ erep.com ਦੇ ਮੁੱਖ ਬੁਲਾਰੇ Steve Williamson ਨੇ ਉੱਪਰ ਲਿਖੀ ਗੱਲ ਕਿਹੀ ਹੈ।

ਉਨ੍ਹਾਂ ਦਾ ਗ਼ੌਰ ਕਰਨਯੋਗ ਲੇਖ ਇੱਕ ਸਰਲਤਾ ਅਤੇ ਕਾਮਯਾਬੀ ਨਾਲ AI ਅਤੇ ਇਨਸਾਨਾਂ ਦੇ ਭਵਿੱਖੀ ਰਿਸ਼ਤੇ ਬਾਰੇ ਹੋਸ਼ਿਆਰ ਕਰ ਰਿਹਾ ਹੈ-

ਇਹ ਠੀਕ ਹੈ ਕਿ AI ਕਿਸੇ ਵੀ ਇਨਸਾਨ ਨਾਲੋਂ ਤੇਜ਼ੀ ਨਾਲ ਫ਼ੈਸਲੇ ਕਰ ਸਕਦੀ ਹੈ, ਪਰ ਕੀ ਉਸਨੂੰ ਇਹ ਫ਼ੈਸਲੇ ਕਰਨ ਦੇਣੇ ਚਾਹੀਦੇ ਹਨ? ਗੱਲ ਇਹ ਹੈ ਕਿ ਮਸ਼ੀਨਾਂ ਨੂੰ ਸਭ ਕੁਝ ਪਤਾ ਹੋ ਸਕਦਾ ਹੈ ਪਰ ਫੇਰ ਕਿਸੇ ਚੀਜ਼ ਦੀ ਪਰਵਾਹ ਵੀ ਤਾਂ ਨਹੀਂ ਨਾ ਹੁੰਦੀ ਉਨ੍ਹਾਂ ਨੂੰ।

ਸੁਆਲ ਇਹ ਨਹੀਂ ਹੈ ਕਿ ਉਹ ਕੀ ਕੀ ਕਰ ਸਕਦੀਆਂ ਹਨ ਸਗੋਂ ਇਹ ਹੈ ਕਿ ਸਾਨੂੰ ਉਨ੍ਹਾਂ ਨੂੰ ਕਿਹੜੀ ਅਤੇ ਕਿੰਨੀ ਇਜਾਜ਼ਤ ਦੇਣੀ ਚਾਹੀਦੀ ਹੈ।

"ਕਿਸੇ ਕੰਪਿਊਟਰ ਨੂੰ ਕਦੇ ਵੀ ਕੋਈ ਇੰਤਜ਼ਾਮੀ ਫ਼ੈਸਲਾ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਕਿਉਂਕਿ ਉਸਦੀ ਜਵਾਬਦੇਹੀ ਤਾਂ ਕੋਈ ਵੀ ਨਹੀਂ ਹੁੰਦੀ।"

IBM ਦਾ ਅੰਦਰੂਨੀ ਸਿਖਲਾਈ ਦਸਤਾਵੇਜ਼, 1979, ਇਹ ਕਹਿੰਦਾ ਹੈ।

ਓਦੋਂ ਭਾਵੇਂ ਕਿਸੇ ਨਿੱਕੇ ਘਰ ਜਿੱਡੇ ਜਿੱਡੇ ਕੰਪਿਊਟਰ ਹੁੰਦੇ ਸਨ ਅਤੇ "ਬਨਾਉਟੀ ਬੁੱਧੀਮਾਨੀ" ਯਾਨੀ AI ਬੱਸ ਇੱਕ ਖ਼ਿਆਲੀ ਪੁਲਾਅ ਹੁੰਦਾ ਸੀ, ਫੇਰ ਵੀ ਇਹ ਖ਼ਬਰਦਾਰੀ ਅੱਜ ਵੀ ਕੰਮ ਦੀ ਹੈ, ਸਗੋਂ ਅੱਜ ਤਾਂ ਬਹੁਤੀ ਹੀ ਕੰਮ ਦੀ ਹੈ।

ਕਿਉਂਕਿ ਬੁੱਧੀਮਾਨੀ ਅਤੇ ਜਵਾਬਦੇਹੀ ਇੱਕੋ ਚੀਜ਼ ਨਹੀਂ ਹੁੰਦੀ! ਇਹ ਗੱਲ ਅਜੇ ਅਸੀਂ ਚੰਗੀ ਤਰ੍ਹਾਂ ਸਮਝਣੀ ਹੈ।

ਵੇਖੋ, ਕੰਪਿਊਟਰ ਜੋੜ-ਘਟਾਉ ਕਰ ਸਕਦਾ ਹੈ, ਵੱਧ ਤੋਂ ਵੱਧ ਕੀ ਨਤੀਜਾ ਨਿੱਕਲੇਗਾ ਇਹ ਦੱਸ ਸਕਦਾ ਹੁੰਦਾ ਹੈ, ਸਿਫ਼ਾਰਿਸ਼ ਕਰ ਸਕਦਾ ਹੈ। ਇਹ ਸਿੱਖ ਵੀ ਸਕਦਾ ਹੈ- ਪਰ ਇਹ ਪਰਵਾਹ ਨਹੀਂ ਕਰ ਸਕਦਾ।

ਸਭ ਕੁਝ ਮਸ਼ੀਨੀ ਢੰਗ ਨਾਲ ਸਹੀ ਚਲਾਅ ਸਕਦਾ ਹੈ, ਪਰ ਅਖ਼ਲਾਕੀ-ਸਦਾਚਾਰਕ ਪੱਖ ਤੋਂ ਇਹ ਨਹੀਂ ਦੱਸ ਸਕਦਾ ਕਿ ਕਿਸ ਨੂੰ ਨੌਕਰੀ ਦਿੱਤੀ ਗਈ ਹੈ, ਕਿਸ ਨੂੰ ਕਿਉਂ ਨਹੀਂ ਦਿੱਤੀ ਗਈ, ਕਿਸ ਦੇ ਦਿਲ ਨੂੰ ਸੱਟ ਵੱਜੀ ਹੈ। ਇਹ ਸਭ ਉਸ ਇਨਸਾਨ ਨੇ ਸੋਚਣਾ ਹੁੰਦਾ ਹੈ ਜੋ ਉਹ ਢਾਂਚਾ ਘੜਦਾ ਜਾਂ ਚਲਾਉਂਦਾ ਹੈ। ਸੰਦ ਨਤੀਜੇ ਦਾ ਨਹੀਂ ਹੈ ਮਾਲਿਕ, ਇਨਸਾਨ ਮਾਲਿਕ ਹੈ ਨਤੀਜੇ ਦਾ।

ਜੇ ਤੁਸੀਂ ਕੰਪਿਊਟਰ ਦੇ ਦਿੱਤੇ ਨਤੀਜੇ ਨੂੰ ਬਿਨ ਸੋਚੇ ਵਿਚਾਰੇ ਲਾਗੂ ਕਰ ਲਿਆ, ਤਾਂ ਤੁਸੀਂ ਇੱਕ ਲੀਕ ਪਾਰ ਕਰ ਲਈ ਹੋਏਗੀ ਅਤੇ ਜ਼ਿੰਮੇਵਾਰੀ ਛੱਡ ਰਹੇ ਹੋਵੋਗੇ।

ਕੰਪਿਊਟਰ ਨੂੰ ਗੁਨਾਹ-ਅਹਿਸਾਸ ਜਾਂ ਆਪਣੇ ਉੱਤੇ ਸ਼ਰਮ ਨਹੀਂ ਆਉਂਦੀ। ਇਸ ਦਾ ਦਿਲ ਆਪਣੇ ਫ਼ੈਸਲੇ ਦੇ ਸਮਾਜਕ ਤੌਰ 'ਤੇ ਸਹੀ ਗ਼ਲਤ ਹੋਣ ਬਾਰੇ ਘਊਂ ਘਊਂ ਨਹੀਂ ਕਰਦਾ। ਇਹ ਸਾਝਰੇ 3 ਵਜੇ ਉੱਠ ਉੱਠ ਨਹੀਂ ਬੈਠਦਾ। ਇਹ ਫ਼ਰਕ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਜਵਾਬਦੇਹੀ ਤੋਂ ਬਿਨਾ ਫ਼ੈਸਲੇ ਦਾ ਮਤਲਬ ਇਹ ਹੋਵੇਗਾ ਕਿ ਗਣਿਤ ਹੀ ਟਾਈ ਲਾ ਕੇ ਬੈਠਾ ਹੋਇਆ ਹੈ।

IBM ਦੇ ਉਨ੍ਹਾਂ ਇੰਜੀਨੀਅਰਾਂ ਨੇ ਜਦੋਂ ਦਹਾਕਿਆਂ ਪਹਿਲਾਂ ਇਹ ਗੱਲ ਲਿਖੀ ਸੀ ਤਾਂ ਉਹ ਮਸ਼ੀਨਾਂ ਦੇ ਡਰ ਵਿੱਚੋਂ ਨਹੀਂ ਸੀ ਲਿਖੀ- ਇਨਸਾਨੀਅਤ ਲਈ ਕਦਰ ਵਿੱਚੋਂ ਲਿਖੀ ਸੀ।

ਇਹ ਸੌਖਾ ਲੱਗ ਸਕਦਾ ਹੈ ਕਿ ਕੰਪਿਊਟਰ ਨੂੰ ਫ਼ੈਸਲਾ ਕਰ ਲੈਣ ਦਿਓ ਕਿ ਕਿਸ ਨੂੰ ਕਰਜ਼ੇ, ਪਰੋਲ, ਤਰੱਕੀਆਂ ਦੇਣੀਆਂ ਹਨ, ਕਿਸ ਨੂੰ ਨਹੀਂ, ਮਿਸਾਲ ਦੀ ਤੌਰ 'ਤੇ। ਕਿ ਇਹ ਤਾਂ ਨਿਰਪੱਖ ਹੋ ਕੇ ਕੰਮ ਕਰਦਾ ਹੈ- ਪਰ ਇਹ ਨਿਰਪੱਖਤਾ ਇੱਕ ਘੜਿਆ ਹੋਇਆ ਭੁਲੇਖਾ ਹੈ, ਕਿਉਂਕਿ ਢਾਂਚਾ ਓਸੇ ਤਰ੍ਹਾਂ ਫ਼ੈਸਲਾ ਦਏਗਾ ਜਿਸ ਤਰ੍ਹਾਂ ਦੀਆਂ ਕਿ ਕਦਰਾਂ ਕੀਮਤਾਂ, ਤਰਜੀਹਾਂ ਅਤੇ ਘਿਰਣਾਵਾਂ ਹੈ ਸਨ ਉਸਨੂੰ ਡਿਜ਼ਾਈਨ ਕਰਨ ਵਾਲਿਆਂ ਦੀਆਂ।

ਦੂਜੇ ਪਾਸੇ, ਇਹ ਸੱਚ ਹੈ ਕਿ ਮਸ਼ੀਨਾਂ ਨੇ ਇਨਸਾਨੀਅਤ ਨੂੰ ਬਹੁਤ ਵੱਡਾ ਫ਼ਾਇਦਾ ਦਿੱਤਾ ਹੈ। ਬਣਾਵਟੀ ਬੁੱਧੀਮਾਨੀ, ਖ਼ਾਸਕਰ, ਬਹੁਤ ਹੀ ਹੈਰਾਨ ਕਰ ਦੇਣ ਵਾਲੀ ਸਮਰੱਥਾ ਰੱਖਦੀ ਹੈ। ਸਹੀ ਚਲਾਈ ਜਾਏ, ਤਾਂ ਇਹ ਖੋਜਾਂ ਤੇਜ਼ ਕਰ ਸਕਦੀ ਹੈ (ਸੈਂਕੜੇ ਸਾਲਾਂ ਦੀ ਖੋਜ ਸਕਿੰਟਾਂ ਵਿਚ ਕਰਦੀ -ਸੰ.) , ਸਾਡੀ ਫ਼ੈਸਲਾ ਕਰਨ ਦੀ ਸ਼ਕਤੀ ਨੂੰ ਤਿੱਖਾ ਕਰ ਸਕਦੀ ਹੈ, ਅਤੇ ਲੋਕਾਂ ਨੂੰ ਓਸੇ ਓਸੇ ਕੰਮ ਨੂੰ ਹੀ ਰੋਜ਼ ਕਰੀ ਜਾਣ ਤੋਂ ਨਿਜਾਤ ਦੁਆ ਕੇ ਉਨ੍ਹਾਂ ਦੇ ਹੱਥ ਵਿਚ ਉਹ ਸਮਾਂ ਦੇ ਸਕਦੀ ਹੈ ਕਿ ਜਿਸ ਸਦਕਾ ਉਹ ਉਸ ਉੱਤੇ ਧਿਆਨ ਲਾ ਸਕਣ ਜੋ ਸਿਰਫ਼ ਇਨਸਾਨ ਕਰ ਸਕਦੇ ਹਨ- ਖ਼ਿਆਲ-ਤਸੱਵਰ, ਹਮਦਰਦੀ, ਸਿਰਜਣਾ। ਵੇਖੋ, AI, ਇੱਕ ਹਜ਼ਾਰ ਮੈਡੀਕਲ ਅਧਿਐਨਾਂ ਨੂੰ ਅੱਧੇ ਕੁ ਦਿਨ ਵਿਚ ਤੁਹਾਨੂੰ ਸੰਖੇਪ ਕਰ ਕੇ ਦੇ ਸਕਦੀ ਹੁੰਦੀ ਹੈ, ਜਾਂ ਕਿਸੇ ਬਿਮਾਰੀ ਦੇ ਫੈਲਾਅ ਬਾਰੇ ਇਨਸਾਨਾਂ ਦੀ ਕਿਸੇ ਵੀ ਟੀਮ ਨਾਲੋਂ ਛੇਤੀ ਦੱਸ ਸਕਦੀ ਹੁੰਦੀ ਹੈ। ਊਰਜਾ, ਸਮੱਗਰੀ ਅਤੇ ਜ਼ਿੰਦਗੀਆਂ ਵੀ ਬਚਾਉਣ ਦੀਆਂ ਸੁੱਘੜ ਜੁਗਤਾਂ ਦੇ ਸਕਦੀ ਹੁੰਦੀ ਹੈ। ਇਹ ਬਹੁਤ ਹੀ ਵੱਡੀਆਂ ਚੀਜ਼ਾਂ ਹੁੰਦੀਆਂ ਹਨ।

ਮੁੱਕਦੀ ਗੱਲ, ਸਿਆਣਪ ਨਾਲ ਵਰਤਿਆਂ, AI, ਬਜਾਇ ਇਨਸਾਨੀ ਕਾਬਲੀਅਤ ਦੀ ਹੀ ਥਾਂ ਲੈ ਲੈਣ ਦੇ, ਇਸ ਨੂੰ ਬਹੁਤ ਬਹੁਤ ਵਧਾਅ ਸਕਦੀ ਹੈ। ਸੋਚ ਵਿਚਾਰ ਲਈ ਸਾਡਾ ਖੇਤਰ ਵਧਾਅ ਦਿੰਦੀ ਹੈ, ਬਿਹਤਰ ਅੰਕੜੇ ਦਿੰਦੀ ਹੈ। ਪਰ ਇਸਦਾ ਇਹ ਮਤਲਬ ਨਹੀਂ ਕਿ ਅਸੀਂ ਉਨ੍ਹਾਂ ਫ਼ੈਸਲਿਆਂ ਨੂੰ ਆਪ ਕਰਨ ਦੀ ਲੋੜ ਤੋਂ ਵਿਹਲੇ ਹੋ ਗਏ ਹਾਂ। ਸਹੀ ਹੱਥਾਂ ਵਿਚ ਇਹ ਇੱਕ ਭਾਈਵਾਲ ਹੈ, ਗਲਤ ਹੱਥਾਂ ਵਿਚ ਇਹ ਇਖ਼ਲਾਕੀ-ਸਦਾਚਾਰਕ ਕੋਸ਼ਿਸ਼ਾਂ ਤੋਂ ਘੇਸ ਮਾਰਨ ਲਈ ਪਰੌਕਸੀ ਹੈ। ਹਰ ਸੰਦ ਵਾਂਗ ਇਸਦੀ ਅਸਲ ਕੀਮਤ ਇਸ ਵਿਚ ਹੈ ਕਿ ਇਸਨੂੰ ਵਰਤਣ ਵਾਲੇ ਦਾ ਇਰਾਦਾ ਕੀ ਹੈ।

AI ਵਰਗੇ ਸੰਦ ਸਾਨੂੰ ਬਿਹਤਰ ਲੋਕ ਨਹੀਂ ਬਣਾਉਂਦੇ, ਇਹ ਸਿਰਫ਼ ਸਾਨੂੰ ਸਾਡੇ ਪਹਿਲਾਂ ਹੀ ਮੌਜੂਦ ਰੂਪ ਦਾ ਵੱਡਾ ਹੋਇਆ ਹੋਇਆ ਰੂਪ ਬਣਾਅ ਦਿੰਦੇ ਹਨ।

ਇੱਕ ਸਿਆਣਾ ਸਮਾਜ AI ਨੂੰ ਇਨਸਾਨਾਂ ਅਤੇ ਹਰ ਜਿਊਂਦੀ ਚੀਜ਼ ਦੀ ਸਾਂਭ-ਕਦਰ ਕਰਨ, ਸਿਰਜਣਸ਼ੀਲਤਾ ਅਤੇ ਇਨਸਾਫ਼ ਨੂੰ ਵਧਾਉਣ ਲਈ ਵਰਤੇਗਾ। ਇੱਕ ਬੇਪਰਵਾਹ ਸਮਾਜ AI ਨੂੰ ਕੰਪਿਊਟਰੋਂ ਕੱਢੇ ਕਾਗ਼ਜ਼ਾਂ ਪਿੱਛੇ ਜਾ ਲੁਕਣ ਅਤੇ ਓਸੇ ਨੂੰ ਤਰੱਕੀ ਆਖਣ ਲਈ ਵਰਤੇਗਾ।

ਯਾਨੀ IBM ਦੀ ਆਖੀ ਸਿਆਣੀ ਗੱਲ ਸਾਦੀ ਸਰਲ ਹੈ, ਤਕਰੀਬਨ ਪੁਰਾਤਨ: ਜਵਾਬਦੇਹੀ ਦਾ ਮਸ਼ੀਨੀਕਰਨ ਨਹੀਂ ਹੋ ਸਕਦਾ।

ਬੁੱਧੀਮਾਨੀ ਬਣਾਈ ਜਾ ਸਕਦੀ ਹੈ, ਪਰ ਫ਼ੈਸਲਾ ਤਾਂ ਜਿਊਣਾ ਪੈਂਦਾ ਹੈ। ਕਿਸੇ ਸੰਦ ਦਾ ਇਖ਼ਲਾਕੀ-ਸਦਾਚਾਰਕ ਦਿਸਹੱਦਾ ਹਮੇਸ਼ਾ ਓਹੀ ਹੁੰਦਾ ਹੈ ਜੋ ਉਸਨੂੰ ਬਨਾਉਣ ਵਾਲੇ ਦਾ ਹੈ। ਭਾਵੇਂ ਅਸੀਂ ਕਿਸੇ ਹਥੌੜੇ ਦੀ ਗੱਲ ਕਰੀਏ, ਕਿਸੇ ਹਥਿਆਰ ਦੀ, ਜਾਂ AI ਦੀ, ਜ਼ਿੰਮੇਵਾਰੀ ਓਸੇ ਦੀ ਹੈ ਜਿਸ ਦਾ ਹੱਥ ਇਸਨੂੰ ਵਰਤੇ।

ਤਕਨਾਲੋਜੀ ਦਾ ਭਵਿੱਖ ਇੱਥੋਂ ਨਹੀਂ ਤੈਅ ਹੋਣਾ ਕਿ ਸਾਡੀਆਂ ਮਸ਼ੀਨਾਂ ਕਿੰਨੀਆਂ ਚੁਸਤ-ਸੁੱਘੜ ਹੋ ਜਾਣਗੀਆਂ। ਇਹ ਇਸ ਤੋਂ ਤੈਅ ਹੋਣਾ ਹੈ ਕਿ ਜੋ ਕੁਝ ਇਹ ਸਾਡੇ ਨਾਂ 'ਤੇ ਕਰਨਗੀਆਂ, ਕੀ ਸਾਡੀ ਉਸ ਬਾਰੇ ਜ਼ਿੰਮੇਵਾਰੀ ਲੈਣ ਦੀ ਮਰਜ਼ੀ ਕਾਇਮ ਰਹੇਗੀ ਕਿ ਨਹੀਂ।

ਪ੍ਰੀਤ ਲੜੀ

THE OLDEST
LITERARY
PUNJABI MAGAZINE
IN THE WORLD

ਅੰਕ # 12
ਕੁਲ ਅੰਕ 937
ਦਸੰਬਰ 2025
ਸਾਲ 92ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐੱਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੋਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on Instagram

facebook.com/groups/preetlari

email: preetlarhi@gmail.com

youtube: @preetlaripreetnagar

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"

ਮੁੱਖ ਸਫ਼ਾ: ਨਵੋਦਯਾ ਸਕੂਲ ਭੀਲੋਵਾਲ ਦੇ ਬੱਚਿਆਂ ਪੰਜਾਬ ਬਾਰੇ ਆਪੋ ਆਪਣੀਆਂ ਸਭ ਤੋਂ ਪਿਆਰੀਆਂ ਚੀਜ਼ਾਂ ਵਾਹੀਆਂ। ਟੋਯੋਟਾ ਫ਼ਾਊਂਡੇਸ਼ਨ ਵੱਲੋਂ ਚਲਾਏ "ਡੋਰ ਟੂ ਏਸ਼ੀਆ" ਪ੍ਰਾਜੈਕਟ ਤਹਿਤ। ਜਾਪਾਨੀ ਕਲਾਕਾਰ ਅਯੂਮੀ ਸੂਜ਼ੂਕੀ ਵੱਲੋਂ ਬਣਾਏ ਕੋਲਾਜ ਦਾ ਨਿੱਕਾ ਜਿਹਾ ਹਿੱਸਾ।

ਸੰਪਾਦਕਾ, ਪ੍ਰੀਤ ਲੜੀ

ਸ ਸੰਪਾਦਕੀ
ਭ ਭਖਦਾ
ਕਾਂ ਕਵਿਤਾ
ਨਾ ਨਾਟਕ

ਕ ਕਹਾਣੀ
ਯ ਯਾਦ
ਜ ਜਾਣਕਾਰੀ
ਹ ਹਾਸ ਰਸ

ਦ ਦਾਰ ਜੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ
ਮੁ ਮੁਲਾਕਾਤ

ਬ ਬਾਲਾਂ ਲਈ
ਹੁੰ ਹੁੰਗਾਰੇ
E English Matter

02 ਖ ਗੁਰੂ ਤੇਗ ਬਹਾਦੁਰ ਦੇ 350ਵੇਂ ਜਨਮ ਦਿਹਾੜੇ ਉੱਤੇ..
03 ਸ "ਮਸ਼ੀਨਾਂ ਸਭ ਜਾਣਦੀਆਂ ਹਨ ਪਰ ਪਰਵਾਹ ਨਹੀਂ ਕਰਦੀਆਂ" ਪੂਨਮ ਸਿੰਘ
37 ਦ ਬਲੋਚਸਤਾਨ ਦੀਆਂ ਛੇ ਯਾਦਾਂ ਗੁਰਬਖ਼ਸ਼ ਸਿੰਘ
07 ਕ ਹਿੰਦੋਸਤਾਨ ਛੋੜ ਦੋ ਇਸਮਤ ਚੁਗ਼ਤਾਈ
15 ਕ ਕੋਟ ਤੇ ਮਨੁੱਖ – 100ਵਾਂ ਜਨਮ ਦਿਨ ਨਵਤੇਜ ਸਿੰਘ
29 ਭ ਕੁੱਲੀਆਂ 'ਚ ਦਗ਼ਦੇ ਲਾਲ ਗੁਰਬਚਨ ਜਗਤ
36 ਖ ਹਾੱਕੀ ਦੇ 100ਵੇਂ ਸਾਲ 'ਤੇ ਇਕਬਾਲ ਸਿੰਘ ਸਰੋਆ
20 ਕ ਉਜਾਗਰ ਸਿੰਘ ਜ਼ਲੀਲ ਹੋਣੋਂ ਬਚ ਗਿਆ ਅਵਤਾਰ ਐੱਸ ਸੰਘਾ

06 ਕਾਂ ਰੱਬ ਦੇ ਕਣ ਹਿੰਦੀ ਕਵਿਤਾਵਾਂ ਜੈਪਾਲ
24 ਕਾਂ ਸੂਰਮਾ ਕਦੇ ਇਕੱਲਾ ਨਹੀਂ ਹੁੰਦਾ ਗੁਰਭਜਨ ਗਿੱਲ
31 ਕਾਂ ਰੂਮੀ ਦੇ ਉਸਤਾਦ ਅੱਤਰ ਦੀ ਲਿਖਤ

23 ਯ ਇਲਾਕਾ ਬੋਲਦਾ ਹੈ ਰੱਤੀ ਕੰਤ ਸਿੰਘ
38 ਯ ਸਰਵਣ ਪਾਪਾ ਭੁਪਿੰਦਰ ਸਿੰਘ ਪੰਛੀ
40 ਖ ਉਹ ਪ੍ਰਿੰਸੀਪਲ ਜੋ ਮੇਰੇ ਲਈ ਪ੍ਰੇਰਣਾ ਹਨ – ਵਿਜੈ ਗਰਗ!
ਐਸ ਪੀ ਸਿੰਘ
41 ਜ ਯੂਟਿਊਬ: 21ਵੀਂ ਸਦੀ ਦਾ ਨਵਾਂ ਕਰੀਅਰ ਵਿਜੈ ਗਰਗ
43 ਜ "ਪੁਸ਼-ਅੱਪ ਮੈਨ ਆਫ਼ ਪੰਜਾਬ"– ਕੁੰਵਰ ਅੰਮ੍ਰਿਤਬੀਰ ਸਿੰਘ
ਜੇ .ਐੱਸ. ਮਹਿਰਾ
51 ਖ "ਅੱਜ ਸਕੂਲ ਕਿਵੇਂ ਸੀ?" ਪੁੱਛਣ ਦੇ 7 ਤਰੀਕੇ

25-28 ਨਿੱਕਿਆਂ ਦੀ ਨੁੱਕਰ

33 ਲ ਉਹ ਜਿਊਂਦੀ ਏ -28 ਅੰਗ੍ਰੇਜ਼ੀ ਕਿਤਾਬ (2018)
(ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) ਡਾ. ਉਮਾ ਤ੍ਰਿਲੋਕ
32 ਲ ਰੇਡੀਓ ਦੀਆਂ ਯਾਦਾਂ -22 ਦੇਵਿੰਦਰ ਮਹਿੰਦਰੂ
42 ਲ ਜਦੋਂ ਕਲਰਕ ਬਾਦਸ਼ਾਹ ਨੇ ਸਿੱਖਿਆ ਮੰਤਰੀ ਨੂੰ ਟਿੱਚ ਜਾਣਿਆ
ਬਲਰਾਜ ਸਿੰਘ ਸਿੱਧੂ ਏਡੀਜੀ (ਰਿਟ.)
43 ਲ ਪੂਰਕ ਸੋਫ਼ੀ ਦਾ ਸੰਸਾਰ – ਯੌਸਤੀਨ ਗਾਰਦਰ

47 E Out of Africa
the book, the film- the story behind it
"The Inspireist"
49 E COMPARISON INHIBITS GROWTH
50 E DEMENTIA DOES NOT START WITH ....
50 E TRAVEL IS NOT ESCAPISM....
50 E AGEING COMES FROM REPETITION
@psychologyfocus

ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

ਰੱਬ ਦੇ ਕਣ

ਜੈਪਾਲ ਦੀਆਂ ਕਵਿਤਾਵਾਂ

ਇਹ ਗੱਲ ਤਾਂ ਸਾਰੇ ਜਾਣਦੇ ਹਨ
ਕਿ ਈਸ਼ਵਰ ਕਣ-ਕਣ 'ਚ ਹੁੰਦਾ ਹੈ
ਪਰ ਉਹ ਕਣ ਕਿੱਥੇ ਹੁੰਦਾ ਹੈ
ਕਿਸੇ ਨੂੰ ਨਹੀਂ ਪਤਾ
ਇਹਦੇ ਲਈ
ਅਜੇ ਹੋਰ ਖ਼ੂਨ ਵਹਾਉਣਾ ਪਏਗਾ
ਬਸਤੀਆਂ ਸਾੜਨੀਆਂ ਪੈਣਗੀਆਂ
ਘਰਾਂ 'ਤੇ ਚਲਾਉਣੇ ਪੈਣੇ ਬੁਲਡੋਜ਼ਰ
ਇਨਸਾਨੀਅਤ ਕਰਨੀ ਪੈਣੀ ਦਫ਼ਨ
ਕੁਝ ਮੁਲਕਾਂ ਤਬਾਹ ਕਰਨਾ ਪੈਣੇ
ਜਦੋਂ ਕੁਝ ਨਾ ਬਚੇਗਾ
ਓਦੋਂ ਜਾ ਕੇ ਲੱਭੇਗਾ ਈਸ਼ਵਰ
ਅਤੇ ਉਹ ਕਣ ਵੀ
ਜਿਨ੍ਹਾਂ ਵਿਚ ਈਸ਼ਵਰ ਵਸਦਾ ਹੈ।

ਮਾਣ

ਚੰਗੀ ਗੱਲ ਨਹੀਂ ਹੈ
ਆਪਣੇ ਗੁਆਂਢੀ ਨੂੰ ਮਾਰ ਦੇਣਾ
ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਸੀ
ਮੰਨਦਾ ਵੀ ਸੀ
ਪਰ ਇਨ੍ਹੀਂ ਦਿਨੀਂ
ਮੈਂ ਆਪਣੇ ਧਰਮ ਅਤੇ ਜਾਤ 'ਤੇ
ਬਹੁਤ ਜ਼ਿਆਦਾ ਮਾਣ ਮਹਿਸੂਸ
ਕਰ ਰਿਹਾ ਸੀ
ਮਾਣ ਦਾ ਏਨਾ ਡੂੰਘਾ ਅਹਿਸਾਸ
ਮੈਨੂੰ ਅੱਜ ਤੋਂ ਪਹਿਲਾਂ
ਕਦੇ ਮਹਿਸੂਸ ਨਹੀਂ ਹੋਇਆ
ਮਾਣ ਕਰਦੇ ਕਰਦੇ
ਇੱਕ ਦਿਨ ਮੇਰਾ ਗੁਆਂਢੀ
ਮੇਰੇ ਹੀ ਹੱਥੋਂ ਮਾਰਿਆ ਗਿਆ
ਭੀੜ ਨੇ ਉਸਦਾ ਘਰ ਸਾੜ ਦਿੱਤਾ
ਸ਼ਰਮ ਨਹੀਂ ਆਈ!
-ਮਾਂ ਨੇ ਸੁਆਲ ਕੀਤਾ
ਸ਼ਰਮ ਕਿਸ ਗੱਲ ਦੀ!
-ਮੈਂ ਮਾਣ ਨਾਲ ਕਿਹਾ।

ਧਰਮ ਅਤੇ ਭਗਵਾਨ

ਮੈਂ ਆਪਣੇ ਧਰਮ ਦੇ ਨਾਅਰੇ ਲਾਏ
ਉਸ ਨੇ ਆਪਣੇ ਦਰਮ ਦੇ
ਮੈਂ ਆਪਣੇ ਰੱਬ ਦਾ ਝੰਡਾ ਚੁੱਕਿਆ
ਉਸਨੇ ਆਪਣੇ ਰੱਬ ਦਾ
ਗੱਲ ਵਧਦੀ ਹੀ ਚਲੀ ਗਈ
ਓਥੇ ਹੀ ਪਹੁੰਚ ਗਈ
ਜਿੱਥੇ ਅਕਸਰ ਪੁੱਜਦੀ ਹੈ
ਉਹ ਵੀ ਮਾਰਿਆ ਗਿਆ
ਮੈਂ ਵੀ ਮਾਰਿਆ ਗਿਆ
ਘਰ ਉਸਦਾ ਵੀ ਗਿਆ
ਘਰ ਮੇਰਾ ਵੀ ਗਿਆ
ਬੜੀ ਮੁਸ਼ਕਲ ਨਾਲ ਬਚਾਏ ਅਸੀਂ
ਆਪਣੇ ਧਰਮ ਅਤੇ ਭਗਵਾਨ

ਅਮਰ ਹੋਏ ਤਾਨਾਸ਼ਾਹ

ਅਸੀਂ ਧਰਮ-ਗ੍ਰੰਥਾਂ ਨੂੰ
ਸਿਰ 'ਤੇ ਚੁੱਕੀ ਘੁੰਮਦੇ ਰਹੇ
ਧਰਮ-ਗੁਰੀਆਂ ਦੇ ਪੈਰ ਧੋਂਦੇ ਰਹੇ
ਰਾਜਿਆਂ ਲਈ ਯੁੱਧ ਲੜਦੇ ਰਹੇ
ਸ਼ਹੀਦ ਹੁੰਦੇ ਰਹੇ
ਤੇ ਇੱਜ਼ਤ ਪਾਉਂਦੇ ਰਹੇ
ਬੱਸ ਏਸ ਤਰ੍ਹਾਂ ਅਸੀਂ ਮਰੇ
ਅਮਰ ਹੋਏ ਤਾਨਾਸ਼ਾਹ

ਸੁਰਗ ਦਾ ਰਾਹ

ਸਿਰ ਬੈਠ ਗਏ ਧਰਮ-ਗ੍ਰੰਥ
ਛਾਤੀ 'ਤੇ ਬਹਿ ਗਿਆ ਈਸ਼ਵਰ
ਅੱਖਾਂ 'ਤੇ ਬਿਠਾਏ ਧਰਮ ਗੁਰੂ
ਹੱਥ ਬੱਝ ਗਏ ਪ੍ਰਾਰਥਣਾ ਵਿਚ
ਲਹੂਲੁਹਾਨ ਪੈਰਾਂ ਦੇ ਨਾਲ
ਢਿੱਢ ਘੁੱਟ ਕੇ
ਮਰੀ ਹੋਈ ਆਤਮਾ ਲੈ ਕੇ
ਅਸੀਂ ਚੱਲਦੇ ਰਹੇ
ਉਨ੍ਹਾਂ ਰਸਤਿਆਂ 'ਤੇ
ਜੋ ਸਾਨੂੰ ਨਰਕ ਵਿਚ ਲੈ ਗਏ
ਸੁਰਗ ਦਾ ਵਾਸਤਾ ਦੇ ਕੇ

ਹਾਸੇ ਹਾਸੇ ਵਿਚ

ਮੁਸਲਮਾਨ ਮਾਰਿਆ ਗਿਆ
ਹਿੰਦੂ ਹੱਸਦਾ ਰਿਹਾ
ਹਿੰਦੂ ਮਾਰਿਆ ਗਿਆ
ਮੁਸਲਮਾਨ ਹੱਸਦਾ ਰਿਹਾ
ਹਾਸੇ-ਹਾਸੇ ਵਿਚ ਦੋਏ ਮਾਰੇ ਗਏ
ਅਸੀਂ

ਉਹ ਆਦਮੀ ਨੂੰ ਅਛੂਤ ਕਹਿੰਦਾ ਹੈ
ਅਤੇ
ਅਸੀਂ ਉਸਨੂੰ ਸਰਵ-ਉੱਚ ਕਹਿੰਦੇ ਹਾਂ।

ਪਹਿਲੀ ਵਾਰ

ਏਸ ਵਾਰ ਨਹੀਂ ਆਖ ਸਕਿਆ ਉਹ
-ਅਛੂਤ, ਸੂਦਰ ਜਾਂ
ਜਾਤ-ਦੱਸਦਾ ਸ਼ਬਦ ਕੋਈ !
ਹਿੰਮਤ ਹੀ ਨਾ ਹੋਈ



ਏਸ ਤਰ੍ਹਾਂ ਦਾ ਕੁਝ ਆਖਣ ਦੀ
ਮਨ ਮਸੋਸ ਕੇ ਰਹਿ ਗਿਆ
ਅੱਜ ਪਹਿਲੀ ਵਾਰ
ਉਸਦੀ ਹਿੰਮਤ ਟੁੱਟੀ

ਪਰਦੂਸ਼ਣ

ਬੋਲੀ, ਭਾਸ਼ਾ ਅਤੇ ਸਾਹਿੱਤ
ਸਭਿਅਤਾ, ਸੰਸਕ੍ਰਿਤੀ ਅਤੇ
ਇਤਿਹਾਸ
ਇਹ ਸੱਚ ਹੈ
ਕਿ ਇੱਕ ਵਹਿੰਦੀ ਨਦੀ ਹਨ
ਪਰ ਇਹ ਵੀ ਸੱਚ ਹੈ
ਕਿ ਇਹ ਵਹਿੰਦੀ ਨਦੀ ਹੁਣ
ਮੈਲੀ ਹੋ ਰਹੀ ਹੈ
ਰਾਜਨੀਤਕ ਪ੍ਰਦੂਸ਼ਣ ਨਾਲ।

ਲੱਕੜਬੱਘਾ (ਵਿੱਚੋ ਅੰਸ਼)

ਮੇਰੀ ਮਾਂ ਕਹਿੰਦੀ ਹੈ
ਇਸ ਨਾਲੋਂ ਤਾਂ ਪਿੰਡ ਦਾ ਲੱਕੜਬੱਘਾ
ਹੀ ਚੰਗਾ ਸੀ
ਕਿਸੇ ਦੀ ਜਾਤ-ਧਰਮ ਤਾਂ ਨਹੀਂ
ਵੇਖਦਾ ਸੀ
ਬਜ਼ਾਰਾਂ ਵਿਚ ਲੁੱਟ ਤਾਂ ਨਹੀਂ ਸੀ
ਮਚਾਉਂਦਾ
ਬਸਤੀਆਂ ਦੀ ਹੋਲੀ ਤਾਂ ਨਹੀਂ ਸੀ
ਬਾਲਦਾ
ਚੁਰਾਹੇ 'ਤੇ ਬਲਾਤਕਾਰ ਤਾਂ ਨਹੀਂ ਸੀ
ਕਰਦਾ
ਭੀੜ ਵੇਖਦਾ ਸੀ ਤਾਂ ਭੱਜ ਜਾਂਦਾ ਸੀ
ਘੱਟੋ ਘੱਟ ਡਰ ਤਾਂ ਸੀ ਉਸ ਵਿਚ
ਗੁਨਾਹ ਦਾ ਅਹਿਸਾਸ ਵੀ ਸੀ ਉਸ ਵਿਚ
ਮਾਰ ਖਾਣ ਤੋਂ ਬਾਅਦ
ਖੇਤਾਂ ਵਿਚ ਲੁਕ ਜਾਂਦਾ ਸੀ

ਅਨੁ: ਪੂਨਮ ਸਿੰਘ

ਪਾਠਕ ਮੰਚ ਹਿੰਦੀ ਲੇਖਕਾਂ ਦਾ ਵ੍ਹੱਟਸਐਪ ਗਰੁੱਪ

ਹਿੰਦੋਸਤਾਨ ਛੋੜ ਦੋ

ਇਸਮਤ ਚੁਗ਼ਤਾਈ

ਅਨੁ: ਪੂਨਮ ਸਿੰਘ

21 ਅਗਸਤ 1915 ਜਾਂ 1911- 24 ਅਕਤੂਬਰ 1991 ਜਨਮ: ਉੱਤਰ ਪ੍ਰਦੇਸ਼ ਦੇ ਬਦਾਯੂੰ ਵਿਚ। ਮੌਤ ਬੌਂਬੇ (ਹੁਣ ਮੁੰਬਈ) ਵਿਚ। ਉਰਦੂ ਸਾਹਿਤ ਦੇ ''ਚਾਰ ਥੰਮ੍ਹਾਂ'' ਵਿੱਚੋਂ ਇੱਕ- ਮੰਟੋ, ਰਾਜਿੰਦਰ ਸਿੰਘ ਬੇਦੀ, ਅਤੇ ਕ੍ਰਿਸ਼ਣ ਚੰਦਰ ਦੇ ਨਾਲ। ਖ਼ਾਨ ਬਹਾਦੁਰ ਮਿਰਜ਼ਾ ਕ਼ਾਸਿਮ ਬੇਗ ਚੁਗ਼ਤਾਈ , ਸਿਵਿਲ ਸਰਵੈਂਟ, ਦੇ 10 ਬੱਚਿਆਂ ਵਿੱਚੋਂ ਨੌਵੇਂ ਨੰਬਰ 'ਤੇ। ਆਗਰਾ, ਅਲੀਗੜ੍ਹ, ਜੋਧਪੁਰ ਸਮੇਤ ਕਈ ਸ਼ਹਿਰਾਂ ਵਿਚ ਰਹੇ। ਸਖ਼ਤ ਸਮਾਜਕ ਬੰਧਨਾਂ ਵਾਲਾ ਘਰਬਾਰ ਸੀ, ਤੀਵੀਆਂ ਲਈ ਬਹੁਤ ਘੱਟ ਅਜ਼ਾਦੀਆਂ ਵਾਲਾ। ਮੁੱਖ ਤੌਰ 'ਤੇ ਆਯਾ ਅਤੇ ਵੱਡੀ ਭੈਣ ਵੱਲੋਂ ਪਾਲਿਆ ਗਿਆ ਪਰ ਸਾਥੀ ਮੁੱਖ ਤੌਰ 'ਤੇ ਭਰਾ ਸਨ, ਉਨ੍ਹਾਂ ਨਾਲ ਦ੍ਰਖ਼ਤ ਚੜ੍ਹਨੇ, ਸਾਈਕਲ ਚਲਾਉਣਾ, ਗੁੱਲੀ ਡੰਡਾ, ਫ਼ੁੱਟਬਾੱਲ ਵਗੈਰਾ ਹੀ ਖੇਡਣਾ। ਵੱਡੇ ਭਰਾ ਦੀ ਮਦਦ ਨਾਲ, ਜੋ ਆਪ ਵੀ ਲੇਖਕ ਬਣੇ, ਕਾਲਜ ਅਤੇ ਯੂਨੀਵਰਸਿਟੀ ਪੜ੍ਹੇ। ਤਰੱਕੀਪਸੰਦ ਲਹਿਰ ਵਿਚ ਸ਼ਾਮਲ ਹੋਏ ਜਿਸ ਵਿਚ ਮੁਨਸ਼ੀ ਪ੍ਰੇਮ ਚੰਦ ਅਤੇ ਫ਼ੈਜ਼ ਵਰਗੇ ਸਨ। ਇਸ ਲਹਿਰ ਨੇ ਕੱਟੜਤਾ ਵਾਲੀਆਂ ਲਿਖਤਾਂ ਦੇ ਉਲਟ ਦਰਵਾਜ਼ਾ ਖੋਲ੍ਹਿਆ, ਨਵੀਨਤਾ ਦਾ ਰਾਹ ਵਿਖਾਇਆ। ਚੇਖੋਵ, ਟੌਲਸਟੌਇ, ਮੁਪਾਸਾਂ ਅਤੇ ਬਰਨਾੱਰਡ ਸ਼ਾੱਅ ਜਿਹੇ ਪੱਛਮੀ ਸਾਹਿਤ ਦੇ ਮਹਾਂਰਥੀਆਂ ਦੀਆਂ ਲਿਖਤਾਂ ਦਾ ਡੂੰਘਾ ਅਸਰ ਲਿਆ। ਕੁਫ਼ਰ ਆਖ ਕੇ ਉਸ ਦੀਆਂ ਨਾਰੀਮੁਖੀ ਸਮਾਜ-ਬਦਲੂ ਰਚਨਾਵਾਂ ਉੱਤੇ ਮੁਕੱਦਮੇ ਵੀ ਹੋਏ।

''**ਸਾਹਬ** ਮਰ ਗਿਆ,'' ਜਯੰਤ ਰਾਮ ਨੇ ਬਜ਼ਾਰੋਂ ਲਿਆਂਦੇ ਸੌਦੇ ਦੇ ਨਾਲ ਇਹ ਖ਼ਬਰ ਲਿਆ ਕੇ ਦਿੱਤੀ...

''ਸਾਹਬ? ਕਿਹੜਾ ਸਾਹਬ?''

''ਉਹ ਕਾਂਟਰੀਆ ਸਾਹਬ ਸੀ ਨਾ।''

''ਓ ਕਾਣਾ ਸਾਹਬ, ਜੈਕਸਨ ''ਚੁਚੁਚ... ਵਿਚਾਰਾ।''

ਮੈਂ ਖਿੜਕੀ 'ਚੋਂ ਦੀ ਝਾਕ ਕੇ ਵੇਖਿਆ। ਕਾਈ ਲੱਗੀ, ਪੁਰਾਣੀ, ਥਾਂ ਥਾਂ ਤੋਂ ਬੋੜੀ ਬੱਤੀਸੀ ਵਾਂਗ ਢਹਿੰਦੀ ਜਾਂਦੀ ਕੰਧ ਦੇ ਓਸ ਪਾਰ ਉੱਧੜੇ ਹੋਏ ਸੀਮੰਟ ਦੇ ਚਬੂਤਰੇ 'ਤੇ ਸੱਖੂ ਬਾਈ ਪੈਰ ਪਸਾਰੀ ਬੈਠੀ ਮਰਹੱਟੀ ਬੋਲੀ ਵਿਚ ਵੈਣ ਪਾ ਰਹੀ ਸੀ। ਉਹਦੇ ਕੋਲ ਪੱਟੂ ਕੱਠਾ ਹੋਇਆ ਬੈਠਾ ਹਟਕੋਰੇ ਲੈ ਲੈ ਰੋ ਰਿਹਾ ਸੀ। ਪੱਟੂ ਯਾਨੀ ਪੀਟਰ, ਕਾਲੇ ਗੋਰੇ ਮੇਲ ਦਾ ਵਿਰਲਾ ਲੱਭਦਾ ਨਮੂਨਾ, ਉਸਦੀਆਂ ਅੱਖਾਂ ਜੈਕਸਨ ਸਾਹਬ ਵਾਂਗ ਨੀਲੀਆਂ ਅਤੇ ਵਾਲ ਭੂਰੇ ਸਨ। ਰੰਗ ਕਣਕਵੰਨਾ ਸੀ ਜੋ ਧੁੱਪ ਵਿਚ ਸੜ ਕੇ ਬਿਲਕੁਲ ਤਾਂਬੇ ਵਰਗਾ ਹੋ ਗਿਆ ਸੀ।

ਏਸੇ ਖਿੜਕੀ ਵਿੱਚੋਂ ਦੀ ਮੈਂ ਕਈ ਵਰ੍ਹਿਆਂ ਤੋਂ ਇਸ ਅਜੀਬ ਓ ਗ਼ਰੀਬ ਟੱਬਰ ਨੂੰ ਵੇਖਦੀ ਆਈ ਹਾਂ। ਇੱਥੇ ਹੀ ਬਹਿ ਕੇ ਮੇਰੀ ਜੈਕਸਨ ਨਾਲ ਪਹਿਲੀ ਵਾਰ ਗੱਲਬਾਤ ਸ਼ੁਰੂ ਹੋਈ ਸੀ। ਸੰਨ ਬਿਆਲੀ ਦਾ ''ਹਿੰਦੂਸਤਾਨ ਛੋੜ ਦੋ'' ਦਾ ਰੌਲਾ ਜ਼ੋਰਾਂ 'ਤੇ ਸੀ। ਗ੍ਰਾਂਟ ਰੋਡ ਤੋਂ ਦਾਦਰ ਤੱਕ ਦਾ ਸਫ਼ਰ ਮੁਲਕ ਦੀ ਬੇਚੈਨੀ ਦਾ ਇੱਕ ਸਖੇਪ ਪਰ ਜਾਨਦਾਰ ਨਮੂਨਾ ਸਾਬਤ ਹੋਇਆ ਸੀ। ਲਮਿੰਗਟਨ ਰੋਡ ਦੇ ਨਾਲੇ 'ਤੇ ਇੱਕ ਵੱਡੀ ਧੂਣੀ ਬਲ਼ ਰਹੀ ਸੀ। ਜਿਸ ਵਿਚ ਰਾਹ ਜਾਂਦਿਆਂ ਦੀਆਂ ਟਾਈਆਂ, ਹੈਟ ਅਤੇ ਕਦੇ ਮੂਡ ਆ ਜਾਂਦਾ ਤਾਂ ਪਤਲੂਨਾਂ ਲੁਹਾਅ ਕੇ ਸਾੜੀਆਂ ਜਾ ਰਹੀਆਂ ਸਨ। ਸੀਨ ਕੁਝ ਬਚਕਾਨਾ ਸਹੀ ਪਰ ਦਿਲਚਸਪ ਸੀ। ਲੱਛੇਦਾਰ ਟਾਈਆਂ, ਨਵੇਂ ਫ਼ੈਸ਼ਨਵਾਲੇ ਹੈਟ, ਇਸਤਰੀ ਕੀਤੀਆਂ ਪਤਲੂਨਾਂ ਬੜੀ ਬੇਦਰਦੀ ਨਾਲ ਅੱਗ ਵਿਚ ਝੋਕੀਆਂ ਜਾ ਰਹੀਆਂ ਸਨ। ਪਾਟੇ ਚੀਥੜੇ ਪਹਿਨੀਂ ਅੱਗ-ਲਾਵੇ ਨਵੇਂ ਨਵੇਂ ਕੱਪੜਿਆਂ ਨੂੰ ਵਾਹਵਾ ਨਿਰਉਚੇਚ ਨਾਲ ਅੱਗ ਵਿਚ ਝੋਕ ਰਹੇ ਸਨ। ਇੱਕ ਪਲ ਲਈ ਵੀ ਕਿਸੇ ਦੇ ਦਿਲ ਵਿਚ ਇਹ ਖ਼ਿਆਲ ਨਹੀਂ ਆ ਰਿਹਾ ਸੀ ਕਿ ਨਵੀਂ ਗੇਬਰਡੀਨ ਦੀ ਪਤਲੂਨ ਨੂੰ ਅੱਗ ਦੇ ਮੂੰਹ ਵਿੱਚ ਝੋਕਣ ਦੀ ਥਾਂ ਆਪਣੀਆਂ ਨੰਗੀਆਂ ਕਾਲੀਆਂ ਲੱਤਾਂ 'ਤੇ ਹੀ ਚੜ੍ਹਾਅ ਲਵੇ।

ਏਨੇ ਵਿਚ ਮਿਲਟਰੀ ਟ੍ਰੱਕ ਆ ਗਿਆ ਸੀ ਜਿਸ ਵਿਚ ਲਾਲ ਭਬੂਕਾ ਥੂਥੀਆਂ ਵਾਲੇ ਗੋਰੇ ਹੱਥਾਂ ਵਿਚ ਮਸ਼ੀਨ ਗੱਨਾਂ ਸੰਭਾਲੀ ਇੱਕ ਤੋਂ ਬਾਅਦ ਇੱਕ ਧੜ ਧੜ ਕਰਦੇ ਛਾਲਾਂ ਮਾਰਨ ਲੱਗੇ। ਮਜਮਾ ਝੱਟ ਪੱਟ ਫੁੱਰ ਹੋ ਕੇ ਪਤਾ ਨਹੀਂ ਕਿੱਥੇ ਉੱਡ ਗਿਆ ਸੀ। ਮੈਂ ਇਹ ਤਮਾਸ਼ਾ ਮਿਉਨਿਸਿਪਲ ਦਫ਼ਤਰ ਦੀ ਸੁਰੱਖਿਅਤ ਥਾਂ ਤੋਂ ਵੇਖਿਆ ਸੀ ਅਤੇ ਮਸ਼ੀਨ ਗੱਨਾਂ ਵੇਖ ਕੇ ਮੈਂ ਛੇਤੀ ਛੇਤੀ ਆਪਣੇ ਦਫ਼ਤਰ ਵਿਚ ਵੜ ਗਈ ਸੀ।

ਰੇਲ ਦੇ ਡੱਬਿਆਂ ਵਿਚ ਵੀ ਅਫ਼ਰਾ ਤਫ਼ਰੀ ਮਚੀ ਹੋਈ ਸੀ। ਬੰਬਈ ਸੈਂਟ੍ਰਲ ਤੋਂ ਜਦੋਂ ਰੇਲ ਚੱਲੀ ਸੀ ਤਾਂ ਡੱਬੇ ਦੀਆਂ ਅੱਠ ਸੀਟਾਂ ਵਿੱਚੋਂ ਸਿਰਫ਼ ਤਿੰਨ ਸਲਾਮਤ ਸਨ। ਲੋਅਰ ਪਰੇਲ ਆਉਣ ਤੱਕ ਉਹ ਤਿੰਨੇਂ ਵੀ ਪੁੱਟ ਕੇ ਖਿੜਕੀਆਂ ਤੋਂ ਬਾਹਰ ਸੁੱਟ ਦਿੱਤੀਆਂ ਗਈਆਂ। ਅਤੇ ਮੈਂ ਸਾਰਾ ਰਾਹ ਖਲੋਤੀ ਦਾਦਰ ਆਈ। ਮੈਨੂੰ ਉਨ੍ਹਾਂ ਛੋਕਰਿਆਂ ਉੱਤੇ ਜ਼ਰਾ ਵੀ ਗੁੱਸਾ ਨਹੀਂ ਆ ਰਿਹਾ ਸੀ। ਇਓਂ ਲੱਗ ਰਿਹਾ ਸੀ ਕਿ ਇਹ ਸਾਰੀਆਂ ਰੇਲਾਂ, ਇਹ ਟਾਈਆਂ, ਪਤਲੂਨਾਂ ਸਾਡੀਆਂ ਨਹੀਂ ਦੁਸ਼ਮਣ ਦੀਆਂ ਹਨ। ਉਨ੍ਹਾਂ ਦੇ ਨਾਲ ਅਸੀਂ ਦੁਸ਼ਮਣ ਨੂੰ ਵੀ ਭੁੰਨ ਰਹੇ ਹਾਂ। ਚੁੱਕ ਕੇ ਸੁੱਟ ਰਹੇ ਹਾਂ। ਮੇਰੇ ਘਰ ਦੇ ਨੇੜੇ ਹੀ ਸੜਕ ਦੇ ਵਿੱਚ ਵਿਚਾਲੇ ਟ੍ਰੈਫ਼ਿਕ ਰੋਕਣ ਵਾਸਤੇ ਇੱਕ ਦ੍ਰਖ਼ਤ ਦਾ ਲੰਬਾ ਜਿਹਾ ਤਣਾ ਸੜਕ 'ਤੇ ਲੰਮਾ ਪਾ ਉਸ ਉੱਤੇ ਪਰਦਾ ਪਾ ਕੂੜ ਕਬਾੜ ਦੀ ਚੰਗੀ ਖ਼ਾਸੀ ਕੰਧ ਖਲ੍ਹਾਰ ਦਿੱਤੀ ਗਈ ਸੀ। ਮੈਂ ਬੜੀ ਮੁਸ਼ਕਲ ਉਸ ਨੂੰ ਟੱਪ ਕੇ ਆਪਣੇ ਫ਼ਲੈਟ ਦੇ ਦਰਵਾਜ਼ੇ ਤੱਕ ਪਹੁੰਚੀ ਹੀ ਸੀ ਕਿ ਮਿਲਟਰੀ

ਦਾ ਟ੍ਰੱਕ ਖਲੋਅ ਗਿਆ। ਉਸ ਵਿੱਚੋਂ ਜਿਹੜਾ ਪਹਿਲਾ ਗੋਰਾ ਮਸ਼ੀਨ ਗੱਨ ਫੜੀ ਧੜੰਮ ਕਰਦਾ ਕੁੱਦਿਆ ਸੀ ਉਹ ਜੈਕਸਨ ਸਾਹਬ ਹੀ ਸੀ। ਟ੍ਰੱਕ ਦੇ ਆਉਣ ਦੀ ਖ਼ਬਰ ਸੁਣਦਿਆਂ ਹੀ ਸੜਕ ’ਤੇ ਰੋਕ ਬੰਨ੍ਹਣ ਵਾਲਾ ਏਧਰ ਓਧਰ ਬਿਲਡਿੰਗਾਂ ਨਾਲ ਚੰਬੜ ਗਿਆ ਸੀ।

ਮੇਰਾ ਫ਼ਲੈਟ ਕਿਉਂਕਿ ਸਭ ਤੋਂ ਹੇਠਲੀ ਮੰਜ਼ਲ ’ਤੇ ਸੀ, ਸੋ ਬਹੁਤੇ ਛੋਕਰੇ ਇੱਕ ਦਮ ਆਈ ਲਹਿਰ ਵਾਂਗ ਆ ਵੜੇ। ਕੁਝ ਰਸੋਈ ਵਿਚ ਜਾ ਵੜੇ। ਕੁਝ ਗੁਸਲਖਾਨੇ ਵਿਚ ਅਤੇ ਸੰਡਾਸ ਵਿਚ ਦੁਬਕ ਗਏ।
ਕਿਉਂਕਿ ਮੇਰਾ ਦਰਵਾਜ਼ਾ ਖੁੱਲ੍ਹਾ ਸੀ ਏਸ ਲਈ ਜੈਕਸਨ ਦੋ ਹਥਿਆਰਬੰਦ ਗੋਰਿਆਂ ਨਾਲ ਮੇਰੀ ਜਵਾਬਤਲਬੀ ਕਰਨ ਲਈ ਅੱਗੇ ਆਇਆ।

“ਤੇਰੇ ਘਰ ਵਿਚ ਬਦਮਾਸ਼ ਲੁਕੇ ਹਨ, ਉਨ੍ਹਾਂ ਨੂੰ ਸਾਡੇ ਹਵਾਲੇ ਕਰ ਦੇ।”
“ਮੇਰੇ ਘਰ ਵਿਚ ਤਾਂ ਕੋਈ ਨਹੀਂ। ਸਿਰਫ਼ ਮੇਰੇ ਨੌਕਰ ਹਨ,” ਮੈਂ ਬੜੀ ਲਾਪਰਵਾਹੀ ਨਾਲ ਕਿਹਾ।
“ਕੌਣ ਹਨ ਤੇਰੇ ਨੌਕਰ?”
“ਇਹ ਤਿੰਨੇਂ...” ਮੈਂ ਤਿੰਨ ਛੋਕਰਿਆਂ ਵੱਲ ਇਸ਼ਾਰਾ ਕੀਤਾ ਜਿਹੜੇ ਭਾਂਡੇ ਇੱਧਰੋਂ ਓਧਰ ਕਰ ਰਹੇ ਸਨ।
“ਇਹ ਗੁਸਲਖ਼ਾਨੇ ਵਿਚ ਕੌਣ ਹੈ?”
“ਮੇਰੀ ਸੱਸ ਨਹਾਅ ਰਹੀ ਹੈ,” ਕਹਿੰਦਿਆਂ ਹੋਇਆਂ ਖ਼ਿਆਲ ਆਇਆ ਕਿ ਮੇਰੀ ਸੱਸ ਪਤਾ ਨਹੀਂ ਏਸ ਵੇਲੇ ਕਿੱਥੇ ਹੋਏਗੀ।
“ਅਤੇ ਪਖ਼ਾਨੇ ਵਿਚ,” ਉਸਦੇ ਚਿਹਰੇ ‘ਤੇ ਕੁਝ ਸ਼ਰਾਰਤ ਦੀ ਝਪਕੀ ਆਈ।
“ਮੇਰੀ ਮਾਂ ਹੋਏਗੀ ਜਾਂ ਸ਼ਾਇਦ ਭੈਣ ਹੋਵੇ। ਮੈਨੂੰ ਕੀ ਪਤਾ ਮੈਂ ਤਾਂ ਹੁਣੇ ਹੁਣੇ ਬਾਹਰੋਂ ਆਈ ਹਾਂ।”
“ਫੇਰ ਤੈਨੂੰ ਕਿਵੇਂ ਪਤਾ ਲੱਗਾ ਗੁਸਲਖ਼ਾਨੇ ਵਿਚ ਤੇਰੀ ਸੱਸ ਹੈ?”
“ਮੈਂ ਅੰਦਰ ਵੜੀ ਸੀ ਤਾਂ ਉਨ੍ਹਾਂ ਨੇ ਅਵਾਜ਼ ਮਾਰ ਕੇ ਮੈਥੋਂ ਤੌਲੀਆਂ ਮੰਗਿਆ ਸੀ।”
“ਹੂੰਅ... ਅੱਛਾ। ਆਪਣੀ ਸੱਸ ਨੂੰ ਕਹਿ ਦੇ ਸੜਕ ਰੋਕਣਾ ਜੁਰਮ ਹੈ,” ਉਸ ਨੇ ਨੀਵੀਂ ਅਵਾਜ਼ ਵਿਚ ਕਿਹਾ ਅਤੇ ਆਪਣੇ ਸਾਥੀਆਂ ਨੂੰ ਜਿਨ੍ਹਾਂ ਨੂੰ ਉਹ ਬਾਹਰ ਖਲ੍ਹਾਰ ਆਇਆ ਸੀ ਵਾਪਸ ਟ੍ਰੱਕ ਵਿਚ ਜਾਣ ਨੂੰ ਕਿਹਾ।
“ਹੂੰਅ.. ਹੂੰਅ ਹੂੰਅ।” ਉਹ ਧੌਣ ਹਿਲਾਉਂਦਾ ਹਲਕਾ ਹਲਕਾ ਮੁਸਕ੍ਰਾਂਦਾ ਹੋਇਆ ਚਲਾ ਗਿਆ। ਉਸਦੀਆਂ ਅੱਖਾਂ ਵਿਚ ਅਰਥ-ਵਾਲੇ ਜੁਗਨੂੰ ਚਮਕ ਰਹੇ ਸਨ।

ਜੈਕਸਨ ਦਾ ਬੰਗਲਾ ਮੇਰੇ ਬੰਗਲੇ ਦੀ ਚਾਰਦੀਵਾਰੀ ਨਾਲ ਲੱਗਦੀ ਜ਼ਮੀਨ ‘ਤੇ ਸੀ। ਪੱਛਮੀ ਪਾਸੇ ਸਮੁੰਦਰ ਸੀ। ਉਸਦੀ ਮੇਮਸਾਹਬ ਦੋ ਬੱਚਿਆਂ ਨਾਲ ਏਸ ਵੇਲੇ ਹਿੰਦੋਸਤਾਨ ਆਈ ਹੋਈ ਸੀ। ਵੱਡੀ ਕੁੜੀ ਜਵਾਨ ਸੀ ਅਤੇ ਨਿੱਕੀ ਬਾਰਾਂ ਤੇਰਾਂ ਵਰ੍ਹਿਆਂ ਦੀ। ਮੇਮਸਾਹਬ ਸਿਰਫ਼ ਛੁੱਟੀਆਂ ਵਿਚ ਕੁਝ ਦਿਨ ਹਿੰਦੋਸਤਾਨ ਆ ਜਾਂਦੀ ਸੀ। ਉਸਦੇ ਆਉਂਦਿਆਂ ਹੀ ਬੰਗਲੇ ਦਾ ਹੁਲੀਆ ਹੀ ਬਦਲ ਜਾਂਦਾ ਹੁੰਦਾ ਸੀ। ਨੌਕਰ ਚੁਸਤ ਦਰੁੱਸਤ ਹੋ ਜਾਂਦੇ। ਅੰਦਰ ਬਾਹਰ ਪੁਤਾਈ ਕੀਤੀ ਜਾਂਦੀ। ਬਾਗ਼ ਵਿਚ ਨਵੇਂ ਗਮਲੇ ਲਿਆਂਦੇ ਜਾਂਦੇ, ਮੇਮ ਸਾਹਬ ਦੇ ਜਾਂਦਿਆਂ ਹੀ ਜਿਨ੍ਹਾਂ ਨੂੰ ਆਂਢ ਗੁਆਂਢ ਦੇ ਲੋਕ ਚੁਰਾਉਣਾ ਸ਼ੁਰੂ ਕਰ ਦਿੰਦੇ। ਕੁਝ ਕੁ ਮਾਲੀ ਬੇਚ ਛੱਡਦਾ ਅਤੇ ਜਦੋਂ ਮੁੜ ਮੇਮ ਸਾਹਬ ਦੇ ਆਉਣ ਦਾ ਹੋ ਹੱਲਾ ਮਚਦਾ ਤਾਂ ਸਾਹਬ ਮੁੜ ਵਿਕਟੋਰੀਆ ਗਾਰਡਨ ਤੋਂ ਗਮਲੇ ਚੁਕਵਾਅ ਲਿਆਉਂਦਾ। ਜਿੰਨੇ ਦਿਨ ਮੇਮ ਸਾਹਬ ਰਹਿੰਦੀ ਨੌਕਰ ਵਰਦੀ ਵਿਚ ਦਿਸਦੇ, ਸਾਹਬ ਵੀ ਯੂਨੀਫ਼ਾਰਮ ਪਹਿਨੀ ਰੱਖਦਾ ਜਾਂ ਬਹੁਤ ਹੀ ਆਲ੍ਹਾ ਡ੍ਰੈਸਿੰਗ ਗਾਊਨ ਪਹਿਨੀ ਸਾਫ਼ ਸੁਥਰੇ ਕੁੱਤਿਆਂ ਨਾਲ ਲੱਾਨ ਅਤੇ ਕਿਆਰੀਆਂ ਦਾ ਬਿਲਕੁਲ ਏਸ ਤਰ੍ਹਾਂ ਮੁਆਇਅਨਾ ਕਰਦਾ ਫਿਰਦਾ ਜਿਵੇਂ ਉਹ ਸੌ ਫ਼ੀ ਸਦ ਯਾਨੀ ਸਚਮੁਚ ਸਾਹਬ ਲੋਕਾਂ ਵਿਚੋਂ ਹੈ। ਪਰ ਮੇਮ ਸਾਹਬ ਦੇ ਜਾਂਦਿਆਂ ਹੀ ਉਹ ਸਕੂਨ ਦਾ ਸਾਹ ਲੈ ਦਫ਼ਤਰ ਜਾਂਦਾ। ਡਿਊਟੀ ਤੋਂ ਬਾਅਦ ਨਿੱਕਰ ਅਤੇ ਬਨੈਣ ਪਹਿਨੀਂ ਚਬੂਤਰੇ ‘ਤੇ ਕੁਰਸੀ ਡਾਹ ਕੇ ਬੀਅਰ ਪੀਂਦਾ ਹੁੰਦਾ, ਉਸ ਦਾ ਡ੍ਰੈਸਿੰਗ ਗਾਊਨ ਸ਼ਾਇਦ ਉਸ ਦਾ ਬੈਰਾ ਚੋਰੀਓਂ ਲੈ ਜਾਂਦਾ। ਕੁੱਤੇ ਤਾਂ ਮੇਮ ਸਾਹਬ ਦੇ ਨਾਲ ਹੀ ਚਲੇ ਜਾਂਦੇ। ਦੋ ਚਾਰ ਦੇਸੀ ਕੁੱਤੇ ਬੰਗਲੇ ਨੂੰ ਯਤੀਮ ਸਮਝ ਕੇ ਉਸਦੇ ਲੱਾਅਨ ਵਿਚ ਡੇਰਾ ਲਾ ਲੈਂਦੇ।

ਮੇਮ ਸਾਹਬ ਜਿੰਨੇ ਦਿਨ ਰਹਿੰਦੀ ਡਿਨਰ ਪਾਰਟੀਆਂ ਦਾ ਜ਼ੋਰ ਰਹਿੰਦਾ। ਅਤੇ ਉਹ ਸਵੇਰੇ ਸਵੇਰੇ ਹੀ ਪੰਚਮ ਸੁਰ ਵਿਚ ਆਪਣੀ ਆਯਾ ਨੂੰ ’ਵਾਜ ਮਾਰਦੀ.....“ਆਯਾ, ਊ ਦੂਦ!”
“ਜੀ ਮੇਮ ਸਾਹਬ।” ਆਯਾ ਉਸ ਦੀ ਅਵਾਜ਼ ‘ਤੇ ਤੜਪ ਕੇ ਭੱਜਦੀ। ਪਰ ਜਦੋਂ ਮੇਮ ਸਾਹਬ ਚਲੀ ਜਾਂਦੀ ਤਾਂ ਲੋਕਾਂ ਦਾ ਕਹਿਣਾ ਸੀ ਕਿ ਆਯਾ ਬੇਗਮ ਬਣ ਬੈਠੀ ਸੀ। ਉਹ ਉਸਦੀ ਗ਼ੈਰ ਹਾਜ਼ਰੀ ਵਿਚ ਇਵਜ਼ੀ ਭੁਗਤਾਉਂਦੀ ਹੁੰਦੀ ਸੀ। ਫ਼ਲੋਮਿਣਾ ਅਤੇ ਪੱਟੂ ਉਰਫ਼ ਪੀਟਰ ਇਸੇ ਕੰਮ-ਚਲਾਊ ਆਪਾ-ਵਾਰਨ ਦੇ ਪੱਕੇ ਸਬੂਤ ਸਨ।
ਕੁਝ ਹਿੰਦੋਸਤਾਨ ਛੋੜ ਦੋ ਦਾ ਰੌਲ਼ਾ ਗੌਲ਼ਾ ਅਤੇ ਅਤੇ ਕੁਝ ਮੇਮ ਸਾਹਬ ਅੱਕ ਗਈ ਸੀ ਇਸ ਗੰਦੇ ਪਿਚਪਿਚਾਉਂਦੇ ਮੁਲਕ ਅਤੇ ਇਸਦੇ ਵਾਸੀਆਂ ਤੋਂ। ਏਸ ਲਈ ਉਹ ਛੇਤੀ ਹੀ ਵਤਨ ਸਿਧਾਰ ਗਈ। ਓਨ੍ਹੀਂ ਦਿਨੀਂ ਮੇਰੀ ਮੁਲਾਕਾਤ ਜੈਕਸਨ ਨਾਲ ਇਸੇ ਖਿੜਕੀ ਰਾਹੀਂ ਹੋਈ।
“ਤੁਮਹਾਰਾ ਸਾਸ ਨਹਾਅ ਚੁਕਾ?” ਉਸ ਬੰਬਈਆ ਜ਼ੁਬਾਨ ਵਿਚ ਨੀਚਤਾ ਨਾਲ ਮੁਸਕ੍ਰਾਅ ਕੇ ਪੁੱਛਿਆ।
“ਹਾਂ ਸਾਹਬ.. ਨਹਾਅ ਚੁੱਕਿਆ.. ਖ਼ੂਨ ਨਾਲ ਨਹਾਤਾ ਉਹ।” ਮੈਂ ਤਲਖ਼ੀ ਨਾਲ ਕਿਹਾ। ਚੌਦਾਂ ਚੌਦਾਂ ਸਾਲਾਂ ਦੇ ਕੁਝ ਕੁ ਬੱਚੇ ਕੁਝ ਹੀ ਦਿਨ ਪਹਿਲਾਂ, ਹਰੀ ਨਿਵਾਸ ਉੱਤੇ ਜਦੋਂ ਗੋਲੀ ਚੱਲੀ ਸੀ, ਓਸ ਵਿਚ ਮਾਰੇ ਗਏ ਸਨ। ਮੈਨੂੰ ਯਕੀਨ ਸੀ ਕਿ ਉਨ੍ਹਾਂ ਵਿਚ ਕੁਝ ਓਹੀ ਬੱਚੇ ਹੋਣਗੇ ਜਿਹੜੇ ਓਸ ਦਿਨ ਜਦੋਂ ਮਿਲਟਰੀ ਦਾ ਟ੍ਰੱਕ ਆ ਗਿਆ ਸੀ ਤਾਂ ਮੇਰੇ ਘਰ ਲੁਕ ਗਏ ਸਨ। ਮੈਨੂੰ ਸਾਹਬ ਤੋਂ ਘਿਣ ਆਉਣ ਲੱਗ ਪਈ ਸੀ। ਬ੍ਰਿਟਿਸ਼ ਸਮਾਜ ਦਾ ਜਿਊਂਦਾ ਜਾਗਦਾ ਹਥਿਆਰ ਮੇਰੇ ਸਾਹਮਣੇ ਖਲੋਤਾ ਉਨ੍ਹਾਂ ਬੇਗੁਨਾਹਾਂ ਦੇ ਖ਼ੂਨ ਦਾ ਮਖ਼ੌਲ ਉਡਾਅ ਰਿਹਾ ਸੀ ਜਿਹੜੇ ਓਸ

ਦੇ ਹੱਥੋਂ ਮਾਰੇ ਗਏ ਸਨ। ਮੇਰਾ ਜੀਅ ਕੀਤਾ ਉਸ ਦਾ ਮੂੰਹ ਖੋਹ ਦਿਆਂ! ਉਸਦੀ ਕਿਹੜੀ ਅੱਖ ਸ਼ੀਸ਼ੇ ਦੀ ਸੀ, ਇਹ ਅੰਦਾਜ਼ਾ ਲਾਉਣਾ ਮੇਰੇ ਲਈ ਮੁਸ਼ਕਲ ਸੀ ਕਿਉਂਕਿ ਉਹ ਸ਼ੀਸ਼ੇ ਵਾਲੀ ਅੱਖ ਵਲਾਇਤੀ ਸੀ, ਚਲਾਕੀ ਦਾ ਆਲ੍ਹਾ ਨਮੂਨਾ ਸੀ। ਉਸ ਵਿਚ ਸਾਰੀ ਜੈਕਸਨ ਦੀ ਚਿੱਟੀ ਕੌਮ ਦੀ ਚਾਲਬਾਜ਼ੀ ਭਰੀ ਹੋਈ ਸੀ। ਉਚੇਰੇ ਹੋਣ ਦਾ ਪਖੰਡ ਦੋਹਾਂ ਹੀ ਅੱਖਾਂ ਵਿਚ ਭਰਿਆ ਹੋਇਆ ਸੀ। ਮੈਂ ਜ਼ੋਰਦਾਰ ਅਵਾਜ਼ ਨਾਲ ਖਿੜਕੀ ਦੇ ਪਟ ਬੰਦ ਕਰ ਦਿੱਤੇ।

ਮੈਨੂੰ ਸੱਖੂ ਬਾਈ 'ਤੇ ਗੁੱਸਾ ਆਉਂਦਾ ਸੀ। ਸੂਅਰ ਦੀ ਬੱਚੀ ਚਿੱਟੀ ਕੌਮ ਦੇ ਜ਼ਲੀਲ ਕੁੱਤੇ ਦੀ ਭਿੱਜੀ ਬੁਰਕੀ ਬਣੀ ਹੋਈ ਸੀ। ਕੀ ਆਪ ਓਸ ਦੇ ਮੁਲਕ ਵਿਚ ਕੋੜ੍ਹੀਆਂ ਅਤੇ ਹਰਾਮਜ਼ਾਦਿਆਂ ਦੀ ਘਾਟ ਸੀ, ਜਿਹੜੀ ਉਹ ਮੁਲਕ ਦੀ ਗ਼ੈਰਤ ਦੀ ਨੀਲਾਮੀ 'ਤੇ ਤੁਲ ਗਈ ਸੀ। ਜੈਕਸਨ ਰੋਜ਼ ਰੋਜ਼ ਸ਼ਰਾਬ ਪੀ ਕੇ ਉਸ ਨੂੰ ਕੁਟਾਪਾ ਚਾੜ੍ਹਦਾ।

ਮੁਲਕ ਵਿਚ ਵੱਡੇ ਵੱਡੇ ਮਾਅਰਕੇ ਮਾਰੇ ਜਾ ਰਹੇ ਸਨ। ਚਿੱਟੇ ਹਾਕਮ ਬੱਸ ਕੁਝ ਦਿਨਾਂ ਦੇ ਮਹਿਮਾਨ ਸਨ।

'ਬੱਸ ਹੁਣ ਚਲੋ ਚਲੀ ਹੈ ਇਨ੍ਹਾਂ ਦੀ ਹਕੂਮਤ ਦੀ,'' ਕੁਝ ਲੋਕ ਕਹਿੰਦੇ।

''ਭਾਈ ਇਹ ਸ਼ੇਖ਼ ਚਿੱਲੀ ਦੇ ਸੁਫ਼ਨੇ ਹਨ। ਇਨ੍ਹਾਂ ਨੂੰ ਕੱਢਣਾ ਮਖ਼ੌਲ ਨਹੀਂ।'' ਦੂਜੇ ਲੋਕ ਕਹਿੰਦੇ। ਅਤੇ ਮੈਂ ਮੁਲਕ ਦੇ ਆਗੂਆਂ ਦੇ ਲੰਮੇ ਚੌੜੇ ਭਾਸ਼ਣ ਸੁਣ ਕੇ ਸੋਚਦੀ, ''ਕੋਈ ਜੈਕਸਨ ਕਾਣੇ ਸਾਹਬ ਦਾ ਜ਼ਿਕਰ ਹੀ ਨਹੀਂ ਕਰਦਾ। ਉਹ ਮਜ਼ੇ ਨਾਲ ਸੱਖੂ ਬਾਈ ਦਾ ਝਾਟਾ ਫੜ ਕੇ ਕੁੱਟਦਾ ਹੈ। ਫ਼ਲੋਮਿਣਾ ਅਤੇ ਪੱਟੂ ਨੂੰ ਮਾਰਦਾ ਹੈ। ਜੈ ਹਿੰਦ ਦੇ ਨਾਅਰੇ ਲਾਉਣ ਵਾਲੇ ਇਸ ਕੰਬਖ਼ਤ ਦਾ ਫ਼ੈਸਲਾ ਕਿਉਂ ਨਹੀਂ ਕਰਦੇ।''

ਪਰ ਮੇਰੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਮੈਂ ਕੀ ਕਰਾਂ। ਪਿਛਵਾੜੇ ਸ਼ਰਾਬ ਬਣਦੀ ਸੀ। ਮੈਨੂੰ ਪਤਾ ਸੀ ਸਭ ਕੁਝ, ਪਰ ਮੈਂ ਕੀ ਕਰ ਸਕਦੀ ਸੀ। ਸੁਣਿਆ ਸੀ ਕਿ ਜੇ ਇਨ੍ਹਾਂ ਗੁੰਡਿਆਂ ਦੀ ਰਿਪੋਰਟ ਕਰ ਦਿਓ ਤਾਂ ਇਹ ਜਾਨ ਦਾ ਖਉ ਹੋ ਜਾਂਦੇ ਹਨ। ਉਂਝ ਮੈਨੂੰ ਇਹ ਵੀ ਤਾਂ ਨਹੀਂ ਪਤਾ ਸੀ ਕਿ ਕਿਸ ਨੂੰ ਰਿਪੋਰਟ ਕਰਾਂ। ਸਾਰੀ ਬਿਲਡਿੰਗ ਦੀਆਂ ਟੂਟੀਆਂ ਰਾਤ ਦਿਨ ਟਿਪ ਟਿਪ ਕਰਦੀਆਂ ਸਨ। ਨਾਲੀਆਂ ਸੜ ਰਹੀਆਂ ਸਨ ਪਰ ਮੈਨੂੰ ਉੱਕਾ ਨਹੀਂ ਸੀ ਪਤਾ ਕਿ ਕਿੱਥੇ ਅਤੇ ਕਿਸ ਨੂੰ ਰਿਪੋਰਟ ਕਰਨੀ ਹੁੰਦੀ ਹੈ। ਆਸ ਪਾਸ ਰਹਿਣ ਵਾਲਿਆਂ ਵਿੱਚੋਂ ਵੀ ਕਿਸੇ ਨੂੰ ਨਹੀਂ ਪਤਾ ਸੀ ਕਿ ਜੇ ਕੋਈ ਨੀਚ ਜ਼ਨਾਨੀਂ ਉੱਤੋਂ ਸਿਰ 'ਤੇ ਕੂੜੇ ਦਾ ਟੀਨ ਉਲੱਦ ਦਏ ਤਾਂ ਕਿਸ ਕੋਲ ਸ਼ਿਕਾਇਤ ਕਰੇ। ਅਜਿਹੇ ਮੌਕਿਆਂ 'ਤੇ ਆਮ ਤੌਰ 'ਤੇ ਜਿਸਦੇ ਸਿਰ 'ਤੇ ਕੂੜਾ ਡਿੱਗਦਾ ਉਹ ਮੂੰਹ ਚੁੱਕ ਕੇ ਗਾਲ੍ਹਾਂ ਕੱਢਦਾ ਕੱਪੜੇ ਝਾੜਦਾ ਆਪਣਾ ਰਾਹ ਫੜਦਾ।

ਮੈਂ ਮੌਕਾ ਵੇਖ ਕੇ ਇੱਕ ਦਿਨ ਸੱਖੂ ਬਾਈ ਨੂੰ ਫੜਿਆ।

''ਕਿਉਂ ਕੰਬਖ਼ਤ ਇਹ ਲੁੱਚਾ ਤੈਨੂੰ ਰੋਜ਼ ਕੁੱਟਦਾ ਹੈ ਤੈਨੂੰ ਸ਼ਰਮ ਵੀ ਨਹੀਂ ਆਉਂਦੀ।''

''ਰੋਜ਼ ਕਬ ਮਾਰਤਾ, ਬਾਈ (ਦੇਸੀ ਮਰਾਠੀ ਢੰਗ ਨਾਲ ਭੈਣ ਆਖਣਾ-ਅਨੁ.)?'' ਉਹ ਬਹਿਸ ਕਰਨ ਲੱਗ ਪਈ।

''ਖ਼ੈਰ ਉਹ ਮਹੀਨੇ ਵਿਚ ਚਾਰ ਪੰਜ ਵਾਰ ਤਾਂ ਮਾਰਦਾ ਹੈ ਨਾ!''

''ਹਾਂ ਮਾਰਦਾ ਹੈ ਬਾਈ... ਸੋ ਭੀ ਸਾਲਾ ਕੋ ਮਾਰਤਾ ਹੈ'', ਉਹ ਹੱਸੀ।

''ਚੱਲ ਝੂਠੀ।''

''ਅਰੇ ਪੱਟੂ ਦੀ ਸਹੁੰ... ਆਪਾਂ ਜ਼ਰਾ ਕੁੱਟ ਦਿੱਤਾ ਸਾਲੇ ਨੂੰ ਪਰਸੋਂ!''

''ਪਰ ਤੈਨੂੰ ਸ਼ਰਮ ਨਹੀਂ ਆਉਂਦੀ, ਇਹ ਚਿੱਟੀ ਚਮੜੀ ਵਾਲੇ ਦੀਆਂ ਜੁੱਤੀਆਂ ਸਹਿੰਦੀ ਹੈਂ?'' ਮੈਂ ਇੱਕ ਸੱਚੇ ਵਤਨ ਪ੍ਰਸਤ ਵਾਂਗ ਜੋਸ਼ ਵਿਚ ਆ ਕੇ ਲੈਕਚਰ ਦੇ ਮਾਰਿਆ। ਇਨ੍ਹਾਂ ਲੁਟੇਰਿਆਂ ਸਾਡੇ ਵਤਨ ਨੂੰ ਕਿੰਨਾ ਲੁੱਟਿਆ ਹੈ, ਵਗੈਰਾ ਵਗੈਰਾ।

''ਅਰੇ ਬਾਈ ਕਯਾ ਬਾਤ ਕਰਤਾ ਤੁਮ। ਸਾਹਬ ਸਾਲਾ ਕੋਈ ਕੋ ਨਹੀਂ ਲੂਟਾ। ਇਹ ਜਿਹੜੇ ਝੱਲੇ ਲੋਕ ਹਨ ਨਾ ਇਹ ਵਿਚਾਰੇ ਨੂੰ ਦਿਨ ਰਾਤ ਲੁੱਟਦੇ ਨੇ। ਮੇਮ ਸਾਹਬ ਗਈ। ਪਿੱਛੋਂ ਸਾਰੀ ਕਟਲਰੀ ਫ਼ਟਲਰੀ ਬੈਰਾ ਲੋਕਾਂ ਪਾਰ ਲਾ ਦਿੱਤੀ। ਇੱਕ ਪਤਲੂਨ, ਕੋਟ ਹੈਟ, ਏਨਾ ਫ਼ਸਟ ਕਲੱਾਸ ਜੁੱਤਾ.. ਸਭ ਖ਼ਤਮ.. । ਦੇਖੋ ਚੱਲ ਕੇ ਬੰਗਲੇ ਵਿਚ ਕੁਝ ਵੀ ਨਹੀਂ ਛੱਡਿਆ। ਤੁਮ ਕਹਿਤਾ ਹੈ ਚੋਰ ਹੈ ਸਾਹਬ, ਹਮ ਬੋਲਤਾ ਹਮ ਨਹੀਂ ਹੋਵੇ ਤੋ ਸਾਲਾ ਉਸ ਕਾ ਬੋਟੀ ਕਾਟ ਕੇ ਲੇ ਜਾਵੇ ਏ ਲੋਗ।'

''ਪਰ ਤੈਨੂੰ ਕਿਉਂ ਉਸ ਦਾ ਏਨਾ ਦਰਦ ਹੈ?''

''ਕਿਉਂ ਨਾ ਹੋਵੇ ਦਰਦ, ਉਹ ਮੇਰਾ ਮਰਦ ਹੈ ਨਾ ਬਾਈ...'' ਸੱਖੂ ਬਾਈ ਮੁਸਕ੍ਰਾਈ।

''ਅਤੇ ਮੇਮ ਸਾਹਬ?''

''ਮੇਮ ਸਾਹਬ ਸਾਲੀ ਪੱਕੀ ਛਨਾਲ ਹੈ,'' ਸੱਖੂ ਬਾਈ ਨੇ ਫ਼ੈਸਲਾ ਕੀਤਾ। ''ਮੈਂ ਉਸਨੂੰ ਚੰਗੀ ਤਰ੍ਹਾਂ ਜਾਣਦੀ ਹਾਂ...ਹਾਂ... ਲੰਦੇਨ ਵਿਚ ਉਸਦਾ ਬਹੁਤ ਯਾਰ ਹੈ।''

ਇੱਥੇ ਸੱਖੂ ਬਾਈ ਨੇ ਮੋਟੀ ਸਾਰੀ ਗਾਲ੍ਹ ਕੱਢ ਕੇ ਕਿਹਾ ''ਓਥੇ ਹੀ ਮਰੀ ਰਹਿੰਦੀ ਐ। ਆਉਂਦੀ ਵੀ ਨਹੀਂ ਤੇ ਆਉਂਦੀ ਹੈ ਤਾਂ ਸਾਰਾ ਦਿਨ ਸਾਹਬ ਨਾਲ ਕਿਟ ਕਿਟ। ਨੌਕਰ ਲੋਕਾਂ ਨਾਲ ਕਿਟ ਕਿਟ।''

ਮੈਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਹੁਣ ਅੰਗ੍ਰੇਜ਼ ਹਿੰਦੋਸਤਾਨੋਂ ਜਾ ਰਹੇ ਹਨ। ਸਾਹਬ ਵੀ ਚਲਾ ਜਾਏਗਾ। ਪਰ ਉਹ ਉੱਕਾ ਨਹੀਂ ਸਮਝੀ। ਇਹੀ ਕਹਿੰਦੀ ਰਹੀ, ''ਸਾਹਬ ਹਮਕੋ ਛੋੜ ਕੇ ਕਯਾ ਜਾਏਗਾ... ਬਾਈ ਉਸ ਨੂੰ ਹਲਾਇਤ ਬਿਲਕੁਲ ਪਸੰਦ ਨਹੀਂ।''

ਕੁਝ ਸਾਲਾਂ ਲਈ ਮੈਨੂੰ ਪੂਨੇ ਰਹਿਣਾ ਪਿਆ। ਇਸ ਅਰਸੇ ਵਿਚ ਦੁਨੀਆ ਬਦਲ ਗਈ। ਫੇਰ ਵਾਕਈ ਅੰਗ੍ਰੇਜ਼ ਚਲੇ ਗਏ। ਮੁਲਕ ਦੀ ਵੰਡ ਹੋਈ। ਚਿੱਟਾ ਹਾਕਮ ਘਸੀ ਪਿਟੀ ਚਾਲ ਚੱਲ ਗਿਆ ਅਤੇ ਮੁਲਕ ਖ਼ੂਨ ਦੀਆਂ ਲਹਿਰਾਂ ਵਿਚ ਨਹਾਅ ਗਿਆ।

ਜਦੋਂ ਬੰਬਈ ਪਰਤੀ ਤਾਂ ਬੰਗਲੇ ਦਾ ਹੁਲੀਆ ਬਦਲਿਆ ਹੋਇਆ ਸੀ। ਸਾਹਬ ਪਤਾ ਨਹੀਂ ਕਿੱਥੇ ਚਲਾ ਗਿਆ ਸੀ। ਬੰਗਲੇ ਵਿਚ ਇੱਕ ਰਫ਼ਿਊਜੀ ਟੱਬਰ ਆ ਵਸਿਆ ਸੀ। ਬਾਹਰ ਨੌਕਰਾਂ ਦੇ ਕਵਾਟਰਾਂ ਵਿੱਚੋਂ ਇੱਕ ਕੋਠੜੀ ਵਿਚ ਸੱਖੂ ਬਾਈ ਰਹਿਣ ਲੱਗ

ਪਈ ਸੀ। ਫ਼ਲੋਮਿਣਾ ਵਾਹਵਾ ਲੰਮੀ ਹੋ ਗਈ ਸੀ। ਪੱਟੂ ਅਤੇ ਉਹ ਮਾਹਿਮ ਨੇੜੇ ਇੱਕ ਯਤੀਮਖ਼ਾਨੇ ਵਿਚ ਪੜ੍ਹਨ ਜਾਂਦੇ ਸੀ।

ਸੱਖੂ ਬਾਈ ਮੇਰੇ ਆਉਣ ਦੀ ਖ਼ਬਰ ਮਿਲਦੇ ਸਾਰ ਫ਼ੌਰਨ ਹੱਥ ਵਿਚ ਸੁਹਾਂਝਣੇ ਦੀਆਂ ਦੋ ਚਾਰ ਫਲੀਆਂ ਲਈ ਆ ਧਮਕੀ।

"ਕੈਸਾ ਹੈ ਬਾਈ?" ਉਸਨੇ ਰਸਮ ਮੁਤਾਬਕ ਮੇਰੇ ਗੋਡੇ ਘੁੱਟ ਕੇ ਪੁੱਛਿਆ। "ਤੂੰ ਕਿਵੇਂ ਹੈਂ... ਸਾਹਬ ਕਿੱਥੇ ਹੈ ਤੇਰਾ? ਚਲਾ ਗਿਆ ਨਾ ਲੰਦਨ।"

"ਨਈਂ ਬਾਈ," ਸੱਖੂ ਬਾਈ ਦਾ ਮੂੰਹ ਸੁੱਕ ਗਿਆ। "ਹਮ ਬੋਲਾ ਭੀ ਜਾਨੇ ਕੋ ਪਰ ਨਈਂ ਗਿਆ। ਉਸਕਾ ਨੌਕਰੀ ਭੀ ਖਲਾਸ ਹੋ ਗਿਆ ਥਾ। ਔਰਡਰ ਭੀ ਆਇਆ ਪਰ ਨਈਂ ਗਯਾ।"

"ਫੇਰ ਉਹ ਕਿੱਥੇ ਹੈ?"

"ਹਸਪਤਾਲ ਵਿਚ!"

"ਕਿਉਂ ਕੀ ਹੋ ਗਿਆ?"

"ਡਾਕਟਰ ਲੋਗ ਬੋਲਤਾ...ਕਿ ਦਾਰੂ ਬਹੁਤ ਪੀਆ। ਇਸ ਕਰਕੇ ਮੱਥਾ ਫਿਰ ਗਿਆ। ਉਧਰ ਪਾਗਲ ਸਾਹਬ ਕਾ ਹਸਪਤਾਲ ਹੈ। ਓਥੇ, ਇੱਕ ਦਮ ਫ਼ੱਸਟ ਕਲੱਸ, ਉਥੇ ਉਸ ਨੂੰ ਪਾਇਐ।"

"ਪਰ ਉਹ ਤਾਂ ਵਾਪਸ ਜਾਣ ਵਾਲਾ ਸੀ"।

"ਕਿੰਨਾ ਸਭ ਨੇ ਕਿਹਾ, ਮੈਂ ਵੀ ਕਿਹਾ... ਬਾਬਾ ਚਲੇ ਜਾਓ," ਸੱਖੂ ਬਾਈ ਰੋ ਪਈ। "ਪਰ ਨਹੀਂ, ਹਮਕੋ ਬੋਲਾ ਸੱਖੂ ਡਾਰਲਿੰਗ ਤੇਰੇ ਕੋ ਛੋੜ ਕਰ ਨਹੀਂ ਜਾਏਗਾ।"

ਪਤਾ ਨਹੀਂ ਸੱਖੂ ਬਾਈ ਨੂੰ ਰੋਂਦਿਆਂ ਵੇਖ ਮੈਨੂੰ ਕੀ ਹੋ ਗਿਆ। ਮੈਂ ਬਿਲਕੁਲ ਭੁੱਲ ਗਈ ਕਿ ਸਾਹਬ ਇੱਕ ਲੁੱਟਦੀ-ਖੋਹਦੀ ਕੌਮ ਵਿੱਚੋਂ ਹੈ ਜਿਸ ਨੇ ਫ਼ੌਜ ਵਿਚ ਭਰਤੀ ਹੋ ਮੇਰੇ ਮੁਲਕ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਵੱਧ ਜਕੜਵੀਆਂ ਕਰ ਦਿੱਤਾ ਸੀ। ਜਿਸ ਨੇ ਮੇਰੇ ਹਮ ਵਤਨ ਬੱਚਿਆਂ ਉੱਤੇ ਗੋਲੀਆਂ ਚਲਾਈਆਂ ਸਨ। ਨਿਹੱਥੇ ਲੋਕਾਂ 'ਤੇ ਮਸ਼ੀਨ ਗੱਨਾਂ ਨਾਲ ਅੱਗ ਵਰ੍ਹਾਈ ਸੀ। ਉਹ ਬ੍ਰਿਟਿਸ਼ ਸਾਮਰਾਜ ਦੇ ਉਨ੍ਹਾਂ ਘਿਨਾਉਣੇ ਕਲਪੁਰਜ਼ਿਆਂ ਵਿਚੋਂ ਸੀ ਜਿਸ ਨੇ ਮੇਰੇ ਦੇਸ ਦੇ ਜਾਂਬਾਜ਼ਾਂ ਦਾ ਖ਼ੂਨ ਸੜਕਾਂ 'ਤੇ ਵਹਾਇਆ ਸੀ। ਸਿਰਫ਼ ਇਸ ਕਸੂਰ ਲਈ ਕਿ ਉਹ ਆਪਣਾ ਹੱਕ ਮੰਗਦੇ ਸਨ। ਇੱਜ਼ਤ ਨਾਲ ਜਿਊਣਾ ਚਾਹੁੰਦੇ ਸਨ। ਪਰ ਮੈਨੂੰ ਉਸ ਵੇਲੇ ਕੁਝ ਚੇਤੇ ਨਾ ਰਿਹਾ। ਸਿਵਾਇ ਇਸਦੇ ਕਿ ਸੱਖੂ ਬਾਈ ਦਾ ਮਰਦ ਪਾਗਲਖਾਨੇ ਵਿਚ ਭਰਤੀ ਸੀ। ਮੈਨੂੰ ਆਪਣੇ ਇਸ ਤਰ੍ਹਾਂ ਜਜ਼ਬਾਤੀ ਹੋਣ 'ਤੇ ਬਹੁਤ ਦੁੱਖ ਸੀ ਕਿਉਂਕਿ ਇੱਕ ਕੌਮਪ੍ਰਸਤ ਨੂੰ ਜਾਬਰ ਕੌਮ ਦੇ ਇੱਕ ਜਣੇ ਨਾਲ ਉੱਕੀ ਕਿਸੇ ਕਿਸਮ ਦੀ ਹਮਦਰਦੀ ਜਾਂ ਲਗਾਅ ਨਹੀਂ ਮਹਿਸੂਸ ਕਰਨਾ ਚਾਹੀਦਾ।

ਮੈਂ ਹੀ ਨਹੀਂ ਸਾਰੇ ਭੁੱਲ ਚੁੱਕੇ ਸਨ। ਮੁਹੱਲੇ ਦੇ ਸਾਰੇ ਛੋਕਰੇ ਨੀਲੀਆਂ ਅੱਖਾਂ ਵਾਲੀ ਫ਼ਲੋਮਿਣਾ ਉੱਤੇ ਬਗ਼ੈਰ ਇਹ ਸੋਚੇ ਸਮਝੇ ਫ਼ਿਦਾ ਸਨ ਕਿ ਉਹ ਕੀੜਾ ਜਿਸ ਤੋਂ ਉਸਦੀ ਹਸਤੀ ਵਜੂਦ ਵਿਚ ਆਈ ਚਿੱਟਾ ਸੀ ਜਾਂ ਕਾਲਾ। ਜਦੋਂ ਉਹ ਸਕੂਲੋਂ ਮੁੜਦੀ ਤਾਂ ਕਿੰਨੇ ਹੀ ਠੰਢੇ ਸਾਹ ਉਸ ਦੀ ਉਡੀਕ ਵਿਚ ਹੁੰਦੀਆਂ। ਕਿੰਨੀਆਂ ਹੀ ਨਿਗਾਹਾਂ ਉਸਦੇ ਪੈਰਾਂ ਹੇਠ ਵਿਛਾਈਆਂ ਜਾਂਦੀਆਂ। ਕਿਸੇ ਛੋਕਰੇ ਨੂੰ ਉਸਦੇ ਇਸ਼ਕ ਵਿਚ ਮੱਥਾ ਪਿੱਟਣ ਵੇਲੇ ਇਹ ਚੇਤੇ ਨਾ ਰਹਿੰਦਾ ਕਿ ਇਹ ਓਸੇ ਚਿੱਟੇ ਦਰਿੰਦੇ ਦੀ ਧੀ ਹੈ ਜਿਸ ਹਰੀ ਨਿਵਾਸ ਦੇ ਨਾਕੇ 'ਤੇ ਚੌਦਾਂ ਵਰ੍ਹਿਆਂ ਦੇ ਬੱਚੇ ਨੂੰ ਖ਼ੂਨ ਵਿਚ ਡੋਬ ਮਾਰਿਆ ਸੀ। ਜਿਸਨੇ ਮਾਹਿਮ ਗਿਰਜੇ ਅੱਗੇ ਨਿਹੱਥੀਆਂ ਤੀਵੀਆਂ 'ਤੇ ਗੋਲੀਆਂ ਚਲਾਈਆਂ ਸਨ ਕਿਉਂਕਿ ਉਹ ਨਾਅਰੇ ਲਾ ਰਹੀਆਂ ਸਨ –'ਹਿੰਦੋਸਤਾਨ ਛੋੜ ਦੋ'।

ਜਿਸਨੇ ਚੌਪਾਟੀ ਦੀ ਰੇਤ ਵਿਚ ਜਵਾਨਾਂ ਦਾ ਖ਼ੂਨ ਨਿਚੋੜਿਆ ਸੀ ਅਤੇ ਸਕੱਤਰੇਤ ਸਾਹਮਣੇ ਸੋਕੇ ਦੇ ਮਾਰੇ ਨੰਗੇ ਭੁੱਖੇ ਮੁੰਡਿਆਂ ਦੇ ਜਲੂਸ ਨੂੰ ਮਸ਼ੀਨ ਗੱਨਾਂ ਨਾਲ ਭਾਜੜਾਂ ਪਾਈਆਂ ਸਨ। ਉਨ੍ਹਾਂ ਸਾਰੀਆਂ ਗੱਲਾਂ ਨੂੰ ਉਹ ਸਭ ਭੁੱਲ ਚੁੱਕੇ ਸਨ। ਬੱਸ ਏਨਾ ਚੇਤੇ ਸੀ ਕਿ ਸੋਨ-ਸੁਨਹਿਰੀਆਂ ਗੱਲ੍ਹਾਂ ਅਤੇ ਨੀਲੀਆਂ ਅੱਖਾਂ ਵਾਲੀ ਛੋਕਰੀ ਦੇ ਲੱਕ ਵਿਚ ਗ਼ਜ਼ਬ ਦੀ ਲਚਕ ਹੈ, ਮੋਟੇ ਮੋਟੇ ਭਰ ਜਵਾਨੀ 'ਤੇ ਆਏ ਬੁੱਲ੍ਹਾਂ ਦੀ ਕੰਬਣੀ ਅੱਗੇ ਹੰਝੂ ਰੁਲ਼ਦੇ ਹਨ।

ਇੱਕ ਦਿਨ ਸੱਖੂ ਬਾਈ ਝੋਲੀ ਵਿਚ ਪਰਸ਼ਾਦ ਲਈ ਭੱਜੀ ਭੱਜੀ ਆਈ।

"ਹਮਾਰਾ ਸਾਹਬ ਆ ਗਿਆ।" ਉਸ ਦੀ ਅਵਾਜ਼ ਕੰਬ ਰਹੀ ਸੀ। ਅੱਖਾਂ ਵਿਚ ਅੱਥਰੂ ਚਮਕ ਰਹੇ ਸਨ। ਕਿੰਨਾ ਪਿਆਰ ਸੀ। ਇਸ ਲਫ਼ਜ਼ "ਹਮਾਰਾ" ਵਿਚ। ਜ਼ਿੰਦਗੀ ਵਿਚ ਇੱਕ ਵਾਰ ਕਿਸੇ ਨੂੰ ਇਓਂ ਜੀ ਜਾਨ ਦਾ ਸਾਹ ਨਿਚੋੜ ਕੇ ਆਪਣਾ ਕਹਿਣ ਦਾ ਮੌਕਾ ਮਿਲ ਜਾਏ ਤਾਂ ਫੇਰ ਜਨਮ ਲੈਣ ਦਾ ਮਕਸਦ ਪੂਰਾ ਹੋ ਜਾਂਦਾ ਹੈ।

"ਠੀਕ ਹੋ ਗਿਆ?"

"ਅਰੇ ਬਾਈ ਪਾਗਲ ਕਦੋਂ ਸੀ? ਐਵੇਂ ਈਂ ਸਾਹਬ ਲੋਕ ਫੜ ਕੇ ਲੈ ਗਏ ਸੀ। ਭੱਜ ਆਇਐ..." ਉਹ ਰਾਜ਼ ਦੱਸਣ ਵਾਂਗ ਬੋਲੀ।

ਮੈਂ ਡਰ ਗਈ ਕਿ ਇੱਕ ਤਾਂ ਹਾਰਿਆ ਹੋਇਆ ਅੰਗ੍ਰੇਜ਼, ਉੱਤੋਂ ਪਾਗਲਖ਼ਾਨਿਓਂ ਭੱਜਿਆ ਹੋਵੇ। ਕਿਸ ਨੂੰ ਰਿਪੋਰਟ ਕਰਾਂ। ਬੰਬਈ ਪੁਲਸ ਦੇ ਲਫ਼ੜੇ ਵਿਚ ਕੌਣ ਪੈਂਦਾ ਫਿਰੇ। ਹੋਵੇ ਪਿਆ ਮੇਰੀ ਬਲਾਅ ਨਾਲ। ਕਿਹੜਾ ਮੈਂ ਉਸ ਨਾਲ ਮੇਲ ਜੋਲ ਵਧਾਉਣਾ ਹੈ।

ਪਰ ਮੇਰਾ ਖ਼ਿਆਲ ਗ਼ਲਤ ਨਿੱਕਲਿਆ। ਮੈਨੂੰ ਮੇਲ ਜੋਲ ਵਧਾਉਣਾ ਪਿਆ। ਮੇਰੇ ਦਿਲ ਵਿਚ ਉਬਾਲ ਉੱਠ ਰਹੇ ਸਨ ਕਿ ਕਿਸੇ ਤਰ੍ਹਾਂ ਪੁੱਛਾਂ ਜੈਕਸਨ ਇੰਗਲਿਸਤਾਨ ਆਪਣੀ ਬੀਵੀ ਕੋਲ ਕਿਉਂ ਨਹੀਂ ਜਾਂਦਾ। ਭਲਾ ਇਹੋ ਜਿਹਾ ਵੀ ਕੋਈ ਇਨਸਾਨ ਹੋਏਗਾ ਜੋ ਬਹਿਸ਼ਤ ਛੱਡ ਇਓਂ ਇੱਕ ਖੋਲੀ ਵਿਚ ਪਿਆ ਰਹੇ ਅਤੇ ਇੱਕ ਦਿਨ ਮੈਨੂੰ ਮੌਕਾ ਮਿਲ ਹੀ ਗਿਆ।

ਕੁਝ ਦਿਨ ਤਾਂ ਉਹ ਕੋਠੜੀ ਵਿਚੋਂ ਬਾਹਰ ਹੀ ਨਾ ਨਿੱਕਲਿਆ। ਫੇਰ ਹੌਲੀ ਹੌਲੀ ਨਿੱਕਲ ਚੌਖਟ 'ਤੇ ਬੈਠਣ ਲੱਗਾ। ਉਹ ਸੁੱਕ ਕੇ ਮਾਇਆ ਲੱਗੇ ਕੱਪੜੇ ਜਿਹਾ ਹੋ ਗਿਆ ਸੀ। ਉਸਦਾ ਰੰਗ ਜਿਹੜਾ ਬਾਂਦਰ ਵਾਂਗ ਲਾਲ ਚੁਕੰਦਰ ਸੀ ਝੁਲਸ ਕੇ ਕੱਥੇ-ਰੰਗਾ ਹੋ ਗਿਆ ਸੀ। ਵਾਲ ਚਿੱਟੇ ਹੋ ਗਏ ਸਨ। ਚਾਰਖਾਨੇ ਦੀ ਤਹਿਮਤ ਬੰਨ੍ਹੀਂ ਮੈਲੀ ਬਨੈਣ ਚਾੜ੍ਹੀ ਉਹ ਬਿਲਕੁਲ

ਹਿੰਦੋਸਤਾਨ ਦੀਆਂ ਗਲੀਆਂ ਵਿਚ ਘੁੰਮਦੇ ਪੁਰਾਣੇ ਗੋਰਖਿਆਂ ਜਿਹਾ ਲੱਗਦਾ ਸੀ। ਉਸਦੀ ਨਕਲੀ ਅਤੇ ਅਸਲੀ ਅੱਖ ਵਿਚ ਫ਼ਰਕ ਪਤਾ ਲੱਗਣ ਲੱਗ ਪਿਆ ਸੀ। ਸ਼ੀਸ਼ਾ ਤਾਂ ਹੁਣ ਓਸੇ ਤਰ੍ਹਾਂ ਚਮਕਦਾ, ਨਿਰਮਲ ਅਤੇ "ਅੰਗ੍ਰੇਜ਼" ਸੀ, ਪਰ ਅਸਲੀ ਅੱਖ ਮਿਟਿਆਈ, ਬੇਰੌਣਕ ਹੋ ਕੇ ਜ਼ਰਾ ਦਬ ਗਈ ਸੀ। ਹੁਣ ਤਾਂ ਉਹ ਆਮ ਤੌਰ 'ਤੇ ਸ਼ੀਸ਼ੇ ਵਾਲੀ ਅੱਖ ਦੇ ਬਗ਼ੈਰ ਹੀ ਘੁੰਮਦਾ ਸੀ।

ਇੱਕ ਦਿਨ ਮੈਂ ਖਿੜਕੀ ਵਿੱਚੋਂ ਵੇਖਿਆ ਤਾਂ ਉਹ ਜਾਮਨੂੰ ਦੇ ਦ੍ਰਖ਼ਤ ਹੇਠ ਖੜ੍ਹਾ ਗੁਆਚੇ ਗੁਆਚੇ ਅੰਦਾਜ਼ ਵਿਚ ਕਦੇ ਜ਼ਮੀਨ ਤੋਂ ਕੋਈ ਰੋੜਾ ਚੁੱਕਦਾ, ਉਸ ਨੂੰ ਬੱਚਿਆਂ ਵਾਂਗ ਵੇਖ ਕੇ ਮੁਸਕ੍ਰਾਂਦਾ, ਫੇਰ ਪੂਰੀ ਤਾਕਤ ਨਾਲ ਉਸ ਨੂੰ ਦੂਰ ਸਿੱਟ ਦਿੰਦਾ। ਮੈਨੂੰ ਵੇਖ ਕੇ ਉਹ ਮੁਸਕ੍ਰਾਉਣ ਅਤੇ ਸਿਰ ਹਿਲਾਉਣ ਲੱਗ ਪਿਆ।

"ਕਿਵੇਂ ਤਬੀਅਤ ਹੈ ਸਾਹਬ" ਉਤਾਵਲ ਨੇ ਉਕਸਾਇਆ ਤਾਂ ਮੈਂ ਪੁੱਛਿਆ।

"ਅੱਛਾ ਹੈ। ਅੱਛਾ ਹੈ," ਉਹ ਮੁਸਕ੍ਰਾਅ ਕੇ ਸ਼ੁਕਰੀਆ ਅਦਾ ਕਰਨ ਲੱਗਾ।

ਮੈਂ ਬਾਹਰ ਜਾ ਕੇ ਏਧਰ ਓਧਰ ਦੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਛੇਤੀ ਹੀ ਉਹ ਮੇਰੇ ਨਾਲ ਗੱਲ ਕਰਨ ਵਿਚ ਨਿਰ-ਉਚੇਚ ਮਹਿਸੂਸ ਕਰਨ ਲੱਗਾ। ਫੇਰ ਇੱਕ ਦਿਨ ਮੌਕਾ ਵੇਖ ਮੈਂ ਖੁਰਚਣਾ ਸ਼ੁਰੂ ਕੀਤਾ। ਕਈ ਦਿਨ ਜਾਨ ਮਾਰਨ ਤੋਂ ਬਾਅਦ ਪਤਾ ਲੱਗਾ ਕਿ ਉਹ ਇੱਕ ਸ਼ਰੀਫ਼ਜ਼ਾਦੀ ਦਾ ਨਜਾਇਜ਼ ਬੇਟਾ ਸੀ। ਉਸਦੇ ਨਾਨੇ ਨੇ ਇੱਕ ਕਿਸਾਨ ਨੂੰ ਕੁਝ ਪੈਸਾ ਦੇ-ਦੁਆ ਕੇ ਪਾਲਣ ਲਈ ਮਨਾਅ ਲਿਆ। ਪਰ ਇਹ ਮਾਮਲਾ ਏਨੀ ਸਫ਼ਾਈ ਨਾਲ ਕੀਤਾ ਗਿਆ ਕਿ ਓਸ ਕਿਸਾਨ ਨੂੰ ਵੀ ਪਤਾ ਨਾ ਲੱਗ ਸਕਿਆ ਕਿ ਉਹ ਕਿਸ ਖ਼ਾਨਦਾਨ ਦਾ ਹੈ। ਕਿਸਾਨ ਬੜਾ ਦੁਸ਼ਟ ਸੀ। ਉਸ ਦੇ ਕਈ ਪੁੱਤਰ ਸਨ ਜਿਹੜੇ ਜੈਕਸਨ ਨੂੰ ਤਰ੍ਹਾਂ ਤਰ੍ਹਾਂ ਦੀ ਔਖ ਦਿੰਦੇ ਸਨ। ਰੋਜ਼ ਮਾਰ ਪੈਂਦੀ ਸੀ। ਪਰ ਖਾਣ ਨੂੰ ਚੰਗਾ ਮਿਲਦਾ ਸੀ। ਉਸਨੇ ਬਾਰਾਂ ਤੇਰਾਂ ਸਾਲ ਦੀ ਉਮਰੋਂ ਭੱਜਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕੀਤੀ। ਤਿੰਨ ਚਾਰ ਸਾਲਾਂ ਦੀਆਂ ਸਲੱਗ ਕੋਸ਼ਿਸ਼ਾਂ ਦੇ ਬਾਅਦ ਉਹ ਡਿੱਗਦਾ ਢਹਿੰਦਾ ਧੱਕੇ ਖਾਂਦਾ ਲੰਦਨ ਪੁੱਜਾ। ਓਥੇ ਉਸਨੇ ਦੁਨੀਆ ਭਰ ਦੇ ਕੰਮ ਵਾਰੀ ਵਾਰੀ ਫੜੇ। ਪਰ ਇਸ ਅਰਸੇ ਵਿਚ ਉਹ ਏਨਾ ਢੀਠ, ਚਾਤਰ ਅਤੇ ਪੈਰਾਂ ਸਿਰ ਹੋ ਗਿਆ ਸੀ ਕਿ ਦੋ ਦਿਨਾਂ ਤੋਂ ਵੱਧ ਕੋਈ ਨੌਕਰੀ ਨਾ ਰਹਿੰਦੀ।

ਉਹ ਸ਼ਕਲ ਸੂਰਤੋਂ ਵੱਡਾ ਆਦਮੀ ਲੱਗਦਾ ਸੀ। ਏਸ ਲਈ ਕੁੜੀਆਂ ਵਿਚ ਕਾਫ਼ੀ ਹਰਮਨਪਿਆਰਾ ਸੀ। ਡਾਰਥੀ ਉਸਦੀ ਬੀਵੀ ਕਾਫ਼ੀ ਵੱਡੇ ਨੱਕ ਚੜ੍ਹੇ ਖ਼ਾਨਦਾਨ ਦੀ ਧੀ ਸੀ। ਸ਼ਕਲੋਂ ਕੋਝੀ ਅਤੇ ਦਿਲੋਂ ਥੋੜ੍ਹੀ ਵੀ। ਉਸਦਾ ਪਿਓ ਰਸੂਖ਼ਦਾਰ ਸੀ। ਜੈਕਸਨ ਨੇ ਸੋਚਿਆ ਏਸ ਖ਼ਾਨਾਬਦੋਸ਼ੀ ਦੀ ਜ਼ਿੰਦਗੀ ਦੇ ਬੜੇ ਝੰਝਟ ਹਨ। ਹਰ ਦੂਜੇ ਤੀਜੇ ਦਿਨ ਪੁਲਸ ਅਤੇ ਕਚਹਿਰੀ ਨਾਲ ਵਾਸਤਾ ਪੈਂਦਾ ਹੈ। ਕਿਉਂ ਨਾ ਡਾਰਥੀ ਨਾਲ ਵਿਆਹ ਕਰ ਕੇ ਅੱਗਾ ਸੁਆਰ ਲਿਆ ਜਾਏ।

ਡਾਰਥੀ ਆਪਣੇ ਪਿਓ ਦੀ ਧੀ ਉਸਦੀ ਪਹੁੰਚ ਤੋਂ ਬਾਹਰ ਸੀ। ਉਹ ਉੱਚੀ ਸੋਸਾਇਟੀ ਵਿਚ ਉੱਠਣ ਬੈਠਣ ਦੀ ਆਦੀ ਸੀ ਪਰ ਜੈਕਸਨ ਦੀਆਂ ਓਸ ਵੇਲੇ ਦੋਏ ਅੱਖਾਂ ਖਰੀਆਂ ਅਸਲੀ ਸਨ। ਇਹ ਤਾਂ ਜਦੋਂ ਡਾਰਥੀ ਨਾਲ ਲੜ ਕੇ ਉਹ ਸ਼ਰਾਬਖ਼ਾਨਿਆਂ ਦਾ ਹੀ ਹੋ ਗਿਆ, ਓਥੇ ਕਿਸੇ ਨਾਲ ਮਾਰ ਕੁਟਾਈ ਵਿਚ ਉਸਦੀ ਅੱਖ ਚਲੀ ਗਈ। ਓਦੋਂ ਤੱਕ ਉਸ ਦੀ ਸਿਰਫ਼ ਵੱਡੀ ਕੁੜੀ ਜੰਮੀ ਸੀ।

"ਹਾਂ ਤੁਸੀਂ ਡਾਰਥੀ ਨੂੰ ਕਿਵੇਂ ਘੇਰ ਕੇ ਫਸਾਇਆ..?" ਮੈਂ ਹੋਰ ਖੁਰਚ ਕੇ ਪੁੱਛਿਆ।

"ਓਦੋਂ ਮੇਰੀਆਂ ਦੋਏ ਅੱਖਾਂ ਸਲਾਮਤ ਸਨ," ਜੈਕਸਨ ਮੁਸਕ੍ਰਾਇਆ।

ਕਿਸੇ ਨਾ ਕਿਸੇ ਤਰ੍ਹਾਂ ਡਾਰਥੀ ਹੱਥੇ ਚੜ੍ਹ ਗਈ। ਕੰਬਖ਼ਤ ਕੁਆਰੀ ਵੀ ਨਹੀਂ ਸੀ ਪਰ ਇਓਂ ਹੰਗਾਮਾ ਕਰੇ ਕਿ ਪਿਓ ਦੀ ਮੁਖ਼ਾਲਫ਼ਤ ਦੇ ਬਾਵਜੂਦ ਵਿਆਹ ਕਰ ਲਿਆ। ਸ਼ਾਇਦ ਉਹ ਆਪਣੇ ਵਿਆਹ ਵੱਲੋਂ ਨਾ-ਉਮੀਦ ਹੋ ਚੁੱਕੀ ਸੀ ਅਤੇ ਆਪ ਉਸਦੀ ਘਾਤ 'ਤੇ ਸੀ।

ਪਿਓ ਨੇ ਕੁੜੀ ਦੀਆਂ ਮਜਬੂਰੀਆਂ ਨੂੰ ਸਮਝ ਲਿਆ। ਅਤੇ ਫੇਰ ਬੀਵੀ ਦੇ ਰੋਜ਼ ਰੋਜ਼ ਜ਼ੋਰ ਪਾਉਣ ਤੋਂ ਮਜਬੂਰ ਹੋ ਕੇ ਉਸਨੂੰ ਹਿੰਦੋਸਤਾਨ ਭਿਜਵਾਅ ਦਿੱਤਾ। ਇਹ ਉਹ ਜ਼ਮਾਨਾ ਸੀ ਜਦੋਂ ਹਰ ਅੰਗ੍ਰੇਜ਼ ਹਿੰਦੋਸਤਾਨ ਦੇ ਸਿਰ ਮੜ੍ਹ ਦਿੱਤਾ ਜਾਂਦਾ ਸੀ। ਭਾਵੇਂ ਉਹ ਜੁੱਤੇ ਗੰਢਦਾ ਹੋਏ ਇੱਥੇ ਆਉਂਦਿਆਂ ਹੀ ਸਾਹਬ ਬਣ ਬੈਠਦਾ ।

ਜੈਕਸਨ ਨੇ ਹੱਦ ਕਰ ਦਿੱਤੀ। ਉਹ ਹਿੰਦੋਸਤਾਨ ਵਿਚ ਵੀ ਓਹੋ ਜਿਹਾ ਹੀ ਨਿਕੰਮਾ ਅਤੇ ਬੇ-ਪਰਵਾਹ ਸਾਬਤ ਹੋਇਆ। ਸਭ ਤੋਂ ਵੱਡੀ ਖ਼ਰਾਬੀ ਜਿਹੜੀ ਉਸ ਵਿਚ ਸੀ ਉਹ ਸੀ ਉਸ ਦਾ ਹਲਕਾ-ਹਲਕਾ ਹੋਣਾ। ਬਜਾਇ ਸਾਹਬ ਬਹਾਦਰਾਂ ਵਾਂਗ ਰੋਅਬ ਦਾਅਬ ਨਾਲ ਰਹਿਣ ਦੇ ਉਹ ਬੜੇ ਹੀ ਅਣਫਬਵੇਂ ਢੰਗੀਂ ਨੇਟਿਵ (ਦੇਸੀ-ਅਨੁ.) ਲੋਕਾਂ ਨਾਲ ਘੁਲ ਮਿਲ ਜਾਂਦਾ ਸੀ। ਜਦੋਂ ਉਹ ਬਸਤੀ ਦੇ ਇਲਾਕੇ ਵਿਚ ਜੰਗਲਾਤ ਦੇ ਮਹਿਕਮੇ ਵਿਚ ਤੈਨਾਤ ਹੋਇਆ ਤਾਂ ਉਹ ਕਲੱਬ ਦੀ ਬਜਾਇ ਪਤਾ ਨਹੀਂ ਕਿਨ੍ਹਾਂ ਅਫ਼ੀਮੀਆਂ-ਪੋਸਤੀਆਂ ਦੇ ਅੱਡਿਆਂ ਵਿਚ ਘੁੰਮਦਾ ਫਿਰਦਾ ਸੀ।

ਆਲੇ ਦੁਆਲੇ ਸਿਰਫ਼ ਕੁਝ ਕੁ ਅੰਗ੍ਰੇਜ਼ਾਂ ਦੇ ਬੰਗਲੇ ਸਨ। ਬਦਕਿਸਮਤੀ ਨਾਲ ਬਹੁਤੇ ਲੋਕ ਵੱਡੀ ਉਮਰ ਦੇ ਅਤੇ ਸਹਿੰਦੜ ਸਨ। ਸੁਨਸਾਨ ਕਲੱਬ ਵਿਚ ਜਿੱਥੇ ਹਿੰਦੋਸਤਾਨੀਆਂ ਅਤੇ ਕੁੱਤਿਆਂ ਨੂੰ ਆਉਣ ਦੀ ਇਜਾਜ਼ਤ ਨਹੀਂ ਸੀ, ਅਕਸਰ ਉੱਲੂ ਹੀ ਬੋਲਦਾ ਹੁੰਦਾ। ਸਾਰਿਆਂ ਹੀ ਅਫ਼ਸਰਾਂ ਦੀਆਂ ਬੀਵੀਆਂ ਆਪਣੇ ਵਤਨ ਵਿਚ ਰਹਿੰਦੀਆਂ ਸਨ। ਜਦੋਂ ਕਦੇ ਕਿਸੇ ਅਫ਼ਸਰ ਦੀ ਬੀਵੀ ਆਉਂਦੀ ਤਾਂ ਉਹ ਉਸਨੂੰ ਬਜਾਇ ਜੰਗਲ ਵਿਚ ਲਿਆਉਣ ਦੇ ਆਪ ਛੁੱਟੀ ਲੈ ਸ਼ਿਮਲੇ ਜਾਂ ਨੈਨੀਤਾਲ ਚਲਿਆ ਜਾਂਦਾ। ਫੇਰ ਬੀਵੀ ਹਿੰਦੋਸਤਾਨ ਦੀ ਗੰਦਗੀ ਤੋਂ ਔਖੀ ਹੋ ਵਾਪਸ ਚਲੀ ਜਾਂਦੀ। ਅਤੇ ਉਸਦਾ ਸਾਹਬ ਠੰਢੇ ਸਾਹ ਭਰਦਾ ਬੀਵੀ ਦੀਆਂ ਹੁਸੀਨ ਯਾਦਾਂ ਲੈ ਪਰਤ ਆਉਂਦਾ। ਸਾਹਬ ਲੋਕ ਉਂਝ ਆਪਣਾ ਕੰਮ ਨੇਟਿਵ

ਹਿੰਦੋਸਤਾਨ ਛੋੜ ਦੋ

(ਦੇਸੀ-ਅਨੁ.) ਔਰਤਾਂ ਨਾਲ ਚਲਾਅ ਲਿਆ ਕਰਦੇ ਸਨ। ਇਸ ਕਿਸਮ ਦੇ ਰਿਸ਼ਤੇ ਨਾਲ ਕਿਸੇ ਦਾ ਵੀ ਨੁਕਸਾਨ ਨਹੀਂ ਹੁੰਦਾ ਸੀ। ਹਿਸਾਬ ਵੀ ਸਸਤਾ ਰਹਿੰਦਾ ਸੀ। ਹਿੰਦੋਸਤਾਨ ਦਾ ਵੀ ਫ਼ਾਇਦਾ ਸੀ ਇਸ ਵਿਚ। ਇੱਕ ਤਾਂ ਉਨ੍ਹਾਂ ਤੋਂ ਪੈਦਾ ਹੋਣ ਵਾਲੀ ਔਲਾਦ ਖ਼ਾਸੀ ਗੋਰੀ ਪੈਦਾ ਹੁੰਦੀ ਸੀ, ਕਦੇ ਬਦਾਮੀ ਵੀ ਅਤੇ ਦੂਜੀ ਗੱਲ ਇਹ ਕਿ ਉਨ੍ਹਾਂ ਦੇ ਰਸੂਖ਼ਦਾਰ ਪਿਓ ਉਨ੍ਹਾਂ ਲਈ ਯਤੀਮਖ਼ਾਨੇ ਅਤੇ ਸਕੂਲ ਵੀ ਖੋਲ੍ਹ ਦਿੰਦੇ ਸੀ। ਸਰਕਾਰੀ ਖ਼ਰਚੇ 'ਤੇ ਉਨ੍ਹਾਂ ਦੀ ਦੂਸਰੇ ਹਿੰਦੋਸਤਾਨੀਆਂ ਨਾਲੋਂ ਚੰਗੇਰੀ ਪੜ੍ਹਾਈ ਅਤੇ ਪਾਲਣਾ ਹੁੰਦੀ ਸੀ। ਇਹ ਐਂਗਲੋ ਇੰਡੀਅਨ ਖ਼ੁਸ਼-ਸ਼ਕਲ ਤਬਕਾ ਅੰਗ੍ਰੇਜ਼ਾਂ ਤੋਂ ਬੱਸ ਦੂਸਰੇ ਨੰਬਰ ਉੱਤੇ ਸੀ। ਮੁੰਡੇ ਰੇਲਵੇ, ਜੰਗਲਾਤ ਅਤੇ ਨੇਵੀ ਵਿਚ ਬੜੀ ਅਸਾਨੀ ਨਾਲ ਖਪ ਜਾਂਦੇ ਸਨ। ਇਨ੍ਹਾਂ ਦੀਆਂ ਆਮ ਜਿਹੀ ਸ਼ਕਲ ਵਾਲੀਆਂ ਮੁਟਿਆਰਾਂ ਨੂੰ ਵੀ ਸੁਹਣੀਆਂ ਹਿੰਦੋਸਤਾਨੀ ਮੁਟਿਆਰਾਂ ਮੁਕਾਬਲੇ ਬਿਹਤਰ ਨੌਕਰੀਆਂ ਮਿਲ ਜਾਂਦੀਆਂ ਅਤੇ ਉਹ ਸਕੂਲਾਂ, ਦਫ਼ਤਰਾਂ ਅਤੇ ਹਸਪਤਾਲਾਂ ਦੀ ਰੌਣਕ ਵਧਾਉਂਦੀਆਂ। ਜਿਹੜੀਆਂ ਵਧੇਰੀਆਂ ਸੁਹਣੀਆਂ ਹੁੰਦੀਆਂ ਉਹ ਵੱਡੇ ਵੱਡੇ ਸ਼ਹਿਰਾਂ ਦੇ ਪੱਛਮਨੁਮਾ ਸੁਹੱਪਣ-ਬਜ਼ਾਰਾਂ ਵਿਚ ਬੜੀਆਂ ਕਾਮਯਾਬ ਸਾਬਤ ਹੁੰਦੀਆਂ ਸਨ।

ਜੈਕਸਨ ਸਾਹਬ ਜਦੋਂ ਹਿੰਦੋਸਤਾਨ ਆਇਆ ਤਾਂ ਉਸ ਵਿਚ ਕਿਸੇ ਕਾਣੇ ਦੇ ਸਾਰੇ ਐਬ ਵਾਹਵਾ ਸਾਰੇ ਹੈ ਸਨ। ਕਾਣੇਪੁਣੇ ਤੋਂ ਬਾਅਦ, ਸ਼ਰਾਬ ਉਸ ਦੀ ਸ਼ਖ਼ਸੀਅਤ ਦੀ ਦੂਜੀ ਪਛਾਣ ਸੀ। ਹਰ ਥਾਂ ਉਸਦਾ ਕਿਸੇ ਨਾ ਕਿਸੇ ਨਾਲ ਆਢਾ ਲੱਗ ਜਾਂਦਾ ਅਤੇ ਉਸ ਦੀ ਬਦਲੀ ਹੋ ਜਾਂਦੀ। ਜੰਗਲਾਤ ਤੋਂ ਹਟਾਅ ਕੇ ਉਸ ਨੂੰ ਪੁਲਸ ਵਿਚ ਭੇਜ ਦਿੱਤਾ ਗਿਆ। ਉਸਦਾ ਉਸਨੂੰ ਬਹੁਤ ਅਫ਼ਸੋਸ ਸੀ। ਕਿਉਂਕਿ ਓਥੇ ਇੱਕ ਪਹਾੜਨ ਉੱਤੇ ਉਸਦਾ ਬਹੁਤਾ ਹੀ ਦਿਲ ਆ ਗਿਆ ਸੀ। ਜਬਲਪੁਰ ਪਹੁੰਚ ਕੇ ਉਹ ਉਸ ਨੂੰ ਜ਼ਰੂਰ ਸੱਦ ਲੈਂਦਾ ਪਰ ਓਥੇ ਇੱਕ ਨਟਣੀ ਨਾਲ ਇਸ਼ਕ ਹੋ ਗਿਆ। ਏਨਾ ਤਕੜਾ ਇਸ਼ਕ ਕਿ ਉਸਦੀ ਬੀਵੀ ਸਾਰੀਆਂ ਛੁੱਟੀਆਂ ਨੈਨੀਤਾਲ ਵਿਚ ਲੰਘਾਅ ਵਾਪਸ ਚਲੀ ਗਈ ਪਰ ਉਹ ਨਾ ਗਿਆ। ਕੰਮ ਬਹੁਤਾ ਹੋਣ ਦਾ ਬਹਾਨਾ ਲਾਉਂਦਾ ਰਿਹਾ। ਛੁੱਟੀ ਨਾ ਮਿਲਣ ਦਾ ਰੋਣਾ ਰੋਂਦਾ ਰਿਹਾ। ਪਰ ਡਾਰਥੀ ਦੇ ਡੈਡੀ ਦੇ ਕਿੰਨੇ ਹੀ ਦੋਸਤ ਸਨ ਜਿਨ੍ਹਾਂ ਦੇ ਦਬਾਅ ਨਾਲ ਉਸ ਨੂੰ ਜ਼ਬਰਦਸਤੀ ਛੁੱਟੀ ਦੁਆਈ ਗਈ। ਜਦੋਂ ਉਹ ਨੈਨੀਤਾਲ ਪੁੱਜਿਆ ਤਾਂ ਉਸਦਾ ਓਥੇ ਉੱਕਾ ਦਿਲ ਨਾ ਲੱਗਾ। ਇੱਕ ਤਾਂ ਡਾਰਥੀ ਉਸਦੇ ਵਿਛੋੜੇ ਵਿਚ ਉਸ 'ਤੇ ਬੇਬਵ੍ਹੀ ਹੋ ਕੇ ਆਸ਼ਕ ਹੋ ਗਈ ਸੀ ਅਤੇ ਚਾਹੁੰਦੀ ਸੀ ਕਿ ਦੁਬਾਰਾ ਹਨੀਮੂਨ ਮਣਾਇਆ ਜਾਏ। ਦੂਜੇ ਪਾਸੇ ਉਸਨੂੰ ਜੈਕਸਨ ਦੇ ਇਸ਼ਕ ਦੇ ਤਰੀਕੇਕਾਰ ਤੋਂ ਬੜੀ ਘਬਰਾਹਟ ਹੁੰਦੀ ਸੀ। ਉਹ ਏਨਾ ਚਿਰ ਹਿੰਦੋਸਤਾਨ ਰਹਿ ਕੇ ਬਿਲਕੁਲ ਹੀ ਅਜਨਬੀ ਹੋ ਚੁੱਕਾ ਸੀ। ਪਹਾੜਨ ਅਤੇ ਨਟਣੀ ਦੋਹਾਂ ਉਸਦੀ ਹਿੰਦੋਸਤਾਨੀ ਪਤੀਵਰਤਾ ਤੀਵੀਆਂ ਵਾਂਗ ਖ਼ਿਦਮਤ ਕਰ ਕੇ ਉਸ ਦਾ ਦਿਮਾਗ਼ ਖ਼ਰਾਬ ਕਰ ਦਿੱਤਾ ਸੀ।

ਸਾਲ ਵਿਚ ਸਿਰਫ਼ ਦੋ ਮਹੀਨੇ ਆਉਣ ਵਾਲੀ ਬੀਵੀ ਵੀ ਬਿਲਕੁਲ ਅਜਨਬੀ ਹੋ ਗਈ ਸੀ। ਫੇਰ ਉਸਦੇ ਅੱਗੇ ਜੈਕਸਨ ਨੂੰ ਕਈ ਉਚੇਚਾਂ ਵਰਤਣੀਆਂ ਪੈਂਦੀਆਂ ਸਨ।

ਇੱਕ ਦਿਨ ਨਸ਼ੇ ਵਿਚ ਉਸ ਨੇ ਕੁਝ ਪਹਾੜਨ ਅਤੇ ਨਟਣੀ ਦੇ ਅੰਦਾਜ਼ ਵਾਲੀ ਮੁਹੱਬਤ ਦੀ ਆਪਣੀ ਬੀਵੀ ਤੋਂ ਵੀ ਮੰਗ ਕਰ ਲਈ। ਉਹ ਏਨੀ ਲੋਹੀ ਲਾਖੀ ਹੋਈ ਕਿ ਜੈਕਸਨ ਨੂੰ ਅੱਗੋਂ ਕੁਝ ਨਾ ਸੁੱਝਾ। ਉਹ ਬਹੁਤ ਬਹਿਸੀ, ਬਹੁਤ ਖੁਰਚਦੀ ਰਹੀ ਕਿ, "ਕਿਤੇ ਤੂੰ ਵੀ ਹੋਰ ਬੇ-ਗ਼ੈਰਤ ਅਤੇ ਨੀਚ ਅੰਗ੍ਰੇਜ਼ਾਂ ਵਾਂਗ ਲੋਕਲ ਤੀਵੀਆਂ ਨਾਲ ਮੇਲ ਜੋਲ ਤਾਂ ਨਹੀਂ ਵਧਾਉਣ ਲੱਗ ਪਿਆ ਹੈਂ।" ਜੈਕਸਨ ਨੇ ਕਸਮਾਂ ਖਾਧੀਆਂ ਅਤੇ ਡਾਰਥੀ ਨੂੰ ਏਨਾ ਚੁੰਮਿਆ ਕਿ ਉਹ ਉਸਦੇ ਸੰਤਪੁਣੇ ਦੀ ਕਾਇਲ ਹੋ ਗਈ। ਉਸਨੂੰ ਬੜਾ ਤਰਸ ਆਇਆ ਅਤੇ ਬੜਾ ਮਨਾਅ ਮਨਾਅ ਕੇ ਉਸ ਉਸਨੂੰ ਜਬਲਪੁਰ ਲੈ ਆਇਆ। ਪਰ ਉਹ ਓਥੇ ਦੀਆਂ ਮੱਖੀਆਂ ਅਤੇ ਗਰਮੀ ਤੋਂ ਬੁਖਲਾਅ ਕੇ ਨੀਮ ਪਾਗਲ ਹੋ ਗਈ। ਹੋਰ ਤਾਂ ਸਭ ਕੁਝ ਝੇਲ ਜਾਂਦੀ ਪਰ ਜਦੋਂ ਉਸ ਦੇ ਗੁਸਲਖ਼ਾਨੇ ਵਿਚ ਦੁਮੂਹੀਂ ਨਿੱਕਲ ਆਈ ਤਾਂ ਓਸੇ ਵੇਲੇ ਸਮਾਨ ਬੰਨ੍ਹਣ ਲੱਗੀ। ਜੈਕਸਨ ਨੇ ਬਹੁਤ ਸਮਝਾਇਆ ਕਿ ਇਹ ਸੱਪ ਨਹੀਂ ਅਤੇ ਡੰਗਦਾ ਵੀ ਨਹੀਂ ਪਰ ਉਸ ਇੱਕ ਨਾ ਸੁਣੀ ਅਤੇ ਦੂਜੇ ਦਿਨ ਦਿੱਲੀ ਚਲੀ ਗਈ।

ਓਥੋਂ ਉਸ ਜ਼ੋਰ ਲਾ ਕੇ ਉਸਦੀ ਬਦਲੀ ਬੰਬਈ ਕਰਵਾਅ ਦਿੱਤੀ। ਇਹ ਉਨ੍ਹਾਂ ਵੇਲਿਆਂ ਦੀ ਗੱਲ ਹੈ ਜਦੋਂ ਦੂਜੀ ਜੰਗ ਸ਼ੁਰੂ ਹੋ ਚੁੱਕੀ ਸੀ। ਨਟਣੀ ਦਾ ਵਿਛੋੜਾ ਅਤੇ ਡਾਰਥੀ ਦਾ ਬੰਬਈ ਵਿਚ ਪੱਕਾ ਡੇਰਾ ਉਸਦੀ ਰੂਹ ਨੂੰ ਤਕਲੀਫ਼ ਦੇਣ ਵਾਲਾ ਬਣ ਗਿਆ। ਸੀ। ਸੱਖੂ ਬਾਈ ਬੱਚਿਆਂ ਦੀ ਆਯਾ ਦਾ ਹੱਥ ਵੰਡਾਉਣ ਨੂੰ ਰੱਖੀ ਗਈ ਸੀ। ਪਰ ਜਦੋਂ ਬਾਰਿਸ਼ਾਂ ਤੋਂ ਦਿਲ ਛੱਡ ਡਾਰਥੀ ਬੱਚਿਆਂ ਸਮੇਤ ਵਤਨ ਗਈ ਤਾਂ ਜੈਕਸਨ ਦੀ ਮਿਹਰਬਾਨ ਨਜ਼ਰ ਓਸ 'ਤੇ ਪਈ। ਓਫ਼ ਕਿੰਨੀ ਜ਼ਿਆਦਾ ਗੁੰਝਲਦਾਰ ਕਹਾਣੀ ਸੀ ਸਾਹਬ ਦੀ। ਕਿਉਂਕਿ ਸੱਖੂ ਬਾਈ ਅਸਲ ਵਿਚ ਗਣਪਤ ਹੈੱਡ ਬੈਰੇ ਦੀ ਰੱਖੀ ਤੀਵੀਂ ਸੀ। ਉਹ ਉਸ ਨੂੰ ਪਵਨ ਪੁਲ (ਬੰਬਈ ਦਾ ਵੇਸਵਾਗੀਰੀ ਅਤੇ ਮਨੋਰੰਜਨ ਨਾਲ ਜੁੜਿਆ ਇਲਾਕਾ-ਅਨੁ.) ਤੋਂ ਫੁਸਲਾਅ ਲਿਆਇਆ ਸੀ। ਉਂਝ ਬੀਵੀ ਬੱਚੇ ਵਾਲਾ ਆਦਮੀ ਸੀ। ਸੱਖੂ ਬਾਈ ਆਪਣੀ ਇਸ ਨੌਕਰੀ ਤੋਂ ਜਿਸ ਵਿਚ ਪੋਚਾ ਲਾਉਣ, ਭਾਂਡੇ ਧੋਣ ਦੇ ਇਲਾਵਾ ਗਣਪਤ ਦੇ ਨਖ਼ਰੇ ਸਹਿਣੇ ਵੀ ਸ਼ਾਮਲ ਸੀ, ਕਾਫ਼ੀ ਤਸੱਲੀ ਵਿਚ ਸੀ।

ਗਣਪਤ ਉਸਨੂੰ ਕਦੇ ਆਪਣੇ ਕਿਸੇ ਮਿੱਤਰ ਨੂੰ ਵੀ ਤਰਸ ਖਾ ਕੇ ਜਾਂ ਕਰਜ਼ੇ ਦੇ ਇਵਜ਼ ਵਿਚ ਭੇਜ ਦਿੰਦਾ ਹੁੰਦਾ ਸੀ। ਪਰ ਬੜੀ ਚਲਾਕੀ ਨਾਲ ਕਿ ਬੜੇ ਦਿਨ ਸੱਖੂ ਬਾਈ ਨੂੰ ਵੀ ਪਤਾ ਨਾ ਲੱਗਾ। ਉਹ ਪੀਣ ਤੋਂ ਤਾਂ ਪਹਿਲਾਂ ਹੀ ਕੁਝ ਵਾਕਫ਼ ਸੀ। ਗਣਪਤ ਦੀ ਸੋਹਬਤ ਵਿਚ ਪਬੰਦੀ ਨਾਲ ਸ਼ਾਮ ਨੂੰ ਠੱਰ੍ਹਾ ਚੜ੍ਹਾਉਣ ਲੱਗ ਪਈ। ਗਣਪਤ ਗਾਹਕ ਨੂੰ ਆਪਣੀ ਕੋਠੜੀ ਵਿਚ ਲੈ

ਆਉਂਦਾ। ਜੈਕਸਨ ਦਾ ਡਰ ਤਾਂ ਕਿਸੇ ਨੂੰ ਹੈ ਨਹੀਂ ਸੀ। ਸਾਰੇ ਕੰਮ ਕਾਜ ਛੱਡ ਨੌਕਰ ਮੌਜ ਨਾਲ ਜੂਆ ਖੇਡਦੇ, ਠੱਰ੍ਹਾ ਪੀਂਦੇ ਸਗੋਂ ਸਾਰੇ ਸ਼ਿਵਾ ਜੀ ਪਾਰਕ ਦੇ ਗੁੰਡੇ ਡਾਰਥੀ ਦੇ ਜਾਂਦਿਆਂ ਹੀ ਸਾਹਬ ਦੇ ਬੰਗਲੇ 'ਤੇ ਟੁੱਟ ਪੈਂਦੇ ਅਤੇ ਦੇਰ ਰਾਤ ਤੱਕ ਹੁੱਲੜ ਮਚਿਆ ਰਹਿੰਦਾ।

ਸ਼ਰਾਬ ਜਦੋਂ ਵਾਹਵਾ ਚੜ੍ਹ ਜਾਂਦੀ ਤਾਂ ਉਹ ਸੱਖੂ ਬਾਈ ਨੂੰ ਓਸ ਆਦਮੀ ਕੋਲ ਛੱਡ ਕਿਸੇ ਬਹਾਨੇ ਚਲਿਆ ਜਾਂਦਾ। ਸੱਖੂ ਬਾਈ ਸਮਝਦੀ ਸੀ ਕਿ ਉਹ ਗਣਪਤ ਦਾ ਉੱਲੂ ਬਣਾਅ ਰਹੀ ਹੈ ਅਤੇ ਹੌਲੀ ਹੌਲੀ ਉਹ ਸਾਹਬ ਦੀ ਖ਼ਿਦਮਤ ਕਰਦੀ ਕਰਦੀ ਬੀਵੀ ਦੀ ਥਾਂ ਵੀ ਭੁਗਤਣ ਲੱਗ ਪਈ। ਏਸੇ ਤਰ੍ਹਾਂ ਗਣਪਤ ਦੇ ਚੱਕਰ ਤੋਂ ਛੁੱਟੀ ਮਿਲੀ। ਉਹ ਕਮਬਖ਼ਤ ਉਲਟਾ ਓਸ ਦੀ ਸਾਰੀ ਤਨਖ਼ਾਹ ਭੋਟ ਲੈਂਦਾ ਹੁੰਦਾ ਸੀ। ਉਨ੍ਹੀਂ ਦਿਨੀਂ ਗਣਪਤ ਫ਼ੌਜ ਵਿਚੋਂ ਬੈਰੇ ਦੀ ਹੈਸੀਅਤ ਵਿਚ ਮਿਡਲ ਈਸਟ ਚਲਾ ਗਿਆ ਅਤੇ ਸੱਖੂ ਬਾਈ ਪੱਕੀ ਮੇਮ ਸਾਹਬ ਦੀ ਥਾਂ ਜੰਮ ਗਈ। ਬੱਸ ਜਦੋਂ ਛੁੱਟੀਆਂ ਵਿਚ ਮੇਮ ਸਾਹਬ ਆਉਂਦੀ ਤਾਂ ਉਹ ਆਪਣੀ ਖੋਲੀ ਵਿਚ ਚਲੀ ਜਾਂਦੀ। ਅਤੇ ਜਦੋਂ ਉਹ ਆਪਣੀ ਪਤਲੀ ਕੋਕਦਾਰ ਅਵਾਜ਼ ਵਿਚ, "ਆਯੋ! ਦੂਦ!" ਪੁਕਾਰਦੀ ਤਾਂ ਉਹ ਫ਼ੌਰਨ ਸਾਰੇ ਕੰਮ ਛੱਡ ਛੁੱਡ "ਯਸ ਮੇਮ ਸਾਹਬ" ਕਹਿ ਕੁੱਦ ਕੇ ਜਾਂਦੀ। ਉਂਝ ਤਾਂ ਮੇਮ ਸਾਹਬ ਤੋਂ ਸਿੱਖ ਕੇ ਉਹ ਆਪਣੇ ਆਪ ਨੂੰ ਬੜੀ ਅੰਗ੍ਰੇਜ਼ੀ-ਵਾਲੀ ਸਮਝਣ ਲੱਗ ਪਈ ਸੀ। ਅੰਗ੍ਰੇਜ਼ੀ ਜ਼ਬਾਨ ਵਿਚ ਯਸ, ਨੋ, ਡੈਮ ਫੂਲ, ਸਵਾਈਨ ਦੇ ਸਿਵਾ ਹੋਰ ਹੈ ਹੀ ਕੀ ਸੀ।

ਹਾਕਮਾਂ ਦਾ ਉਨ੍ਹਾਂ ਕੁਝ ਕੁ ਲਫ਼ਜ਼ਾਂ ਨਾਲ ਹੀ ਕੰਮ ਨਿੱਕਲ ਜਾਂਦਾ। ਲੰਮੇ ਚੌੜੇ ਸਾਹਿਤਕ ਜੁਮਲਿਆਂ ਦੀ ਲੋੜ ਨਹੀਂ ਪੈਂਦੀ। ਟਾਂਗੇ ਦੇ ਘੋੜੇ ਨੂੰ ਟਖ਼ ਟਖ਼ ਅਤੇ ਚਾਬੁਕ ਦੀ ਜ਼ਬਾਨ ਹੀ ਬਥੇਰੀ ਹੁੰਦੀ ਹੈ। ਪਰ ਸੱਖੂ ਬਾਈ ਨੂੰ ਇਹ ਨਹੀਂ ਪਤਾ ਸੀ ਕਿ ਅੰਗ੍ਰੇਜ਼ ਦੀ ਗੱਡੀ ਵਿਚ ਜੁਤਿਆ ਹੋਇਆ ਮਰੀਅਲ ਘੋੜਾ ਸਿੱਧਾ ਖੜ੍ਹਾ ਹੋ ਕੇ ਟਾਂਗਾ ਸੁੱਟ ਚੁੱਕਿਆ ਸੀ ਅਤੇ ਹੁਣ ਉਸਦੀਆਂ ਲਗਾਮਾਂ ਦੂਸਰੇ ਹੱਥਾਂ ਵਿਚ ਸਨ। ਉਸ ਦੀ ਦੁਨੀਆ ਬਹੁਤ ਛੋਟੀ ਜਿਹੀ ਸੀ। ਉਹ ਆਪ, ਉਸਦੇ ਦੋ ਬੱਚੇ ਅਤੇ ਉਸਦਾ "ਮਰਦ"।

ਜਦੋਂ ਮੇਮ ਸਾਹਬ ਹਿੰਦੋਸਤਾਨ ਆਉਂਦੀ ਹੁੰਦੀ ਸੀ, ਓਦੋਂ ਵੀ ਸੱਖੂ ਬਾਈ ਬੜੇ ਵੱਡੇ-ਦਿਲ ਨਾਲ ਇਵਜ਼ੀ ਛੱਡ ਮੁੜ ਨੈਨੀ ਦੇ ਹੱਥ ਹੇਠਾਂ ਕੰਮ ਕਰਨ ਲੱਗਦੀ। ਉਸਨੂੰ ਮੇਮ ਸਾਹਬ ਨਾਲ ਉੱਕਾ ਕੋਈ ਸਾਂਝਾ ਨਹੀਂ ਸੀ। ਮੇਮ ਸਾਹਬ ਪੱਛਮੀ ਹੁਸਨ ਦਾ ਨਮੂਨਾ ਹੋਏ ਤਾਂ ਹੋਏ, ਹਿੰਦੋਸਤਾਨੀ ਸੁਹੱਪਣ ਦੇ ਮਿਆਰ ਦੀ ਤੱਕੜੀ ਵਿਚ ਉਸਨੂੰ ਤੋਲਿਆ ਜਾਂਦਾ ਤਾਂ ਉਸਨੂੰ ਆਂਡੇ ਵਰਗਾ ਸਿਫ਼ਰ ਮਿਲਦਾ ਬਸ। ਉਸਦੀ ਚਮੜੀ ਖੁਰਚੇ ਹੋਏ ਸ਼ਲਗਮ ਵਾਂਗ ਕੱਚੀ ਕੱਚੀ ਸੀ। ਜਿਵੇਂ ਉਸਨੂੰ ਪੂਰਾ ਪੱਕਣ ਤੋਂ ਪਹਿਲਾਂ ਟਾਹਣੀ ਨਾਲੋਂ ਤੋੜ ਲਿਆ ਗਿਆ ਹੋਏ। ਜਾਂ ਠੰਢੀ ਨਿਰਜਿੰਦ ਹਨੇਰੀ ਕਬਰ ਵਿਚ ਵਰ੍ਹਿਆਂ ਦੇ ਵਰ੍ਹੇ ਨੱਪ ਕੇ ਰੱਖਣ ਤੋਂ ਬਾਅਦ ਕੱਢਿਆ ਗਿਆ ਹੋਏ। ਉਸ ਦੇ ਵਿਰਲੇ-ਵਿਰਲੇ ਮੈਲੀ ਚਾਂਦੀ ਰੰਗੇ ਵਾਲ ਬਿਲਕੁਲ ਬੁੱਢੀਆਂ ਦੇ ਵਾਲਾਂ ਵਰਗੇ ਲੱਗਦੇ ਸਨ। ਏਸ ਲਈ ਸੱਖੂ ਬਾਈ ਦੇ ਦਰਜੇ ਦੇ ਲੋਕ ਉਸਨੂੰ ਬੁੱਢੀ ਸਮਝਦੇ ਸੀ ਜਾਂ ਫੇਰ ਸੂਰਜਮੁਖੀ (ਅਲਬੀਨੋ; ਰੰਗਹੀਣਤਾ ਦੀ ਚਮੜੀ ਦੀ ਬਿਮਾਰੀ- ਅਨੁ.) ਜਿਸਨੂੰ ਹਿੰਦੋਸਤਾਨ ਵਿਚ ਬੜਾ ਤਰਸਯੋਗ ਸਮਝਿਆ ਜਾਂਦਾ ਸੀ। ਜਦੋਂ ਉਸ ਮੂੰਹ ਧੋਤਾ ਹੁੰਦਾ ਤਾਂ ਉਸਦੇ ਪੈਨਸਿਲ ਨਾਲ ਬਣਾਏ ਭਰਵੱਟੇ ਗ਼ਾਇਬ ਹੁੰਦੇ। ਚਿਹਰਾ ਇਓਂ ਭਾਸਦਾ ਜਿਵੇਂ ਕਿਸੇ ਨੇ ਤਸਵੀਰ ਨੂੰ ਸਸਤੇ ਰਬੜ ਨਾਲ ਵਿਗਾੜ ਦਿੱਤਾ ਹੋਏ।

ਓਧਰ ਡਾਰਥੀ ਠੰਢੀ ਸੀ, ਅਜਨਬੀ ਸੀ। ਜੈਕਸਨ ਦਾ ਵਜੂਦ ਉਸਦੇ ਲਈ ਇੱਕ ਘਿਨਾਉਣੀ ਗਾਲ੍ਹ ਸੀ। ਉਹ ਆਪਣੇ ਆਪ ਨੂੰ ਬਹੁਤ ਹੀ ਬਦਨਸੀਬ ਅਤੇ ਜ਼ੁਲਮਾਂ-ਮਾਰੀ ਸਮਝਦੀ ਸੀ। ਅਤੇ ਸ਼ਾਦੀ ਨੂੰ ਨਾ-ਚੱਲਣਵਾਲੀ ਬਨਾਉਣ ਦੀ ਹੱਕਦਾਰ ਸੀ। ਭਾਵੇਂ ਜੈਕਸਨ ਕਿੰਨੇ ਹੀ ਬੁਲੰਦ ਅਹੁਦੇ 'ਤੇ ਕਿਉਂ ਨਾ ਪਹੁੰਚ ਜਾਂਦਾ ਉਹ ਉਸ 'ਤੇ ਫ਼ਖ਼ਰ ਨਹੀਂ ਕਰ ਸਕਦੀ ਸੀ, ਕਿਉਂਕਿ ਉਸਨੂੰ ਪਤਾ ਸੀ ਕਿ ਇਹ ਸਾਰੇ ਅਹੁਦੇ ਖ਼ੁਦ ਉਸ ਦੇ ਪਿਓ ਨੇ ਦੁਆਏ ਹੋਏ ਹਨ ਜਿਹੜੇ ਕਿਸੇ ਵੀ ਅਹਿਮਕ ਨੂੰ ਦੁਆ ਦਿਓ ਤਾਂ ਉਹ ਅਸਮਾਨਾਂ ਨੂੰ ਛੋਹ ਲੈਂਦਾ।

ਉਸਦੇ ਉਲਟ ਸੱਖੂ ਬਾਈ ਸਾਡੀ ਗਰਮਾ-ਗਰਮ ਸੀ। ਉਸਨੇ ਪਵਨ ਪੁਲ 'ਤੇ ਧੂਣੀ ਵਾਂਗ ਮਚ ਕੇ ਹਜ਼ਾਰਾਂ ਦੇ ਹੱਥ ਸੇਕਣ ਦਾ ਸਮਾਨ ਹਾਸਲ ਕਰਾਇਆ ਸੀ। ਉਹ ਗਣਪਤ ਦੀ ਰਖੇਲੀ ਸੀ ਜਿਹੜਾ ਉਸ ਨੂੰ ਪੁਰਾਣੀ ਕਮੀਜ਼ ਵਾਂਗ ਦੋਸਤਾਂ ਨੂੰ ਉਧਾਰ ਦੇ ਦਿੰਦਾ ਹੁੰਦਾ ਸੀ। ਉਹਦੇ ਲਈ ਜੈਕਸਨ ਸਾਹਬ ਦੇਵਤਾ ਸੀ। ਸ਼ਰਾਫ਼ਤ ਦਾ ਅਵਤਾਰ ਸੀ। ਉਸਦੇ ਅਤੇ ਗਣਪਤ ਦੇ ਪਿਆਰ ਦੇ ਤਰੀਕੇ ਵਿਚ ਕਿੰਨਾ ਫ਼ਰਕ ਸੀ, ਗਣਪਤ ਤਾਂ ਉਸ ਨੂੰ ਮੂੰਹ ਦਾ ਸੁਆਦ ਬਦਲਣ ਲਈ ਚੱਬ ਚੱਬ ਕੇ ਥੁੱਕਦਾ। ਅਤੇ ਸਾਹਬ ਇੱਕ ਮਜਬੂਰ ਜ਼ਰੂਰਤਮੰਦ ਵਾਂਗ ਉਸਨੂੰ ਅੰਮ੍ਰਿਤ ਸਮਝਦਾ। ਉਸਦੇ ਪਿਆਰ ਵਿਚ ਇੱਕ ਬੱਚੇ ਵਰਗੀ ਲਚਾਰੀ ਸੀ।

ਜਦੋਂ ਅੰਗ੍ਰੇਜ਼ ਆਪਣਾ ਟਾਟ ਪੱਲਾ ਲੈ ਕੇ ਚਲੇ ਗਏ ਤਾਂ ਉਹ ਨਾ ਗਿਆ। ਡਾਰਥੀ ਨੇ ਉਸਨੂੰ ਸੱਦਣ ਦੇ ਸਾਰੇ ਜਤਨ ਕਰ ਛੱਡੇ। ਧਮਕੀਆਂ ਦਿੱਤੀਆਂ ਪਰ ਉਸ ਅਸਤੀਫ਼ਾ ਦੇ ਦਿੱਤਾ ਅਤੇ ਨਹੀਂ ਗਿਆ।

"ਸਾਹਬ ਤੁਹਾਨੂੰ ਆਪਣੇ ਬੱਚੇ ਵੀ ਚੇਤੇ ਨਹੀਂ ਆਉਂਦੇ?" ਮੈਂ ਇੱਕ ਦਿਨ ਉਸ ਤੋਂ ਪੁੱਛਿਆ।

"ਬਹੁਤ ਚੇਤੇ ਆਉਂਦੇ ਹਨ। ਫ਼ੱਲੋ ਸ਼ਾਮ ਨੂੰ ਦੇਰ ਨਾਲ ਆਉਂਦੀ ਹੈ ਅਤੇ ਪੱਟੂ ਛੋਕਰਵਾਧੇ ਨਾਲ ਖੇਡਣ ਤੁਰ ਜਾਂਦਾ ਹੈ। ਮੈਂ ਚਾਹੁੰਦਾ ਹਾਂ ਉਹ ਕਦੇ ਮੇਰੇ ਕੋਲ ਵੀ ਬੈਠਣ," ਉਹ ਭਰਮਾਉਣ ਲੱਗਾ।

"ਪੱਟੂ ਤੇ ਫ਼ਲੋਮਿਣਾ ਨਹੀਂ। --- ਅਲਕਜ਼ੈਂਡਰ ਅਤੇ ਲੀਜ਼ਾ...," ਮੈਂ ਵੀ ਢੀਠਤਾ ਫੜ ਲਈ।

"ਨਹੀਂ ...ਨਹੀਂ..." ਉਹ ਹੱਸ ਕੇ ਸਿਰ ਹਿਲਾਉਣ ਲੱਗਾ। "ਕਤੂਰੇ ਸਿਰਫ਼ ਕੁੱਤੀ ਨਾਲ ਹਿੱਲੇ ਹੁੰਦੇ ਹਨ, ਓਸ ਕੁੱਤੇ ਨੂੰ ਨਹੀਂ ਪਛਾਣਦੇ ਜੋ ਉਨ੍ਹਾਂ ਦੇ ਵਜੂਦ ਵਿਚ ਭਾਈਵਾਲ ਹੁੰਦਾ ਹੈ," ਉਸਨੇ ਆਪਣੀ ਅਸਲੀ ਅੱਖ

ਮਾਰ ਕੇ ਕਿਹਾ।
"ਇਹ ਜਾਂਦਾ ਕਿਉਂ ਨਹੀਂ, ਇੱਥੇ ਪਿਆ ਸੜ ਰਿਹਾ ਹੈ" - ਮੈਨੂੰ ਹੀ ਨਹੀਂ ਆਸ ਪਾਸ ਦੇ ਸਾਰੇ ਲੋਕਾਂ ਨੂੰ ਅਚਵੀ ਜਿਹੀ ਹੁੰਦੀ ਸੀ।
"ਜਸੂਸ ਹੈ, ਉਹਨੂੰ ਜਾਣ ਬੁੱਝ ਕੇ ਇੱਥੇ ਰੱਖਿਆ ਗਿਆ ਹੈ ਤਾਂ ਜੋ ਇਹ ਸਾਡੇ ਮੁਲਕ ਵਿਚ ਮੁੜ ਬਰਤਾਨਵੀ ਰਾਜ ਲਿਆਉਣ ਵਿਚ ਮਦਦ ਕਰੇ", ਕੁਝ ਲੋਕ ਇਹ ਵੀ ਖ਼ਿਆਲ ਪ੍ਰਗਟਾਉਂਦੇ।
ਗਲੀ ਦਾ ਮੁੰਡੀਰਵਾਧਾ ਜਦੋਂ ਵੀ ਕਦੇ ਉਹ ਦਿਸਦਾ ਇਹੀ ਪੁੱਛਦਾ।
"ਸਾਹਬ ਵਿਲਾਇਤ ਕਬ ਜਾਏਗਾ?"
"ਸਾਹਬ ਕਵਿੱਟ ਇੰਡੀਆ ਕਾਇ ਕੋ ਨਹੀਂ ਕਰਤਾ?"
"ਹਿੰਦੋਸਤਾਨ ਛੋੜ ਦੋ ਸਾਹਬ!"
"ਅੰਗ੍ਰੇਜ਼ ਛੋਰਾ ਚਲਾ ਗਿਆ।"
"ਵੋ ਗੋਰਾ ਗੋਰਾ ਚਲਾ ਗਿਆ।"
"ਫੇਰ ਤੁਮ ਕਾਇ ਕੋਂ ਨਹੀਂ ਜਾਤਾ?"
ਸੜਕ 'ਤੇ ਅਵਾਰਾ ਘੁੰਮਣ ਵਾਲੇ ਲੌਂਡੇ ਉਸ ਦੇ ਪਿੱਛੇ ਭੀੜ ਲਾਉਂਦੇ ਟਿੱਚਰਾਂ ਕਰਦੇ।
"ਹੂੰ... ਹੋ ਹੋ .. ਜਾਏਗਾ...ਜਾਏਗਾ...ਬਾਬਾ", ਉਹ ਸਿਰ ਹਿਲਾਅ ਕੇ ਮੁਸਕ੍ਰਾਉਂਦਾ ਅਤੇ ਆਪਣੀ ਖੋਲੀ ਵਿਚ ਚਲਾ ਜਾਂਦਾ।
ਓਦੋਂ ਮੈਨੂੰ ਓਸ 'ਤੇ ਬੜਾ ਤਰਸ ਆਉਂਦਾ। ਕਿੱਥੇ ਹਨ ਦੁਨੀਆ ਦੇ ਰਖਵਾਲੇ ਜਿਹੜੇ ਹਰ ਕਮਜ਼ੋਰ ਮੁਲਕ ਨੂੰ ਸਭਿਅਤਾ ਸਿਖਾਂਦੇ ਫਿਰਦੇ ਹਨ। ਨੰਗਿਆਂ ਨੂੰ ਪਤਲੂਨਾਂ ਅਤੇ ਫ਼ਰਾਕਾਂ ਪੁਆਉਂਦੇ ਫਿਰਦੇ ਹਨ। ਆਪਣੇ ਚਿੱਟੇ ਖ਼ੂਨ ਦੇ ਉਚੇਰੇ ਹੋਣ ਦਾ ਢੋਲ ਕੁੱਟਦੇ ਹਨ। ਉਨ੍ਹਾਂ ਦਾ ਹੀ ਖ਼ੂਨ ਹੈ ਜਿਹੜਾ ਜੈਕਸਨ ਦੇ ਰੂਪ ਵਿਚ ਕਿੰਨਾ ਨੰਗਾ ਹੋ ਚੁੱਕਾ ਹੈ ਪਰ ਉਸਨੂੰ ਕੋਈ ਮਿਸ਼ਨਰੀ ਕੱਜਣ ਨਹੀਂ ਆਉਂਦਾ।
ਅਤੇ ਜਦੋਂ ਗਲੀ ਦੇ ਲਫੰਗੇ ਥੱਕ ਹਾਰ ਕੇ ਚਲੇ ਜਾਂਦੇ ਤਾਂ ਉਹ ਆਪਣੀ ਖੋਲੀ ਅੱਗੇ ਬੈਠ ਬੀੜੀ ਪੀਂਦਾ ਹੁੰਦਾ। ਉਸਦੀ ਇਕਲੌਤੀ ਅੱਖ ਦੂਰ ਦਿਸਹੱਦੇ 'ਤੇ ਇਸ ਮੁਲਕ ਦੀਆਂ ਸਰਹੱਦਾਂ ਲੱਭ ਰਹੀ ਹੁੰਦੀ ਜਿੱਥੇ ਨਾ ਕੋਈ ਗੋਰਾ ਹੈ, ਨਾ ਕਾਲਾ, ਨਾ ਕੋਈ ਜ਼ਬਰਦਸਤੀ ਜਾ ਸਕਦਾ ਹੈ, ਅਤੇ ਨਾ ਆ ਸਕਦਾ ਹੈ ਅਤੇ ਨਾ ਓਥੇ ਕੁਕਰਮਣ ਮਾਵਾਂ ਆਪਣੇ ਨਜਾਇਜ਼ ਬੱਚਿਆਂ ਨੂੰ ਤੇਰੀ ਮੇਰੀ ਚੌਖਟ 'ਤੇ ਜੰਮ ਕੇ ਖ਼ੁਦ ਆਪਣੀ ਇੱਜ਼ਤ-ਦਾਰ ਦੁਨੀਆ ਵਸਾਅ ਲੈਂਦੀਆਂ ਹਨ।
ਸੱਖੂ ਬਾਈ ਆਸ ਪਾਸ ਦੇ ਘਰਾਂ ਵਿਚ ਕਮਾਊ ਦਾ ਕੰਮ ਕਰਦੀ ਚੰਗਾ ਖਾਸਾ ਕਮਾਅ ਲੈਂਦੀ। ਉਸਦੇ ਇਲਾਵਾ ਉਹ ਬਾਂਸ ਦੀਆਂ ਟੋਕਰੀਆਂ, ਮੇਜ਼ ਕੁਰਸੀ ਵਗੈਰਾ ਵੀ ਬਣਾਅ ਲੈਂਦੀ ਸੀ। ਇਸ ਕੰਮ ਰਾਹੀਂ ਵੀ ਕੁਝ ਆਮਦਨੀ ਹੋ ਜਾਂਦੀ। ਜੈਕਸਨ ਵੀ ਜੇ ਨਸ਼ੇ ਵਿਚ ਨਾ ਹੁੰਦਾ ਤਾਂ ਪੁੱਠੀਆਂ ਸਿੱਧੀਆਂ ਬਿਨ ਪੈਂਦੇ ਦੀਆਂ ਟੋਕਰੀਆਂ ਬਣਾਉਂਦਾ। ਸ਼ਾਮ ਨੂੰ ਸੱਖੂ ਬਾਈ ਉਹਦੇ ਵਾਸਤੇ ਇੱਕ ਠੱਰ੍ਹੇ ਦਾ ਅਧੀਆ ਲਿਆ ਦਿੰਦੀ ਜਿਹੜਾ ਉਹ ਫ਼ੌਰਨ ਚਾੜ੍ਹ ਜਾਂਦਾ ਅਤੇ ਫੇਰ ਉਸ ਨਾਲ ਲੜਨ ਲੱਗਦਾ।
ਇੱਕ ਰਾਤ ਉਸ ਪਤਾ ਨਹੀਂ ਕਿੱਥੋਂ ਠੱਰ੍ਹੇ ਦੀ ਪੂਰੀ ਬੋਤਲ ਹਾਸਲ ਕਰ ਲਈ ਅਤੇ ਸਾਰੀ ਰਾਤ ਪੀਂਦਾ ਰਿਹਾ। ਰਾਤ ਦੇ ਅਖੀਰੀ ਪਹਿਰ ਓਥੇ ਹੀ ਖੋਲੀ ਅੱਗੇ ਪਿਆ ਸੌਂ ਗਿਆ। ਫ਼ਲੋਮਿਣਾ ਅਤੇ ਪੱਟੂ ਉਸ ਉੱਪਰੋਂ ਟੱਪ ਕੇ ਸਕੂਲ ਚਲੇ ਗਏ। ਸੱਖੂ ਬਾਈ ਵੀ ਥੋੜ੍ਹਾ ਚਿਰ ਉਸਨੂੰ ਗਾਲ੍ਹਾਂ ਕੱਢ ਚਲੀ ਗਈ। ਦੁਪਹਿਰ ਤੱਕ ਉਹ ਓਥੇ ਹੀ ਪਿਆ ਰਿਹਾ। ਸ਼ਾਮੀਂ ਜਦੋਂ ਬੱਚੇ ਆਏ ਤਾਂ ਉਹ ਕੰਧ ਨਾਲ ਢੋਅ ਲਾਈ ਬੈਠਾ ਸੀ। ਉਸਨੂੰ ਬਹੁਤ ਬੁਖ਼ਾਰ ਸੀ ਜਿਹੜਾ ਦੂਜੇ ਦਿਨ ਵਧ ਕੇ ਦਿਮਾਗ਼ ਨੂੰ ਚੜ੍ਹ ਜਾਣ ਦੀ ਸ਼ਕਲ ਫੜ ਗਿਆ।
ਸਾਰੀ ਰਾਤ ਉਹ ਪਤਾ ਨਹੀਂ ਕੀ ਕੀ ਬਰੜਾਂਦਾ ਰਿਹਾ। ਪਤਾ ਨਹੀਂ ਕਿਸ ਕਿਸ ਨੂੰ ਚੇਤੇ ਕਰਦਾ ਰਿਹਾ, ਸ਼ਾਇਦ ਆਪਣੀ ਮਾਂ ਨੂੰ ਜਿਸ ਨੂੰ ਉਸ ਕਦੇ ਨਹੀਂ ਵੇਖਿਆ ਸੀ। ਜੋ ਉਸ ਵੇਲੇ ਕਿਸੇ ਸ਼ਾਨਦਾਰ ਦਾਅਵਤ ਵਿਚ ਹਿੱਸਾ ਲੈਂਦੀ ਹੋਈ ਇਖ਼ਲਾਕੀ ਸੁਧਾਰ ਉੱਤੇ ਭਾਸ਼ਣ ਦੇਂਦੀ ਹੋਏਗੀ। ਜਾਂ ਉਹ ਪਿਓ ਚੇਤੇ ਆ ਰਿਹਾ ਹੋਏ ਜਿਸ ਨਸਲ ਚਲਾਉਣ ਵਾਲੇ ਸਾਨ੍ਹ ਦੀ ਸੇਵਾ ਦੇਣ ਤੋਂ ਬਾਅਦ ਉਸਨੂੰ ਆਪਣੇ ਜਿਸਮ ਤੋਂ ਵਗੀ ਹੋਈ ਗੰਦਗੀ ਤੋਂ ਵੱਧ ਅਹਿਮੀਅਤ ਨਾ ਦਿੱਤੀ। ਅਤੇ ਜੋ ਉਸ ਵਕਤ ਕਿਸੇ ਦੂਸਰੇ ਹਾਕਮ-ਹੇਠਲੇ ਮੁਲਕ ਵਿਚ ਬੈਠਾ ਕੌਮ ਦੀ ਤਾਕਤ ਕਾਇਮ ਕਰਨ ਦੇ ਮਨਸੂਬੇ ਬਣਾਅ ਰਿਹਾ ਹੋਏਗਾ। ਜਾਂ ਡਾਰਥੀ ਦੇ ਮਿਹਣਿਆਂ ਭਰੇ ਅਹਿਸਾਨ ਚੇਤੇ ਆ ਰਹੇ ਹੋਣ। ਜਿਹੜੇ ਬੇਰਿਹਮ ਕਿਸਾਨ ਦੇ ਹੰਟਰਾਂ ਵਾਂਗ ਸਾਰੀ ਉਮਰ ਉਸ ਦੇ ਕੋਮਲ-ਅਹਿਸਾਸਾਂ 'ਤੇ ਵਰ੍ਹਦੇ ਰਹੇ ਜਾਂ ਸ਼ਾਇਦ ਉਹ ਗੋਲ਼ੀਆਂ ਜਿਹੜੀਆਂ ਉਸਦੀ ਮਸ਼ੀਨ ਗੱਨ ਵਿਚੋਂ ਨਿੱਕਲ ਬੇਗੁਨਾਹਾਂ ਦੀਆਂ ਛਾਤੀਆਂ ਦੇ ਪਾਰ ਹੋਈਆਂ ਅਤੇ ਅੱਜ ਪਲਟ ਕੇ ਓਸੇ ਦੀ ਰੂਹ ਨੂੰ ਡੰਗ ਰਹੀਆਂ ਸਨ।
ਉਹ ਸਾਰੀ ਰਾਤ ਬੜਬੜਾਂਦਾ ਰਿਹਾ, ਚੀਕਦਾ ਰਿਹਾ, ਸਿਰ ਪਟਕਦਾ ਰਿਹਾ। ਛਾਤੀ ਦੀ ਧੌਂਕਣੀ ਚੱਲਦੀ ਰਹੀ। ਕੰਧਾਂ-ਬੂਹਿਆਂ ਪੁਕਾਰ ਪੁਕਾਰ ਆਖਿਆ, "ਤੇਰਾ ਕੋਈ ਮੁਲਕ ਨਹੀਂ...ਕੋਈ ਨਸਲ ਨਹੀਂ...ਕੋਈ ਰੰਗ ਨਹੀਂ....ਤੇਰਾ ਮੁਲਕ ਅਤੇ ਨਸਲ ਸੱਖੂ ਬਾਈ ਹੈ ਜਿਸ ਤੈਨੂੰ ਹੱਦੋਂ ਵੱਧ ਪਿਆਰ ਦਿੱਤਾ ਕਿਉਂਕਿ ਉਹ ਵੀ ਆਪਣੇ ਦੇਸ ਵਿਚ ਕੁ-ਦੇਸਣ ਹੈ। ਬਿਲਕੁਲ ਤੇਰੇ ਵਾਂਗ। ਉਨ੍ਹਾਂ ਕਰੋੜਾਂ ਇਨਸਾਨਾਂ ਵਾਂਗ ਜਿਹੜੇ ਦੁਨੀਆ ਦੀ ਹਰ ਨੁੱਕਰੇ ਪੈਦਾ ਹੋ ਜਾਂਦੇ ਹਨ। ਨਾ ਇਨ੍ਹਾਂ ਦੇ ਜੰਮਣ 'ਤੇ ਸ਼ਜਿਨਾਈਆਂ ਵੱਜਦੀਆਂ ਹਨ ਨਾ ਮੌਤ 'ਤੇ ਮਾਤਮ ਹੁੰਦੇ ਹਨ!"
ਪਹੁ ਫੁੱਟ ਰਹੀ ਸੀ। ਮਿੱਲਾਂ ਦੀਆਂ ਚਿਮਨੀਆਂ ਧੂੰਆਂ ਉੱਗਲ ਰਹੀਆਂ ਸਨ ਅਤੇ ਮਜ਼ਦੂਰਾਂ ਦੀਆਂ ਕਤਾਰਾਂ ਨੂੰ ਹੜੱਪ ਰਹੀਆਂ ਸਨ। ਥੱਕੀਆਂ ਹਾਰੀਆਂ ਰੰਡੀਆਂ ਆਪਣੇ ਰਾਤ ਭਰ ਦੇ ਗਾਹਕਾਂ ਦੇ ਚੁੰਗਲ ਤੋਂ ਪਿੰਡਾ ਛੁਡਾਅ ਉਨ੍ਹਾਂ ਨੂੰ ਤੋਰ ਰਹੀਆਂ ਸਨ।
"ਹਿੰਦੋਸਤਾਨ ਛੋੜ ਦੋ।"
"ਕਵਿੱਟ ਇੰਡੀਆ।"
ਮਿਹਣਿਆਂ ਅਤੇ ਨਫ਼ਰਤ ਵਿੱਚ ਡੁੱਬੀਆਂ ਅਵਾਜ਼ਾਂ ਉਸ ਦੇ ਦਿਮਾਗ਼ ਉੱਤੇ ਹਥੌੜੇ ਵਾਂਗ ਵੱਜ ਰਹੀਆ ਸਨ। ਉਸਨੇ ਇੱਕ ਵਾਰ ਹਸਰਤ ਨਾਲ ਆਪਣੀ ਤੀਵੀਂ ਵੱਲ ਵੇਖਿਆ ਜਿਹੜੀ ਓਥੇ ਹੀ ਫੱਟੀ 'ਤੇ ਸਿਰ ਰੱਖ ਸੌਂ ਗਈ ਸੀ। ਫ਼ਲੋਮਿਣਾ ਰਸੋਈ ਦੇ ਦਰਵਾਜ਼ੇ ਵਿਚ ਟਾਟ ਦੇ ਟੁਕੜੇ 'ਤੇ ਸੁੱਤੀ ਸੀ। ਪੱਟੂ ਉਸਦੇ ਲੱਕ ਵਿਚ ਮੂੰਹ ਵਾੜੀ ਪਿਆ ਸੀ। ਕਲੇਜੇ ਵਿਚ ਇੱਕ ਹੂਕ ਜਿਹੀ ਉੱਠੀ ਅਤੇ ਉਸਦੀ ਅਸਲੀ ਅੱਖ ਵਿੱਚੋਂ ਇੱਕ ਹੰਝੂ ਟਪਕ ਕੇ ਮੈਲੀ ਦਰੀ ਵਿਚ ਜਜ਼ਬ ਹੋ ਗਿਆ।

ਬਰਤਾਨਵੀ ਰਾਜ ਦੀ ਮਿਟਦੀ ਹੋਈ ਨਿਸ਼ਾਨੀ ਏਰਿਕ ਵਿਲੀਅਮ ਜੈਕਸਨ ਨੇ ਹਿੰਦੋਸਤਾਨ ਛੱਡ ਦਿੱਤਾ।

ਕੋਟ ਤੇ ਮਨੁੱਖ

ਨਵਤੇਜ ਸਿੰਘ

100 ਵਾਂ ਜਨਮਦਿਨ 8 ਜਨਵਰੀ 1925 – 12 ਅਗਸਤ 1981

ਘਰ ਰਜ਼ਾਈਆਂ ਸਿਰਫ਼ ਤਿੰਨ ਹੀ ਸਨ, ਉਹ ਵੀ ਪੁਰਾਣੀਆਂ ਜੁੱਲੀਆਂ ਜਹੀਆਂ— ਤੇ ਉਤੋਂ ਕਹਿਰਾਂ ਦਾ ਪਾਲਾ ਪੈ ਰਿਹਾ ਸੀ।

ਰੋਜ਼ ਵਿਚਕਾਰਲੇ ਭੈਣ-ਭਰਾ ਇਕ ਰਜ਼ਾਈ ਵਿਚ ਸੌਂਦੇ, ਸਭ ਤੋਂ ਵੱਡੀ ਸੀਤੋ ਤੇ ਸਭ ਤੋਂ ਨਿੱਕੀ ਮੁੰਨੀ ਦੂਜੀ ਵਿਚ, ਤੇ ਤੀਜੀ ਵਿਚ ਉਨ੍ਹਾਂ ਦਾ ਪਿਓ ਮਾਸਟਰ ਈਸ਼ਰ ਦਾਸ। ਉਨ੍ਹਾਂ ਦੀ ਮਾਂ ਭਾਗਵੰਤੀ ਖੇਸ ਜੋੜ-ਜਾੜ ਕੇ, ਦਰੀ ਉਤੇ ਲੈ ਕੇ ਕੁਝ ਠੀਆ ਠੱਪਾ ਕਰ ਲੈਂਦੀ ਸੀ; ਪਰ ਕੁਝ ਦਿਨਾਂ ਤੋਂ ਲਗਾਤਾਰ ਰਾਤੀਂ ਠੰਢ ਲੱਗਣ ਕਰ ਕੇ ਸਾਰਾ-ਸਾਰਾ ਦਿਨ ਉਹਦੇ ਹੱਡ-ਪੈਰ ਟੁਟਦੇ ਰਹਿੰਦੇ ਸਨ, ਤੇ ਹਿਲਣ ਨੂੰ ਜੀਅ ਨਹੀਂ ਸੀ ਕਰਦਾ।

ਛੋਟੇ ਤਿੰਨ ਤਾਂ ਸੌਂ ਚੁੱਕੇ ਸਨ, ਪਰ ਵੱਡੀ ਸੀਤੋ ਜਾਗਦੀ ਪਈ ਸੀ। ਉਹਨੂੰ ਉਹ ਖੰਘ ਛਿੜੀ ਹੋਈ ਸੀ ਕਿ ਉਤਲਾ ਸਾਹ ਉਤੇ ਤੇ ਥੱਲੇ ਦਾ ਥੱਲੇ...ਤੇ ਇਹ ਨਾਮੁਰਾਦ ਖੰਘ ਬੜੇ ਚਿਰ ਤੋਂ, ਏਸ ਮੁਟਿਆਰ ਵਰੇਸ ਵਿਚ ਵੀ, ਉਹਦਾ ਖਹਿੜਾ ਨਹੀਂ ਸੀ ਛੱਡ ਰਹੀ।

ਪੂਰੇ ਦੋ ਵਰ੍ਹਿਆਂ ਤੋਂ ਖੰਘ-ਜ਼ੁਕਾਮ ਦਾ ਜੰਮ ਉਹਨੂੰ ਚੰਬੜਿਆ ਹੋਇਆ ਸੀ। ਇਕ ਵਾਰ ਮਾਸਟਰ ਈਸ਼ਰ ਦਾਸ ਨੇ ਆਪਣੇ ਕਿਸੇ ਸ਼ਗਿਰਦ ਦੇ ਡਾਕਟਰ ਪਿਓ ਕੋਲੋਂ ਬਿਨਾਂ ਫ਼ੀਸ ਸੀਤੋ ਦਾ ਮੁਆਇਨਾ ਕਰਾਇਆ ਸੀ। ਡਾਕਟਰ ਨੇ ਦੱਸਿਆ ਸੀ, "ਇਹਦੇ ਗਲੇ ਦਾ ਉਪਰੇਸ਼ਨ ਬਹੁਤ ਹੀ ਜ਼ਰੂਰੀ ਏ — ਜੇ ਹੋਰ ਕੁਝ ਦੇਰ ਏਸ ਤਰ੍ਹਾਂ ਘੌਲ ਕੀਤੀ ਤਾਂ ਇਹਦੇ ਕੰਨਾਂ ਨੂੰ ਘੱਟ ਸੁਣਾਈ ਦੇਣ ਲੱਗ ਪਏਗਾ ਤੇ ਇਹਦੇ ਦਿਲ ਉਤੇ ਵੀ ਅਸਰ ਪਏਗਾ।" ਤੇ ਡਾਕਟਰ ਨੇ ਰੋਜ਼ ਸੀਤੋ ਨੂੰ ਦੁੱਧ, ਆਂਡੇ, ਪੱਤਿਆਂ ਵਾਲੀਆਂ ਸਬਜ਼ੀਆਂ, ਫਲ ਤੇ ਵਿਟਾਮਿਨ ਦੀਆਂ ਗੋਲੀਆਂ ਖੁਆਣ ਲਈ ਕਿਹਾ ਸੀ।

ਪਰ ਸੀਤੋ ਦੋ ਵਰ੍ਹਿਆਂ ਤੋਂ ਇੰਝ ਹੀ ਖੰਘ ਰਹੀ ਸੀ। ਬਨਫ਼ਸ਼ੇ ਤੋਂ ਵਧ ਉਹ ਉਹਦੇ ਲਈ ਹੋਰ ਕੋਈ ਦਵਾਈ ਲਿਆ ਨਹੀਂ ਸੀ ਸਕਿਆ। ਉਪਰੇਸ਼ਨ, ਰੋਜ਼ ਦੁੱਧ, ਆਂਡੇ, ਫਲ, ਵਰ੍ਹਿਆਂ ਤੋਂ ਹੋਰ ਤੇ ਹੋਰ, ਉਹ ਆਪਣੀ ਸੱਤਰ ਰੁਪਏ ਮਾਹਵਾਰ ਤਨਖ਼ਾਹ ਵਿਚ ਘਰ ਲਈ ਇਕ ਰਜ਼ਾਈ ਵੀ ਮੁੱਲ ਨਹੀਂ ਸੀ ਲੈ ਸਕਿਆ!

"ਸੀਤੋ...ਸੀਤੋ!"

ਸੀਤੋ ਨੇ ਨਾ ਸੁਣਿਆ, ਸ਼ੈਦ ਖੰਘ ਛਿੜੀ ਹੋਣ ਕਰਕੇ।

"...ਡਾਕਟਰ ਨੇ ਕਿਹਾ ਸੀ, ਜੇ ਗਲਿਆਂ ਦਾ ਉਪਰੇਸ਼ਨ ਛੇਤੀ ਨਾ ਹੋਇਆ ਤਾਂ ਇਹਦੇ ਕੰਨਾਂ ਨੂੰ ਵੀ ਕਸਰ ਹੋ ਜਾਏਗੀ..."

ਸੀਤੋ ਦੀ ਮਾਂ ਚੌਂਕਾ-ਭਾਂਡਾ ਸਾਂਭ ਕੇ ਆ ਗਈ, ਤੇ ਆਪਣੇ ਮੰਜੇ ਉਤੇ ਫਿਸੀਆਂ ਪੁਰਾਣੀਆਂ ਖੇਸੀਆਂ, ਦਰੀਆਂ ਜੋੜਨ ਲੱਗੀ।

"ਸੀਤੋ ਦੀ ਮਾਂ, ਅੱਜ ਤੂੰ ਮੇਰੀ ਰਜ਼ਾਈ ਲੈ ਲੈ, ਤੇ ਮੈਂ ਖੇਸੀਆਂ ਵਿਚ ਸੌਂ ਰਹਿੰਦਾ ਆਂ।"

"ਨਾ ਜੀ, ਮੈਂ ਤੇ ਸਾਰਾ ਦਿਨ ਘਰ ਧੁੱਪ ਸੇਕਦੀ ਰਹਿੰਦੀ ਆਂ, ਤੇ ਤੁਸੀਂ ਸਵੇਰ ਸਾਰ ਇਨ੍ਹਾਂ ਤਿੰਨਾਂ ਕੱਪੜਿਆਂ ਨਾਲ ਏਨੀ ਮੰਜ਼ਲ ਕਰ ਕੇ ਦੂਜੇ ਪਿੰਡ ਪੜ੍ਹਾਣ ਜਾਣਾ ਹੁੰਦਾ ਹੈ। ਤੇ ਫੇਰ ਸਕੂਲੋਂ ਵੀ ਗਾਂਹ ਰਾਏ ਸਾਹਿਬ ਦੇ ਬੰਗਲਿਓਂ ਟੀਸ਼ਨ ਪੜ੍ਹਾ ਕੇ ਕਿਤੇ ਸੋਤੇ ਪਏ ਪਰਤਦੇ ਓ। ਜੇ ਰਾਤੀਂ ਵੀ ਰਤਾ ਤੁਹਾਨੂੰ ਰਜਾਈ ਦਾ ਰਮਾਨ ਨਾ ਮਿਲਿਆ, ਤਾਂ ਸਵੇਰੇ ਕਿਵੇਂ ਇਸ ਔਖੇ ਰਿਜ਼ਕ ਦੀ ਚੱਕੀ ਪੀਹੋਗੇ?"

ਭਾਗਵੰਤੀ ਅੱਜ ਸਾਰਾ ਦਿਨ ਠੰਢ ਵਿਚ ਬੱਚਿਆਂ ਦੇ ਕੱਪੜੇ ਤੇ ਜਿਹੜੇ ਵੀ ਮਾੜੇ-ਮੋਟੇ ਬਿਸਤਰੇ ਘਰ ਹੈ ਸਨ, ਉਹ ਧੋਂਦੀ ਰਹੀ ਸੀ, ਤੇ ਹੁਣ ਉਹਦੇ ਪਾਸੇ ਪੀੜ ਕਰ ਰਹੇ ਸਨ; ਪਰ ਫੇਰ

25 ਸਾਲ ਦੀ ਉਮਰ ਵਿਚ ਲਿਖੀ ਕਹਾਣੀ। ਅਕਸਰ ਇਹ ਕਹਾਣੀ ਨਵਤੇਜ ਸਿੰਘ ਦੀ ਲਿਖਤ ਦੇ ਪ੍ਰਸੰਸਕਾਂ ਨੂੰ ਸਭ ਤੋਂ ਪਹਿਲੇ ਨੰਬਰ 'ਤੇ ਚੇਤੇ ਰਹਿੰਦੀ ਹੈ। -ਸੰ.

"...ਖ਼ਬਰਦਾਰ ਜੇ ਕਿਸੇ ਕੋਲੋਂ ਮੰਗ ਕੇ ਕਦੇ ਕੁਝ ਲਿਆ...!" ਤੇ ਇਹ ਗਰਮ ਕੋਟ ਉਹਨੇ ਮੰਗ ਕੇ ਲਿਆ ਸੀ।...

ਭਾਗਵੰਤੀ ਈਸ਼ਰ ਦਾਸ ਦੇ ਮੰਜੇ ਉਤੇ ਆਣ ਬੈਠੀ, "ਦੱਸੋ ਵੀ ਕਿਹੜੇ ਰੰਗ ਦਾ ਜੇ ਕੋਟ? ਹੁਧਾਰ ਫੜਿਆ ਜੇ ਕਿਤੋਂ?"

"ਨਹੀਂ— ਮੈਂ ਤਾਂ ਐਵੇਂ ਤੈਨੂੰ ਝਕਾਂਦਾ ਸਾਂ ਪਿਆ," ਇਕ ਅਕਹਿ ਪੀੜ ਨਾਲ ਈਸ਼ਰ ਦਾਸ ਨੇ ਕਿਹਾ, "ਸਾਡੇ ਨਸੀਬਾਂ ਵਿਚ ਕਿਥੇ ਗਰਮ ਕੋਟ!"

"ਰਖ ਸਾਈਂ ਦੀ, ਐਵੇਂ ਨਾ ਕੋਸਿਆ ਕਰੋ ਆਪਣੇ ਨਸੀਬਾਂ ਨੂੰ," ਭਾਗਵੰਤੀ ਨੇ ਬੜੀ ਤਕੜਾਈ ਨਾਲ ਕਹਿਣਾ ਚਾਹਿਆ, ਪਰ ਪਤਾ ਨਹੀਂ ਕਿਉਂ ਉਹਦਾ ਰੋਣ ਨਿਕਲ ਗਿਆ।

ਕੋਟ ਤੇ ਮਨੁੱਖ

ਵੀ ਉਹ ਵਾਰੋ-ਵਾਰ ਆਪਣੇ ਹਰ ਬੱਚੇ ਉਤੇ ਸਾਂਝੀਆਂ ਰਜ਼ਾਈਆਂ ਠੀਕ-ਠਾਕ ਕਰਨ ਲੱਗ ਪਈ।

ਤਿੰਨਾਂ ਕੱਪੜਿਆਂ ਨਾਲ…ਤੇ ਮਾਸਟਰ ਈਸ਼ਰ ਦਾਸ ਨੂੰ ਆਪਣੀ ਰਜ਼ਾਈ ਦੇ ਵਿਚ ਵੀ ਕਾਂਬਾ ਛਿੜ ਗਿਆ। ਉਹ ਸਵੇਰੇ-ਸਵੇਰੇ ਤਿੰਨ ਕੋਹ ਚੱਲ ਕੇ ਆਪਣੀ ਨੌਕਰੀ ਉਤੇ ਪੁਜਦਾ ਸੀ। ਉਹਦੇ ਕੋਲ ਕਿੰਨੇ ਹੀ ਵਰ੍ਹਿਆਂ ਤੋਂ ਕੋਟ ਨਹੀਂ ਸੀ, ਸਵੈਟਰ ਵੀ ਕੋਈ ਨਹੀਂ ਸੀ। ਸਕੂਲੇ ਪੁੱਜ ਕੇ ਪਹਿਲੀ ਘੰਟੀ ਵਿਚ ਤਾਂ ਉਹ ਹਾਜ਼ਰੀ ਲਾਣ ਲਈ ਕਲਮ ਵੀ ਆਪਣੀਆਂ ਉਂਗਲਾਂ ਵਿਚ ਨਹੀਂ ਸੀ ਫੜ ਸਕਦਾ। ਅੱਗੇ

ਸ਼ਾਮੀਂ ਤਾਂ ਉਹ ਸਵੱਖਤੇ ਪਰਤਣ ਕਰਕੇ ਪਾਲੇ ਤੋਂ ਬਚ ਜਾਂਦਾ ਸੀ, ਪਰ ਹੁਣ ਉਹਨੇ ਸੌ ਸਿਫ਼ਾਰਸ਼ਾਂ ਪੁਆ ਕੇ ਰਾਏ ਸਾਹਿਬ ਦੇ ਪੁੱਤਰ ਦੀ ਟਿਊਸ਼ਨ ਲੈ ਲਈ ਸੀ। ਸਕੂਲੋਂ ਛੁੱਟੀ ਮਗਰੋਂ ਕੋਹ ਵਾਟ ਉਤੇ ਰਾਏ ਸਾਹਿਬ ਦੇ ਬੰਗਲੇ ਵਿਚ ਉਹ ਰਾਏਜ਼ਾਦੇ ਨੂੰ

ਪੜ੍ਹਾਨ ਜਾਂਦਾ ਸੀ। ਤੇ ਰਾਏਜ਼ਾਦਾ ਕਿਹੜਾ ਜਾਂਦਿਆਂ ਅੱਗੋਂ ਪੜ੍ਹਨ ਲਈ ਤਿਆਰ ਬੈਠਾ ਹੁੰਦਾ ਸੀ! ਕਦੇ ਉਹ ਮਟਕ-ਮਟਕ ਚਾਹ ਪੀ ਰਿਹਾ ਹੁੰਦਾ, ਕਦੇ ਉਹਦੇ ਲਈ ਕੋਈ ਉਚੇਚਾ ਪਕਵਾਨ ਬਣਦਾ ਹੁੰਦਾ ਤੇ ਇਹ ਖਾ ਕੇ ਕਿਤੇ ਉਹ ਮਾਸਟਰ ਕੋਲ ਆਂਦਾ।

ਸੋ ਭਾਵੇਂ ਰਾਏਜ਼ਾਦੇ ਨੂੰ ਇਕ ਘੰਟਾ ਹੀ ਪੜ੍ਹਾਨਾ ਹੁੰਦਾ ਸੀ, ਪਰ ਪੂਰੇ ਦੋ ਘੰਟੇ ਉਹਨੂੰ ਰਾਏ ਸਾਹਿਬ ਦੇ ਬੰਗਲੇ ਰਹਿਣਾ ਪੈਂਦਾ ਸੀ। ਇਸ ਦੋ ਕੋਹ ਦੇ ਵਲੇ, ਦੋ ਘੰਟਿਆਂ ਦੀ ਮਗ਼ਜ਼-ਮਾਰੀ

ਤੇ ਤ੍ਰਕਾਲੀਂ ਪਰਤਦਿਆਂ ਫੇਰ ਸਵੇਰ ਵਾਂਗ ਦੰਦੋੜਿਕੇ ਲੁਆਣ ਦਾ ਮੁੱਲ ਉਹਨੂੰ ਪੰਦਰਾਂ ਰੁਪਏ ਮਹੀਨਾ ਮਿਲਦਾ ਸੀ—ਤੇ ਕੁਲ ਤਿੰਨ ਮਹੀਨੇ ਟਿਊਸ਼ਨ ਇਹ ਰਹਿਣੀ ਸੀ। ਪੰਦਰਾਂ ਤੀਏ ਪੰਜਤਾਲੀ ਇਕ ਰਜ਼ਾਈ ਆਖਰ ਬਣ ਜਾਏਗੀ। ਸੀਤੋ ਦੀ ਮਾਂ ਲਈ, ਤੇ ਸੀਤੋ ਦੇ ਉਪਰੇਸ਼ਨ ਦੀ ਫ਼ੀਸ ਵੀ ਸ਼ੈਦ ਸਰ ਜਾਏ। ਮਾਰਚ ਤੱਕ, ਡਾਕਟਰ ਨੇ ਦੱਸਿਆ ਸੀ, ਉਪਰੇਸ਼ਨ ਹੋ ਸਕਦੇ ਨੇ। …ਤੇ ਸੀਤੋ ਲਈ ਪਾਈਆ ਦੁੱਧ!

ਭਾਗਵੰਤੀ ਨੇ ਆਪਣੇ ਮੰਜੇ ਉਤੇ ਲੇਟਦਿਆਂ ਕਿਹਾ,

"ਹੁਣ ਜਦੋਂ ਟੀਸ਼ਨ ਦੇ ਪੈਸੇ ਆਣ ਤਾਂ ਉੱਨ ਮੈਨੂੰ ਲਿਆ ਦੇਣੀ। ਮੈਂ ਤੁਹਾਨੂੰ ਇਕ ਸਵੈਟਰ ਹੀ ਉਣ ਦਿਆਂ। ਏਨੀ ਠੰਢ ਤਿੰਨਾਂ ਕੱਪੜਿਆਂ ਨਾਲ ਝਾਗਦੇ ਹੋ। ਰੱਬ ਨਾ ਕਰੇ, ਜੇ ਕਿਤੇ ਕੋਈ ਹਰਜ ਮਰਜ ਹੋ ਗਈ!" ਭਾਗਵੰਤੀ ਆਪਣੇ ਕੱਕਰ ਵਰਗੇ ਬਿਸਤਰੇ ਵਿਚ ਗੁੱਛਾ-ਮੁੱਛਾ ਹੋਈ ਕੰਬ ਰਹੀ ਤੇ ਕਾਂਬਾ ਉਹਦੀ ਵਾਜ ਵਿਚ ਵੀ ਸੀ।

"ਮੈਨੂੰ ਸਵੈਟਰ ਦੀ ਲੋੜ ਨਹੀਂ, ਮੈਂ ਇੱਕ ਕੋਟ ਅੱਜ ਲੈ ਆਂਦਾ ਏ।"

"ਕਿੱਥੇ ਜੇ ਕੋਟ? ਮੈਨੂੰ ਤਾਂ ਤੁਸਾਂ ਵਿਖਾਇਆ ਹੀ ਨਹੀਂ! ਤੇ ਲੈ ਕਿਵੇਂ ਲਿਆ ਜੇ?—ਹਾਲੀ ਨਾ ਤਨਖ਼ਾਹ ਜੁੜੀ ਏ, ਤੇ ਨਾ ਟੀਸ਼ਨ ਦੇ ਪੈਸੇ…"

ਸੀਤੋ ਨੂੰ ਖੰਘ ਫੇਰ ਆਫ਼ਤਾਂ ਦੀ ਛਿੜ ਪਈ ਸੀ।

ਭਾਗਵੰਤੀ ਉਹਦੀ ਮੰਜੀ ਉਤੇ ਉਹਦੀ ਛਾਤੀ ਮਲਣ ਚਲੀ ਗਈ।

ਮਾਸਟਰ ਈਸ਼ਰ ਦਾਸ ਨੇ ਕੋਟ ਆਪਣੇ ਘਰ ਦੇ ਕਿਸੇ ਜੀਅ ਨੂੰ ਨਹੀਂ ਸੀ ਵਿਖਾਇਆ। ਜੇ ਉਹ ਘਰ ਕੋਟ ਪਾ ਕੇ ਆ ਜਾਂਦਾ ਤਾਂ ਭਾਗਵੰਤੀ ਤੇ ਸੀਤੋ ਦੇ ਸਿਵਾ ਉਹਨੂੰ ਹੋਰ ਕਿਸੇ ਨੇ ਸ਼ੈਦ ਪਛਾਣਨਾ ਹੀ ਨਹੀਂ ਸੀ। ਤਿੰਨਾਂ ਛੋਟਿਆਂ ਨੂੰ ਜਦੋਂ ਦੀ ਸੰਭਾਲ ਆਈ ਸੀ, ਓਦੋਂ ਤੋਂ ਹੀ ਕਦੇ ਉਹਦੇ ਕੋਲ ਕੋਟ ਨਹੀਂ ਸੀ ਹੋਇਆ। ਆਪਣੇ ਵਿਆਹ ਉਤੇ ਉਹਨੇ ਇਕ ਗਰਮ ਕੋਟ ਸਵਾਇਆ ਸੀ ਜਿਹੜਾ ਕਿੰਨੇ ਹੀ ਵਰ੍ਹੇ ਚਲਦਾ ਰਿਹਾ ਸੀ। ਪਰ ਜਦੋਂ

ਦਾ ਦੇਸ਼ ਆਜ਼ਾਦ ਹੋਇਆ ਸੀ ਤੇ ਉਹ ਪਾਕਿਸਤਾਨੋਂ ਏਧਰ ਆਏ ਸਨ, ਉਹ ਗਰਮ ਕੋਟ ਪਾਕਿਸਤਾਨ ਵਿਚ ਹੀ ਰਹਿ ਗਿਆ ਸੀ, ਤੇ ਉਸ ਤੋਂ ਮਗਰੋਂ ਨਵਾਂ ਕੋਟ ਨਹੀਂ ਸੀ ਬਣ ਸਕਿਆ। ਤੇ ਅੱਜ ਉਹ ਇਕ ਕੋਟ ਲੈ ਆਇਆ ਸੀ, ਪਰ ਇਹ ਕੋਟ ਉਹਨੇ ਆਪਣੀ ਵਹੁਟੀ ਨੂੰ ਨਹੀਂ ਸੀ ਵਿਖਾਇਆ।

…ਜਿਹੜਾ ਕੋਟ ਪਾਕਿਸਤਾਨ ਰਹਿ ਗਿਆ ਸੀ, ਉਹਦੇ ਵਿਆਹ ਦਾ ਕੋਟ, ਉਹਦੇ ਖੱਬੇ ਪਾਸੇ ਕਾਲਰ ਕੋਲ ਸ਼ੁਕੀਨ ਸ਼ਹਿਰੀ ਦਰਜੀ ਨੇ ਫੁੱਲ ਟੁੰਗਣ ਲਈ ਥਾਂ ਬਣਾਈ ਹੋਈ ਸੀ। ਵਿਆਹ ਤੋਂ ਕੁਝ ਚਿਰ ਪਿਛੋਂ ਹੀ ਉਹਦੀ ਵਹੁਟੀ ਨੇ ਇਹਦੇ ਵਿਚ ਇਕ ਫੁੱਲ ਟੰਗ ਕੇ

ਉਹਨੂੰ ਪੁੱਛਿਆ ਸੀ, 'ਇਸ ਫੁੱਲ ਦਾ ਨਾਂ ਪਤਾ ਜੇ?' ਉਹਨੇ ਜਾਣਦਿਆਂ ਹੋਇਆਂ ਵੀ ਅੱਗੋਂ ਨਾਂਹ ਵਿਚ ਸਿਰ ਹਿਲਾ ਦਿੱਤਾ ਸੀ।

ਤੇ ਮੁਟਿਆਰ ਭਾਗਵੰਤੀ ਨੇ ਇਕ ਲਟਕ ਨਾਲ ਕਿਹਾ ਸੀ,

"ਇਸ਼ਕਪੇਚਾ…" ਤੇ ਕਹੀ ਲਾਲੀ ਸੀ ਉਹ ਜਿਦ੍ਹੀ ਲਹਿਰ ਓਦੋਂ ਉਹਦੀਆਂ ਗੱਲ੍ਹਾਂ ਉਤੇ ਫਿਰ ਗਈ। … ਇਸ਼ਕਪੇਚਾ, ਇਸ਼ਕਪੇਚਾ…

ਤੇ ਕੋਟ ਅੱਜ ਮਾਸਟਰ ਈਸ਼ਰ ਦਾਸ ਨੇ ਭਾਗਵੰਤੀ ਨੂੰ ਨਹੀਂ ਸੀ ਵਿਖਾਇਆ। ਕੱਲ੍ਹ ਤੋਂ ਉਹ ਸਕੂਲੋਂ ਮੁੜਦਿਆਂ ਸਾਰੀ ਵਾਟ ਇਹ ਕੋਟ ਪਾ ਕੇ ਆਉਂਦਾ ਸੀ; ਪਰ ਘਰ ਵੱਲ ਮੁੜਦੀ ਗਲੀ ਤੋਂ ਪਹਿਲਾਂ ਹੀ ਇਹਨੂੰ ਲਾਹ ਕੇ ਪੁਰਾਣੀ ਅਖ਼ਬਾਰ ਵਿਚ ਵਲ੍ਹੇਟ ਲੈਂਦਾ ਤੇ ਘਰ ਵੜਦਿਆਂ ਹੀ ਅੱਖ ਬਚਾ ਕੇ ਲੁਕਾ ਛੱਡਦਾ ਸੀ,

ਕਿਉਂਕਿ ਇਹ ਕੋਟ ਉਹਨੇ ਸਵਾਇਆ ਨਹੀਂ ਸੀ, ਮੰਗ ਕੇ ਲਿਆ ਸੀ।

ਜਦੋਂ ਉਹ ਛੋਟੇ ਹੁੰਦਿਆਂ ਸਕੂਲ ਵਿਚ ਪੜ੍ਹਦਾ ਹੁੰਦਾ ਸੀ, ਉਦੋਂ ਉਹਦੇ ਪਿਓ ਨੇ ਉਹਨੂੰ ਕਹਾਣੀ ਸੁਣਾਈ ਸੀ,

"ਇਕ ਮੁੰਡੇ ਨੇ ਪੁਰਾਣੀਆਂ ਕਿਤਾਬਾਂ ਕਿਸੇ ਕੋਲੋਂ ਮੰਗ ਕੇ ਪੜ੍ਹਾਈ ਸ਼ੁਰੂ ਕੀਤੀ, ਤੇ ਉਹਨੂੰ ਤਪਦਿਕ ਹੋ ਗਈ। ਪੁਰਾਣੀਆਂ ਕਿਤਾਬਾਂ ਵਿਚ ਪੁਰਾਣੇ ਬੀਮਾਰ ਮਾਲਕ ਦੇ ਤਪਦਿਕ ਦੇ ਜਰਮ ਪਏ ਹੋਏ ਸਨ।"

ਛੋਟੇ ਹੁੰਦਿਆਂ ਈਸ਼ਰ ਦਾਸ ਨੇ ਜਦੋਂ ਇਕ ਵਾਰ ਆਪਣੇ ਗਵਾਂਢੋਂ ਮੰਗ ਕੇ ਕੁਝ ਮਠਿਆਈ ਖਾਧੀ ਸੀ ਤਾਂ ਉਹਦੇ ਪਿਓ ਨੇ ਪਹਿਲਾਂ ਉਹਨੂੰ ਦੋ ਚਪੇੜਾਂ ਮਾਰੀਆਂ ਸਨ, ਤੇ ਫੇਰ ਮਠਿਆਈ ਦਾ ਥਾਲ ਮੰਗਾ ਕੇ ਉਹਦੇ ਸਾਹਮਣੇ ਰੱਖ ਕੇ ਕਿਹਾ ਸੀ, "ਖਾ ਲੈ ਜੋ ਵੀ ਰੂਹ ਕਰਦਾ ਈ! ਪਰ ਖ਼ਬਰਦਾਰ ਜੇ ਕਿਸੇ

ਨਵਤੇਜ ਸਿੰਘ

ਕੋਲੋਂ ਮੰਗ ਕੇ ਕਦੇ ਕੁਝ ਲਿਆ…!" ਤੇ ਇਹ ਗਰਮ ਕੋਟ ਉਹਨੇ ਮੰਗ ਕੇ ਲਿਆ ਸੀ।

ਸੀਤੋ ਦੀ ਖੰਘ ਕੁਝ ਮੱਠੀ ਹੋਈ। ਭਾਗਵੰਤੀ ਈਸ਼ਰ ਦਾਸ ਦੇ ਮੰਜੇ ਉਤੇ ਆਣ ਬੈਠੀ, "ਦੱਸੋ ਵੀ ਕਿਹੜੇ ਰੰਗ ਦਾ ਜੇ ਕੋਟ? ਹੁਧਾਰ ਫੜਿਆ ਜੇ ਕਿਤੋਂ?"

"ਨਹੀਂ— ਮੈਂ ਤਾਂ ਐਵੇਂ ਤੈਨੂੰ ਝਕਾਂਦਾ ਸਾਂ ਪਿਆ," ਇਕ ਅਕਹਿ ਪੀੜ ਨਾਲ ਈਸ਼ਰ ਦਾਸ ਨੇ ਕਿਹਾ, "ਸਾਡੇ ਨਸੀਬਾਂ ਵਿਚ ਕਿਥੇ ਗਰਮ ਕੋਟ!"

"ਰਖ ਸਾਈਂ ਦੀ, ਐਵੇਂ ਨਾ ਕੋਸਿਆ ਕਰੋ ਆਪਣੇ ਨਸੀਬਾਂ ਨੂੰ," ਭਾਗਵੰਤੀ ਨੇ ਬੜੀ ਤਕੜਾਈ ਨਾਲ ਕਹਿਣਾ ਚਾਹਿਆ, ਪਰ ਪਤਾ ਨਹੀਂ ਕਿਉਂ ਉਹਦਾ ਰੋਣ ਨਿਕਲ ਗਿਆ।

ਭਾਗਵੰਤੀ ਬੜੇ ਤਕੜੇ ਜਿਗਰੇ ਵਾਲੀ ਤੀਵੀਂ ਸੀ। ਉਹ ਹਾਈਂ-ਮਾਈਂ ਕਦੇ ਨਹੀਂ ਸੀ ਰੋਂਦੀ; ਪਰ ਏਸ ਵੇਲੇ ਪਤਾ ਨਹੀਂ ਕਿਉਂ ਓਸ ਤੋਂ ਰੋਣ ਨਾ ਹੀ ਠਲ੍ਹਿਆ ਗਿਆ, ਤੇ ਉਹਨੇ ਆਪਣਾ ਸਿਰ ਪਤੀ ਦੀ ਹਿਕ ਉਤੇ ਰੱਖ ਦਿੱਤਾ। ਦੋਵਾਂ ਦੀਆਂ ਹਿਕਾਂ ਵਿਚਕਾਰ ਏਨੇ ਵਰ੍ਹਿਆਂ ਦੀ ਤੱਪੜ ਹੋਈ ਰਜ਼ਾਈ ਸੀ, ਤੇ ਭਾਗਵੰਤੀ ਦੇ ਗਰਮ-ਗਰਮ ਗਲੇਡੂ ਪਹਿਲਾਂ ਰਜ਼ਾਈ ਵਿਚ ਜੀਰੇ ਜਾਂਦੇ ਰਹੇ, ਤੇ ਫੇਰ ਮਾਸਟਰ ਦੇ ਹੱਥਾਂ ਵਿਚ, ਤੇ ਉਹ ਰੋਂਦੀ ਰਹੀ।

ਮਾਸਟਰ ਈਸ਼ਰ ਦਾਸ ਨੇ ਬੜੀ ਨਰਮਾਈ ਨਾਲ ਆਪਣੇ ਬੱਚਿਆਂ ਦੀ ਮਾਂ ਨੂੰ ਆਪਣੀ ਰਜ਼ਾਈ ਵਿਚ ਕਰ ਲਿਆ। ਨੀਂਦਰ ਵਾਂਗ ਰੋਣ ਆਪਮੁਹਾਰੇ ਭਾਗਵੰਤੀ ਨੂੰ ਆਉਂਦਾ ਗਿਆ। ਤੇ ਏਨੇ ਚਿਰਾਂ ਤੋਂ ਉਹਦੇ ਹੱਡਾਂ ਵਿਚ ਜੰਮੇ ਕੱਕਰ ਨੂੰ ਜਿਵੇਂ ਇਹ ਰੋਣ ਕੁਝ ਪੰਘਰਾ ਰਿਹਾ ਸੀ, ਹੱਡ-ਭੰਨ ਕੰਮ ਨਾਲ ਪੀੜ-ਪੀੜ ਉਹਦੇ ਅੰਗਾਂ ਨੂੰ ਜਿਵੇਂ ਇਹ ਰੋਣ ਕੋਈ ਸੁਖਾਵੀਂ ਜਿਹੀ ਟਕੋਰ ਕਰੀ ਜਾ ਰਿਹਾ ਸੀ,…ਤੇ ਉਹ ਕਿੰਨੀਆਂ ਰਜ਼ਾਈਆਂ ਵਿਚ ਵਲ੍ਹੇਟੀ ਅਲਸਾਈ ਪਈ ਸੀ—ਤੇ ਰਜ਼ਾਈਆਂ ਵਿਚ ਰੂੰ ਨਹੀਂ, ਧੁਪਾਂ ਬੰਦ ਸਨ…

ਸਵੇਰੇ ਸਵੇਰੇ ਸਕੂਲ ਜਾਣ ਲਈ ਜਦੋਂ ਮਾਸਟਰ ਈਸ਼ਰ ਦਾਸ ਘਰੋਂ ਬਾਹਰ ਨਿਕਲਿਆ ਤਾਂ ਪੁਰਾਣੀ ਅਖ਼ਬਾਰ ਵਿਚ ਵਲ੍ਹੇਟਿਆ ਕੋਟ ਉਹਨੇ ਕੱਛ ਥੱਲੇ ਲੁਕਾਇਆ ਹੋਇਆ ਸੀ। ਬੜੀ ਠੰਢ ਸੀ, ਤਾਂ ਵੀ ਉਹਨੇ ਕੋਟ ਆਪਣੀ ਗਲੀ ਪਾਰ ਕਰ ਕੇ ਹੀ ਪਾਇਆ। ਭਾਵੇਂ ਮੰਗਿਆ ਕੋਟ ਸੀ, ਪਰ ਫੇਰ ਵੀ ਵਾਹਵਾ ਨਿੱਘਾ ਸੀ।

ਰਾਏ ਸਾਹਬਣੀ ਨੇ ਕੋਟ ਦੇਂਦਿਆਂ ਕਿਹਾ ਸੀ, "ਇਹ ਰਾਏ ਸਾਹਿਬ ਨੇ ਵਲੈਤ ਵਿਚ ਸਵਾਇਆ ਸੀ।"

ਰਾਏ ਸਾਹਿਬ ਨੇ ਕਿਹਾ ਸੀ, "ਅਣਪੜ੍ਹਾਂ ਨੂੰ ਸਾਰੇ ਮੁਲਕ ਹੀ ਵਲੈਤ ਨੇ! ਇਹ ਆਸਟਰੀਆ ਵਿਚ ਮੈਂ ਸਵਾਇਆ ਸੀ। ਮਾਸਟਰ ਜੀ, ਸਾਈਕਾਲੋਜੀ ਦੀ ਸਾਇੰਸ ਸੁਣੀ ਜੇ ਨਾ— ਆਸਟਰੀਆ ਵਿਚ ਸਾਈਕਾਲੋਜੀ ਦੇ ਵੱਡੇ-ਵੱਡੇ ਗੁਰੂ ਰਹਿੰਦੇ ਨੇ।" ਤੇ ਇਹ ਆਖ ਕੇ ਰਾਏ ਸਾਹਿਬ ਸਾਈਕਾਲੋਜੀ ਦੀ ਇੱਕ ਮੋਟੀ ਜਿਹੀ ਕਿਤਾਬ ਚੁੱਕੀ ਆਪਣੇ ਕਮਰੇ ਵੱਲ ਚਲੇ ਗਏ ਸਨ। ਰਾਏ ਸਾਹਬਣੀ ਇਕ ਦੇਵੀ ਸੀ; ਜੇ ਹੋਰ ਕੋਈ ਦੇਂਦਾ ਤਾਂ ਮਾਸਟਰ ਨੂੰ ਕੋਟ ਲੈਣ ਦਾ ਉੱਕਾ ਹੀਆ ਨਾ ਪੈਂਦਾ। ਪਰਸੋਂ ਸ਼ਾਮੀਂ ਝੱਖੜ-ਝਾਂਜਾ ਜਿਹਾ ਸੀ; ਤੇ ਉਹ ਠੰਢ ਸੀ ਕਿ ਰਹੇ ਰੱਬ ਦਾ ਨਾਂ, ਮਾਸਟਰ ਦਾ ਜੀਅ ਵੀ ਰਾਜ਼ੀ ਨਹੀਂ ਸੀ।

ਰਾਏਜ਼ਾਦੇ ਨੂੰ ਪੜ੍ਹਾ ਚੁੱਕਣ ਪਿਛੋਂ ਬੜੀ ਦੇਰ ਮਘਦੀ ਅੰਗੀਠੀ ਕੋਲੋਂ ਉਠਣ ਨੂੰ ਉਹਦਾ ਚਿਤ ਹੀ ਨਾ ਕੀਤਾ। ਅਖੀਰ ਜਦੋਂ ਉਹ ਉੱਠਿਆ ਤਾਂ ਬਰਾਂਡੇ ਵਿਚ ਹੀ ਉਹਨੂੰ ਉਤੋੜਿਤੀ ਕਿੰਨੀਆਂ ਨਿੱਛਾਂ ਛਿੜ ਗਈਆਂ, ਤੇ ਫੇਰ ਘੇਰਨੀ ਜਿਹੀ ਆਈ।

ਸਬੱਬ ਨਾਲ ਨੇੜਿਓਂ ਰਾਏ ਸਾਹਬਣੀ ਲੰਘੀ। ਉਹਨੇ ਪੁੱਛਿਆ, "ਕੀ ਜੇ, ਮਾਸਟਰ ਜੀ?"

"ਨਹੀਂ, ਕੁਝ ਨਹੀਂ। ਐਵੇਂ ਠੰਢ ਜਿਹੀ ਲਗ ਗਈ ਏ," ਸੁਰਤ ਸੰਭਾਲ ਕੇ ਮਾਸਟਰ ਨੇ ਕਿਹਾ।

"ਤੇ ਤੁਸੀਂ ਜਾਣਾ ਵੀ ਤੇ ਚਾਰ ਕੋਹ ਏ ਪੂਰਾ, ਏਸ ਕੱਕਰ ਵਿਚ। ਕੋਈ ਕੋਟ-

ਸ਼ੋਟ ਪਾ ਕੇ ਆਇਆ ਕਰੋ।"

ਮਾਸਟਰ ਨੇ ਪਹਿਲਾਂ ਰਾਏ ਸਾਹਬਣੀ ਵੱਲ ਤਕਿਆ ਤੇ ਫੇਰ ਨੀਵੀਂ ਪਾ ਲਈ, ਤੇ ਪਤਾ ਨਹੀਂ ਉਹਦੇ ਕੋਲੋਂ ਕਿਵੇਂ ਬੇਵੱਸਿਆਂ ਨਿਕਲ ਗਿਆ, "ਕੋਟ ਤੇ ਮਾਤਾ ਜੀ, ਮੇਰੇ ਕੋਲ ਹੈ ਨਹੀਂ—ਤੇ ਸਵੈਟਰ ਵੀ ਕੋਈ ਨਹੀਂ।"

ਮਾਸਟਰ ਦੀਆਂ ਅੱਖਾਂ ਵਿਚ ਤੱਕ ਕੇ ਰਾਏ ਸਾਹਬਣੀ ਕੰਬ ਗਈ ਸੀ।

ਅੱਗੇ ਕਦੇ ਮਾਸਟਰ ਨੇ ਰਾਏ ਸਾਹਬਣੀ ਨੂੰ 'ਮਾਤਾ ਜੀ' ਨਹੀਂ ਸੀ ਕਿਹਾ, ਭਾਵੇਂ ਉਹ ਕਈ ਵਾਰ ਸੋਚਦਾ ਹੁੰਦਾ ਸੀ ਕਿ ਰਾਏ ਸਾਹਬਣੀ ਦੀ ਸੂਰਤ ਤੇ ਸੀਰਤ ਦੋਵੇਂ ਉਹਦੀ ਆਪਣੀ ਮਰ ਚੁੱਕੀ ਮਾਂ ਨਾਲ ਕਿੰਨੀਆਂ ਰਲਦੀਆਂ ਹਨ।

ਉਹ ਉਹਨੂੰ ਇਕ ਮਾਂ ਵਾਂਗ ਅੰਦਰ ਅੰਗੀਠੀ ਕੋਲ ਲੈ ਗਈ ਸੀ, ਤੇ ਫੇਰ ਆਪ ਉਹਦੇ ਲਈ ਚਾਹ ਭਿਜਾਵਣ ਰਸੋਈ ਵਲ ਚਲੀ ਗਈ ਸੀ। ਕੁਝ ਚਿਰ ਇਕੱਲਿਆਂ ਉਹ ਅੰਗੀਠੀ ਸੇਕਦਾ ਰਿਹਾ ਸੀ। ਫੇਰ ਇਕ ਨੌਕਰ ਉਹਨੂੰ ਗਰਮ-ਗਰਮ ਚਾਹ ਤੇ ਨਾਲ ਕੁਝ ਖਾਣ ਨੂੰ ਦੇ ਗਿਆ ਸੀ। ਮਾਸਟਰ ਨੇ ਬੜੀ ਨਾਂਹ ਨੁਕਰ ਕੀਤੀ, ਪਰ ਨੌਕਰ ਨੇ ਕਿਹਾ ਸੀ, "ਬੀਬੀ ਜੀ ਦਾ ਹੁਕਮ ਏ।" ਤੇ ਚਾਹ ਦਾ ਗਲਾਸ ਅਣਮੰਨਿਆ ਜਿਹਾ ਉਹਨੇ ਫੜ ਲਿਆ ਸੀ। ਚਾਹ ਉਤੇ ਮਲਾਈ ਦੀ ਇਕ ਮੋਟੀ ਤਹਿ ਸੀ। ਹਾਲੀ ਚਾਹ ਦਾ ਗਲਾਸ ਮੁਕਿਆ ਹੀ ਸੀ ਕਿ ਰਾਏ ਸਾਹਬਣੀ ਇਕ ਗਰਮ ਕੋਟ ਲੈ ਕੇ ਆ ਗਈ, "ਮਾਸਟਰ ਜੀ, ਇਹ ਲੈ ਲਓ ਤੁਸੀਂ।"

"ਨਹੀਂ, ਮਾਤਾ ਜੀ…"

ਕੋਟ ਤੇ ਮਨੁੱਖ

''ਮਾਤਾ ਜੀ ਦਾ ਹੁਕਮ ਹੀ ਸਮਝ ਲਓ...''
ਤੇ ਜਿਸ ਤਰ੍ਹਾਂ ਡਰਿਲ ਕਰਦਿਆਂ ਖੱਬੇ ਜਾਂ ਸੱਜੇ ਭੌਣ ਦਾ ਹੁਕਮ ਸੁਣ ਕੇ, ਬਿਨਾਂ ਸੋਚੇ ਭੌਂ ਜਾਈਦਾ ਹੈ, ਓਸੇ ਤਰ੍ਹਾਂ ਮਾਸਟਰ ਨੇ ਕੋਟ ਲੈ ਲਿਆ ਸੀ। ਉਹ ਕੁਝ ਵੀ ਨਹੀਂ ਸੀ ਕਹਿ ਸਕਿਆ, ਧੰਨਵਾਦ ਦਾ ਇਕ ਲਫ਼ਜ਼ ਵੀ ਨਹੀਂ।
ਏਸ ਵੇਲੇ ਉਤੋਂ ਰਾਏ ਸਾਹਿਬ ਆ ਗਏ ਸਨ, ਤੇ ਆਸਟਰੀਆ ਵਿਚੋਂ ਕੋਟ ਸਵਾਣ ਦਾ ਤੇ ਸਾਈਕਾਲੋਜੀ ਦਾ ਜ਼ਿਕਰ ਹੋਇਆ ਸੀ।...
ਤੇ ਪਰਸੋਂ ਤੋਂ ਇਹੀ ਕੋਟ ਪਾ ਕੇ ਉਹ ਘਰ ਜਾ ਰਿਹਾ ਸੀ।
ਕੱਲ੍ਹ ਤੋਂ ਇਹੀ ਕੋਟ ਪਾ ਕੇ ਘਰੋਂ ਆ ਰਿਹਾ ਸੀ। ਪਰ ਘਰ ਵੜਨ ਤੋਂ ਪਹਿਲਾਂ ਹੀ ਉਹ ਏਸ ਕੋਟ ਨੂੰ ਪੁਰਾਣੀ ਅਖ਼ਬਾਰ ਵਿਚ ਵਲ੍ਹੇਟ ਕੇ
ਲੁਕਾ ਲੈਂਦਾ ਸੀ, ਤੇ ਸਵੇਰੇ ਘਰੋਂ ਬਾਹਰ ਹੋ ਕੇ ਪਾਂਦਾ ਸੀ।
ਸਕੂਲ ਵਿਚਲੇ ਹੋਰ ਮਾਸਟਰਾਂ ਨੂੰ, ਜਿਨ੍ਹਾਂ ਵਿਚੋਂ ਬਹੁਤੇ ਉਹਦੇ ਵਾਂਗ ਹੀ ਕੋਟ ਬਿਨਾਂ ਸਨ, ਉਹਨੇ ਝੂਠੋ-ਝੂਠ ਇਸ ਕੋਟ ਬਾਰੇ ਕੁਝ ਦੱਸ ਛੱਡਿਆ ਸੀ। ਪਰ ਭਾਗਵੰਤੀ ਨੂੰ ਕੀ ਦੱਸੇ? ਰੋਜ਼ ਉਹ ਸੋਚਦਾ ਇੰਝ ਸਮਝਾਏ... ਨਹੀਂ ਇੰਝ ਸਮਝਾਏ...ਪਰ ਅਖੀਰ ਘਰਦੀਆਂ ਬਰੂਹਾਂ ਤੋਂ ਬਾਹਰ ਹੀ ਉਹ ਕੋਟ ਨੂੰ ਪੁਰਾਣੀ ਅਖ਼ਬਾਰ ਵਿਚ
ਵਲ੍ਹੇਟ ਲੈਂਦਾ ਤੇ ਘਰ ਜਾ ਕੇ ਚੋਰੀ ਦੇ ਮਾਲ ਵਾਂਗ ਲੁਕਾ ਛੱਡਦਾ ਸੀ।
ਕੱਲ੍ਹ ਉਹਨੇ ਇਹ ਕੋਟ ਰਾਏ ਸਾਹਬਣੀ ਨੂੰ ਮੋੜ ਦੇਣ ਦਾ ਫ਼ੈਸਲਾ ਕਰ ਲਿਆ ਸੀ। ਪਰ ਜਦੋਂ ਉਹਨੇ ਸ਼ਾਮ ਨੂੰ ਪੜ੍ਹਾ ਲੈਣ ਪਿਛੋਂ ਰਾਏਜ਼ਾਦੇ ਨੂੰ ਰਾਏ ਸਾਹਬਣੀ ਬਾਰੇ ਪੁੱਛਿਆ ਤਾਂ
ਰਾਏਜ਼ਾਦੇ ਨੇ ਦੱਸਿਆ ਸੀ, 'ਮਾਤਾ ਜੀ, ਮਾਮਾ ਜੀ ਕੋਲ ਅੰਮ੍ਰਿਤਸਰ ਇਕ ਹਫ਼ਤੇ ਲਈ ਗਏ ਹੋਏ ਨੇ।'
ਉਹ ਇਹ ਕੋਟ ਮਾਤਾ ਜੀ ਨੂੰ ਹੀ ਮੋੜ ਸਕਦਾ ਸੀ—ਮਾਤਾ ਜੀ ਦਾ ਹੁਕਮ ਹੀ ਸਮਝ ਲਓ...', ਹੋਰ ਕਿਸੇ ਨੂੰ ਤਾਂ ਦੇ ਨਹੀਂ ਸੀ ਸਕਦਾ। ਤੇ ਹੁਣ ਉਹ ਉਨ੍ਹਾਂ ਦੇ ਅੰਮ੍ਰਿਤਸਰੋਂ ਵਾਪਸ ਆਉਣ ਦੀ ਉਡੀਕ ਕਰ ਰਿਹਾ ਸੀ। ਹਫ਼ਤਾ ਰਹਿੰਦਾ ਸੀ, ਏਨੇ ਦਿਨਾਂ ਮਗਰੋਂ ਉਹ ਕਿਤੇ ਕੋਟ ਮੋੜਨੋਂ ਨਾਂਹ ਕਰ ਦੇਣ? ਤੇ ਉਹ ਸੀਤੋ ਦੀ ਮਾਂ ਨੂੰ ਕਿਵੇਂ ਸਮਝਾਏਗਾ! ਤੇ ਇਕ ਹਫ਼ਤਾ ਦੋਵੇਂ ਵੇਲੇ ਪੁਰਾਣੀ ਅਖ਼ਬਾਰ ਵਿਚ ਲੁਕਾ ਕੇ...
ਏਸ ਕੋਟ ਨੇ ਇਕ ਜਾਲ ਜਿਹਾ ਮਾਸਟਰ ਈਸ਼ਰ ਦਾਸ ਦੇ ਦੁਆਲੇ ਤਣ ਲਿਆ ਸੀ। ਉਹਨੇ ਏਸ ਜਾਲ ਵਿਚੋਂ ਆਪਣੇ ਆਪ ਨੂੰ ਝੰਜੋੜ ਕੇ ਹੋਰ ਕਿਸੇ ਪਾਸੇ ਧਿਆਨ ਲਾਣ ਦਾ ਜਤਨ ਕੀਤਾ।
ਪੰਦਰਾਂ ਦਿਨ ਰਾਏਜ਼ਾਦੇ ਦੀ ਟਿਊਸ਼ਨ ਲੱਗਿਆਂ ਹੋ ਗਏ ਸਨ, ਤੇ ਢਾਈ ਮਹੀਨੇ ਟਿਊਸ਼ਨ ਹੋਰ ਰਹਿਣੀ ਸੀ। ਪੰਦਰਾਂ ਰੁਪਏ ਮਹੀਨਾ।
ਪੰਦਰਾਂ ਤੀਏ ਪੰਜਤਾਲੀ। ਪੂਰੇ ਪੰਜਤਾਲੀ ਰੁਪਏ ਮਾਰਚ ਨੂੰ ਇਮਤਿਹਾਨਾਂ ਦੇ ਨੇੜੇ ਉਹਨੂੰ ਮਿਲ ਜਾਣਗੇ। ਐਤਕੀ ਸੀਤੋ ਦਾ ਉਪਰੇਸ਼ਨ ਜ਼ਰੂਰ ਕਰਾਣਾ ਏਂ, ਤੇ ਸੀਤੋ ਦੀ ਮਾਂ ਲਈ ਰਜ਼ਾਈ ਵੀ ਜ਼ਰੂਰ ਬਣਵਾ ਲੈਣੀ ਏਂ— ਰੂੰ ਤਾਂ ਭਾਗਵੰਤੀ ਨੇ ਕਿਰਸਾਂ ਕਰ ਕੇ ਜੋੜ ਹੀ ਲਿਆ ਹੋਇਆ ਏ।

ਸਕੂਲੇ ਪੁੱਜ ਕੇ ਮੁੰਡਿਆਂ ਨੂੰ ਪੜ੍ਹਾਂਦਿਆਂ ਸਾਰਾ ਦਿਨ ਉਹਨੂੰ ਕੋਟ ਦਾ ਕੋਈ ਚੇਤਾ ਨਾ ਆਇਆ। ਪਰ ਅੱਜ ਜਦੋਂ ਵੀ ਜਮਾਤ ਵਿਚ ਕਿਸੇ ਮੁੰਡੇ ਨੂੰ ਖੰਘ ਛਿੜਦੀ ਤਾਂ ਸੀਤੋ ਉਹਦੀਆਂ ਅੱਖਾਂ ਸਾਹਮਣੇ ਆ ਖੜ੍ਹੋਂਦੀ...'ਸੀਤੋ, ਤੂੰ ਹੁਣ ਰਤੀ ਵੀ ਝੋਰਾ ਨਾ ਲਾ। ਪੁੱਤ, ਐਤਕੀਂ ਇਮਤਿਹਾਨਾਂ ਦੇ ਮਗਰੋਂ ਤੇਰਾ ਉਪਰੇਸ਼ਨ ਜ਼ਰੂਰ ਕਰਾ ਦਿਆਂਗਾ'...ਉਹ ਮਨ ਹੀ ਮਨ ਵਿਚ
ਆਪਣੀਆਂ ਅੱਖਾਂ ਸਾਹਮਣੇ ਫਿਰਦੀ ਸੀਤੋ ਨੂੰ ਕਹਿੰਦਾ।
''ਪੰਦਰਾਂ ਤੀਏ ਪੰਜਤਾਲੀ, ਪੰਦਰਾਂ ਚੌਕੇ ਸੱਠ,'' ਹੇਕ ਲਾ ਕੇ ਮੁੰਡੇ ਪਹਾੜੇ ਯਾਦ ਕਰ ਰਹੇ ਸਨ।
''ਪੰਦਰਾਂ ਤੀਏ ਪੰਜਤਾਲੀ...'' ਤੇ ਮਾਸਟਰ ਈਸ਼ਰ ਦਾਸ ਸੋਚਦਾ ਰਿਹਾ ਜਨਵਰੀ ਪੰਦਰਾਂ ਰੁਪਏ, ਫ਼ਰਵਰੀ ਤੀਹ ਰੁਪਏ, ਮਾਰਚ-ਪੰਜਤਾਲੀ। ਰਜ਼ਾਈ ਜ਼ਰੂਰ, ਉਪਰੇਸ਼ਨ ਜ਼ਰੂਰ...
ਸ਼ਾਮੀਂ ਟਿਊਸ਼ਨ ਪੜ੍ਹਾਂਦਿਆਂ ਰਾਏਜ਼ਾਦੇ ਵਿਚ ਉਹਨੂੰ ਕੁਝ ਤਬਦੀਲੀ ਜਾਪੀ। ਬਹੁਤਾ ਸਾਊ ਤਾਂ ਉਹ ਅੱਗੇ ਵੀ ਨਹੀਂ ਸੀ— ਪਰ ਅੱਜ ਉਹਦੀਆਂ ਅੱਖਾਂ ਵਿਚ ਅਮੋੜ ਜਿਹਾ ਖਰੂਦ ਛਿੜਿਆ ਹੋਇਆ ਸੀ। ਈਸ਼ਰ ਦਾਸ ਨੇ ਸੋਚਿਆ, ਮਾਂ ਘਰ ਨਹੀਂ, ਮਛਰ ਗਿਆ ਏ।
ਮਾਸਟਰ ਨੇ ਚੁੱਪ ਕਰ ਕੇ ਉਹਦੀ ਸਵਾਲਾਂ ਦੀ ਕਾਪੀ ਤਕਣੀ ਸ਼ੁਰੂ ਕੀਤੀ। ਪਰ ਰਾਏਜ਼ਾਦਾ ਨਿਚੱਲਿਆਂ ਨਾ ਬੈਠਾ, ਤੇ ਮਾਸਟਰ ਦੇ ਕੋਟ ਨੂੰ ਹੱਥ ਲਾਂਦਾ ਰਿਹਾ। ਫੇਰ ਅਚਨਚੇਤ ਹੀ ਉਹਨੇ ਪੁੱਛਿਆ, ''ਮਾਸਟਰ ਜੀ, ਅੱਜ ਡੈਡੀ ਨੇ ਮੈਨੂੰ ਇਕ ਮੈਗਜ਼ੀਨ ਦਿੱਤੀ ਸੀ, ਓਸ ਵਿਚ ਇਕ ਬੜਾ ਸੁਹਣਾ ਜੋਕ ਸੀ— ਤੁਹਾਨੂੰ ਸੁਣਾਵਾਂ?''
ਮਾਸਟਰ ਨੇ ਕਾਪੀ ਤੋਂ ਅੱਖਾਂ ਚੁੱਕੇ ਬਿਨਾਂ ਹੀ ਕਿਹਾ, ''ਸੁਣਾ।''
''ਇਕ ਮਾਸਟਰ ਨੇ ਜਮਾਤ ਵਿਚ ਇਕ ਮੁੰਡੇ ਨੂੰ ਗ਼ਲਤ ਸਵਾਲ ਕੱਢਣ ਉਤੇ ਕਿਹਾ, 'ਕੰਨ ਫੜ ਲੈ।' ਮੁੰਡੇ ਝਟਪਟ ਮਾਸਟਰ ਦੇ ਦੋਵੇਂ ਕੰਨ ਫੜ ਲਏ,'' ਤੇ ਰਾਏਜ਼ਾਦਾ ਖ਼ੂਬ ਉੱਚੀ-ਉੱਚੀ ਹੱਸਣ ਲੱਗ ਪਿਆ।
ਫੇਰ ਰਾਏਜ਼ਾਦੇ ਨੇ ਮਾਸਟਰ ਨੂੰ ਕਿਹਾ, ''ਇਕ ਸਵਾਲ ਤੁਹਾਨੂੰ ਪੁੱਛਾਂ?— ਪਰ ਹਿਸਾਬ ਦਾ ਨਹੀਂ ਜੇ। ਦੱਸੋਗੇ?'' ਤੇ ਰਾਏਜ਼ਾਦੇ ਨੇ ਐਤਕੀਂ ਮਾਸਟਰ ਵੱਲੋਂ 'ਹਾਂ' ਉਡੀਕ ਬਿਨਾਂ ਹੀ ਸਵਾਲ ਪੁੱਛ ਲਿਆ, ''ਭਲਾ ਮਾਸਟਰ ਤੇ ਨੌਕਰ ਵਿਚ ਕੀ ਫ਼ਰਕ ਹੁੰਦਾ ਹੈ?''
ਰਾਏਜ਼ਾਦੇ ਨੇ ਸਵਾਲ ਪਾਇਆ ਹੀ ਸੀ ਕਿ ਇਕ ਨੌਕਰ ਮਾਸਟਰ ਈਸ਼ਰ ਦਾਸ ਨੂੰ ਬੁਲਾਣ ਆ ਗਿਆ, ''ਮਾਸਟਰ ਜੀ, ਰਾਏ ਸਾਹਿਬ ਨੇ ਤੁਹਾਨੂੰ ਅੰਦਰ ਬੁਲਾ ਭੇਜਿਆ ਏ।''
ਮਾਸਟਰ ਨੌਕਰ ਦੇ ਪਿੱਛੇ-ਪਿੱਛੇ ਹੋ ਤੁਰਿਆ। ਰਾਏ ਸਾਹਿਬ ਇਕ ਗੋਲ ਕਮਰੇ ਵਿਚ ਆਪਣੇ ਦੋਸਤਾਂ ਯਾਰਾਂ ਨਾਲ ਬੈਠੇ ਤਾਸ਼ ਖੇਡ ਰਹੇ ਸਨ। ਏਸ ਕਮਰੇ ਦੀ ਦੁਰਾਡੀ ਨੁਕਰੇ ਨੌਕਰ ਮਾਸਟਰ ਜੀ ਨੂੰ ਖੜ੍ਹਾ ਕਰ ਗਿਆ।

ਨਵਤੇਜ ਸਿੰਘ

ਬੜਾ ਸ਼ਾਨਦਾਰ ਕਮਰਾ ਸੀ। ਇਕ ਵਾਰ ਛੋਟੇ ਹੁੰਦਿਆਂ ਮਾਸਟਰ ਈਸ਼ਰ ਦਾਸ ਲਾਹੌਰ ਦਾ ਅਜਾਇਬ ਘਰ ਤਕਣ ਗਿਆ ਸੀ। ਅਜਾਇਬ ਘਰ ਵਾਂਗ ਹੀ ਸਜਿਆ ਹੋਇਆ ਸੀ ਇਹ ਕਮਰਾ। ਦੋ ਅੰਗੀਠੀਆਂ ਬਲ ਰਹੀਆਂ ਸਨ, ਤੇ ਹੁਨਾਲੇ ਵਰਗਾ ਨਿੱਘ ਸੀ।

ਨੌਕਰ ਨੇ ਜਾ ਕੇ ਰਾਏ ਸਾਹਿਬ ਨੂੰ ਇਤਲਾਹ ਦਿੱਤੀ।

ਉਨ੍ਹਾਂ ਕੁਝ ਚਿਰ ਉਡੀਕਣ ਲਈ ਇਸ਼ਾਰਾ ਕੀਤਾ। ਹਥਲੀ ਚਾਲ ਬੜੀ ਔਖੀ ਜਾਪਦੀ ਸੀ— ਤੇ ਉਹ ਸੋਚ ਰਹੇ ਸਨ।

ਮਾਸਟਰ ਈਸ਼ਰ ਦਾਸ ਜਿਥੇ ਖੜੋਤਾ ਹੋਇਆ ਸੀ, ਉਹਦੇ ਖੱਬੇ ਪਾਸੇ ਇਕ ਬੜੀ ਵੱਡੀ ਸ਼ੀਸ਼ਿਆਂ ਵਾਲੀ ਅਲਮਾਰੀ ਸੀ, ਤੇ ਏਸ ਅਲਮਾਰੀ ਵਿਚ ਏਨੀਆਂ ਕਿਤਾਬਾਂ ਸਨ ਜਿੰਨੀਆਂ ਉਨ੍ਹਾਂ ਦੇ ਸਕੂਲ ਦੀ ਸਾਰੀ ਲਾਇਬ੍ਰੇਰੀ ਵਿਚ ਵੀ ਨਹੀਂ ਸਨ। ਅਲਮਾਰੀ ਦੇ ਇਕ ਪਾਸੇ ਅੰਗ੍ਰੇਜ਼ੀ ਵਿਚ ਛਪਿਆ ਹੋਇਆ ਲੇਬਲ ਲਗਿਆ ਹੋਇਆ ਸੀ, 'ਸਾਈਕਾਲੋਜੀ'।

ਕਿਤਾਬਾਂ ਵਲੋਂ ਹਟ ਕੇ ਮਾਸਟਰ ਈਸ਼ਰ ਦਾਸ, ਰਾਏ ਸਾਹਿਬ ਵਾਲੇ ਪਾਸੇ ਹੁੰਦੀਆਂ ਗੱਲਾਂ ਸੁਣਨ ਲੱਗ ਪਿਆ।

"ਰਾਏ ਸਾਹਿਬ, ਅਜ ਕਲ ਬੜੀ ਠੰਢ ਪੈ ਰਹੀ ਏ। ਦੋ ਦੋ ਸਵੈਟਰ, ਕੋਟ ਤੇ ਓਵਰਕੋਟ—ਫੇਰ ਵੀ ਤੀਰ ਵਾਂਗ ਵਿੰਨ੍ਹਦੀ ਏ।"

"ਲਓ ਭੋਲੇ ਪਾਤਸ਼ਾਹੋ, ਤੁਸੀਂ ਵੀ ਤਾਂ ਖੂਹ ਦੇ ਡੱਡੂ ਹੀ ਓ। ਇਹ ਵੀ ਕੋਈ ਠੰਢ ਏ! ਨਾ ਕੁਝ ਪੀਣ ਦਾ ਸੁਆਦ, ਨਾ ਕੁਝ ਪਾਣ ਦਾ। ਠੰਢ ਤਾਂ ਆਸਟਰੀਆ ਵਿਚ ਹੁੰਦੀ ਸੀ। ਜਨਵਰੀ, ਉਨੀ ਸੌ ਤੀਹ ਦਾ ਜ਼ਿਕਰ ਏ ਜਦੋਂ ਮੈਂ ਵੀਆਨਾ ਵਿਚ..."

ਮਾਸਟਰ ਈਸ਼ਰ ਦਾਸ ਜਿਸ ਕਲੀਨ ਉਤੇ ਖੜੋਤਾ ਸੀ, ਉਸ ਵਿਚ ਉਹਦੇ ਪੈਰ ਧਸਦੇ ਜਾਂਦੇ ਸਨ— ਤੇ ਕਿੰਨਾ ਹੀ ਵੱਡਾ ਸੀ ਇਹ ਕਲੀਨ! ਤਿੰਨ ਰਜ਼ਾਈਆਂ ਜਿਡਾ, ਨਹੀਂ, ਤਿੰਨਾਂ ਤੋਂ ਵੀ ਵੱਡਾ, ਚਾਰ ਰਜ਼ਾਈਆਂ ਜਿਡਾ... ਚਾਰ ਰਜ਼ਾਈਆਂ...ਚੌਥੀ ਸੀਤੋ ਦੀ ਮਾਂ ਲਈ...

ਰਾਏ ਸਾਹਿਬ ਮਾਸਟਰ ਕੋਲ ਆ ਗਏ। ਮਾਸਟਰ ਈਸ਼ਰ ਦਾਸ ਨੇ ਹੱਥ ਜੋੜ ਲਏ।

"ਇਥੇ ਬੈਠ ਜਾਓ, ਮਾਸਟਰ ਜੀ," ਰਾਏ ਸਾਹਿਬ ਨੇ ਆਪ ਬੈਠ ਕੇ ਨਾਲ ਦੀ ਕੁਰਸੀ ਵਲ ਇਸ਼ਾਰਾ ਕਰਦਿਆਂ ਕਿਹਾ, "ਜੋ ਗੱਲ ਮੈਂ ਤੁਹਾਨੂੰ ਅੱਜ ਕਹਿਣੀ ਏਂ, ਉਹ ਕੁਝ ਔਖੀ ਏ, ਪਰ ਖ਼ੈਰ, ਜੋ ਹੋਣਾ ਚਾਹੀਦਾ ਏ, ਉਹ ਕਹਿਣਾ ਈ ਪਏਗਾ। ਤੁਸੀਂ ਬੈਠਦੇ ਕਿਉਂ ਨਹੀਂ?"

ਮਾਸਟਰ ਈਸ਼ਰ ਦਾਸ ਬੈਠ ਗਿਆ। ਜਿਸ ਕੁਰਸੀ ਉਤੇ ਉਹ ਬੈਠਾ ਸੀ ਉਹਦੀ ਗੱਦੀ ਉਹਨੂੰ ਆਪਣੇ ਘਰ ਦੀਆਂ ਸਭਨਾਂ ਰਜ਼ਾਈਆਂ ਨਾਲੋਂ ਮੋਟੀ ਤੇ ਕਿਤੇ ਨਰਮ ਜਾਪੀ।

"ਉਹ ਸੁਹਣੀ ਅਲਮਾਰੀ ਵਿਚ ਜਿੰਨੀਆਂ ਕਿਤਾਬਾਂ ਤੁਸੀਂ ਤਕ ਰਹੇ ਹੋ, ਇਹ ਸਭ ਸਾਈਕਾਲੋਜੀ ਦੀਆਂ ਕਿਤਾਬਾਂ ਨੇ। ਇਹ ਮੈਂ ਦਿਖਾਵੇ ਲਈ ਨਹੀਂ ਰੱਖੀਆਂ ਹੋਈਆਂ —ਮੈਂ ਸਭ ਪੜ੍ਹੀਆਂ ਹੋਈਆਂ ਨੇ, ਤੇ ਇਕ ਤਰ੍ਹਾਂ ਨਾਲ ਇਨ੍ਹਾਂ ਦਾ ਅਰਕ ਕੱਢ ਰੱਖਿਆ ਏ, ਅਰਕ। ਤੇ ਇਹ ਅਰਕ ਮੈਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵਰਤਦਾ ਹਾਂ।" ਰਾਏ ਸਾਹਿਬ ਏਥੇ ਕੁਝ ਰੁਕੇ, ਉਨ੍ਹਾਂ ਮਾਸਟਰ ਵਲ ਤਕਿਆ, ਤੇ ਫੇਰ ਆਪਣੀ ਗੱਲ ਜਾਰੀ ਰੱਖੀ, "ਸਾਈਕਾਲੋਜੀ ਦੀ ਸਾਇੰਸ ਦੀ ਸਟੱਡੀ ਦੱਸਦੀ ਏ ਕਿ ਜਦੋਂ ਤਕ ਸ਼ਾਗਿਰਦ ਦੇ ਮਨ ਵਿਚ ਮਾਸਟਰ ਦੀ ਡੂੰਘੀ ਇੱਜ਼ਤ ਨਾ ਹੋਵੇ, ਓਦੋਂ ਤੱਕ ਉਹ ਕੁਝ ਨਹੀਂ ਸਿੱਖ ਸਕਦਾ। ਹਾਂ, ਹੁਣ ਪਰਸੋਂ ਤੋਂ, ਜਦੋਂ ਤੋਂ ਤੁਸਾਂ ਉਹ ਕੋਟ ਲਿਆ ਏ..."

ਮਾਸਟਰ ਈਸ਼ਰ ਦਾਸ ਨੂੰ ਲੱਗਾ ਜਿਵੇਂ ਉਹਦੇ ਥੱਲੇ ਗੱਦੀ ਵਿਚੋਂ ਕੋਈ ਕਿਲ ਉਹਨੂੰ ਚੁਭ ਗਿਆ ਸੀ।

"...ਜਦੋਂ ਤੋਂ ਤੁਸਾਂ ਉਹ ਕੋਟ ਲਿਆ ਏ, ਕਾਕੇ ਦਾ ਤੁਹਾਡੇ ਨਾਲੋਂ ਇੱਜ਼ਤ ਦਾ ਰਿਸ਼ਤਾ ਟੁੱਟ ਗਿਆ ਏ। ਆਮ ਮੂਰਖ ਮਾਪਿਆਂ ਨੂੰ ਤਾਂ ਏਡੀ ਬਰੀਕ ਤਬਦੀਲੀ ਦਾ ਪਤਾ ਹੀ ਨਹੀਂ ਲੱਗਦਾ, ਪਰ ਮੈਂ ਹਾਂ ਸਾਈਕਾਲੋਜੀ ਦਾ ਮਾਹਿਰ, ਮੇਰੇ ਤੋਂ ਭਲਾ ਕੀ ਗੁਝਾ ਰਹਿ ਸਕਦਾ ਏ। ਹੁਣ ਕਾਕਾ ਤੁਹਾਡੇ ਕੋਲੋਂ ਕੁਝ ਨਹੀਂ ਸਿੱਖ ਸਕੇਗਾ। ਉਹ ਅੱਜ ਮੇਰੇ ਕੋਲੋਂ ਪੁੱਛ ਰਿਹਾ ਸੀ, 'ਸਾਡੇ ਭੰਗੀ ਤੇ ਮਾਸਟਰ ਵਿਚ ਕੀ ਫ਼ਰਕ ਏ? ਲਾਲੂ ਭੰਗੀ ਨੇ ਵੀ ਤੁਹਾਡਾ ਕੋਟ ਮੰਗ ਕੇ ਪਾਇਆ ਏ, ਤੇ ਮਾਸਟਰ ਜੀ ਨੇ ਵੀ'।"

ਇਕ ਕਿੱਲ ਨਹੀਂ, ਗੱਦੀ ਵਿਚੋਂ ਅਣਗਿਣਤ ਕਿੱਲ ਉਭਰ ਆਏ ਲਗਦੇ ਸਨ...

ਮਾਸਟਰ ਈਸ਼ਰ ਦਾਸ ਨੇ ਹੱਥ ਜੋੜ ਕੇ ਕਿਹਾ, "ਰਾਏ ਸਾਹਿਬ, ਉਹ ਤਾਂ ਮਾਤਾ ਜੀ ਨੇ- ਰਾਏ ਸਾਹਬਣੀ ਜੀ ਨੇ ਹੁਕਮ ਕਰ ਕੇ ਮੈਨੂੰ ਪੁਆ ਦਿੱਤਾ ਸੀ ਤੇ ਅਗਲੇ ਦਿਨ ਹੀ ਉਹ ਸ਼ਹਿਰ ਚਲੇ ਗਏ," ਤੇ ਮਾਸਟਰ ਈਸ਼ਰ ਦਾਸ ਕੋਟ ਲਾਹਣ ਲੱਗ ਪਿਆ, "ਮੈਂ ਤਾਂ ਉਡੀਕਦਾ ਸਾਂ ਕਿ ਉਹ ਆ ਜਾਣ, ਤੇ ਉਨ੍ਹਾਂ ਦਾ ਧੰਨਵਾਦ ਕਰ ਕੇ ਉਨ੍ਹਾਂ ਨੂੰ ਇਹ ਮੋੜ ਦਿਆਂ।" ਤੇ ਮਾਸਟਰ ਨੇ ਕੋਟ ਲਾਹ ਕੇ ਤਹਿ ਕਰਨਾ ਸ਼ੁਰੂ ਕਰ ਦਿੱਤਾ।

"ਨਹੀਂ, ਨਹੀਂ, ਮਾਸਟਰ ਜੀ, ਕੋਟ ਮੋੜਨ ਦੀ ਉੱਕਾ ਕੋਈ ਲੋੜ ਨਹੀਂ। ਤੁਸੀਂ ਕੋਟ ਪਾ ਲਓ," ਰਾਏ ਸਾਹਿਬ ਨੇ ਮਾਸਟਰ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਫੇਰ ਕਿਹਾ, "ਤੁਸੀਂ ਕੋਟ ਪਾ ਲਓ,"— ਤੇ ਜਿਸ ਤਰ੍ਹਾਂ ਡਰਿਲ ਕਰਦਿਆਂ ਹੁਕਮ ਸੁਣ ਕੇ ਬਿਨਾਂ ਸੋਚੇ ਖੱਬੇ ਜਾਂ ਸੱਜੇ ਭੌਂ ਜਾਈਦਾ ਹੈ, ਮਾਸਟਰ ਨੇ ਕੋਟ ਪਾ ਲਿਆ।

"ਆਪਣੇ ਕਿਸੇ ਬੱਚੇ ਲਈ ਵੀ ਲੋੜ ਹੋਵੇ ਤਾਂ ਕਾਕੇ ਦਾ ਕੋਈ ਪੁਰਾਣਾ ਕੋਟ ਲੈ ਜਾਣਾ। ਕੋਟ ਦੀ ਕੋਈ ਗੱਲ ਨਹੀਂ। ਹਾਂ— ਇਹ ਲਓ ਪੰਦਰਾਂ ਦਿਨਾਂ ਦੇ ਸਾਢੇ ਸੱਤ ਰੁਪਏ। ਕੱਲ੍ਹ ਤੋਂ ਪੜ੍ਹਾਣ ਲਈ ਆਉਣ ਦੀ ਕੋਈ ਲੋੜ ਨਹੀਂ। ਮੈਨੂੰ ਉਮੀਦ ਏ ਤੁਸੀਂ ਸਭ ਕੁਝ ਸਮਝ ਗਏ ਹੋਵੋਗੇ ਤੇ ਗੱਲ ਦੀ ਤਹਿ ਤਕ ਪੁਜ ਜਾਓਗੇ। ਤੁਹਾਡਾ ਕੋਈ ਕਸੂਰ ਨਹੀਂ, ਤੁਸਾਂ ਬੜੀ ਮਿਹਨਤ ਕੀਤੀ ਏ; ਸਿਰਫ਼ ਸਾਈਕਾਲੋਜੀ..."

(1950)

ਉਜਾਗਰ ਸਿੰਘ ਜ਼ਲੀਲ ਹੋਣੋਂ ਬਚ ਗਿਆ

ਉਸ ਕਾਲਜ ਵਿੱਚ ਪ੍ਰਿੰਸੀਪਲ ਜਦ ਵੀ ਸੇਵਾ ਮੁਕਤ ਹੁੰਦਾ ਸੀ, ਉਦੋਂ ਉੱਥੇ ਇਸ ਅਸਾਮੀ ਲਈ ਦੋ ਪ੍ਰੋਫ਼ੈਸਰ ਅਗਲੇ ਉਮੀਦਵਾਰ ਹੋਇਆ ਕਰਦੇ ਸਨ। ਇਵੇਂ ਹੁੰਦਾ ਮੈਂ ਪਿਛਲੇ 40 ਸਾਲ ਤੋਂ ਦੇਖ ਰਿਹਾ ਸਾਂ।

ਕਾਲਜ 1960 ਵਿੱਚ ਖੁੱਲ੍ਹਿਆ ਸੀ। ਖੋਲ੍ਹਣ ਵਾਲੇ ਅਨਪੜ੍ਹ, ਅਰਧ ਪੜ੍ਹੇ ਲਿਖੇ ਤੇ ਅਣਭੋਲ ਜਿਹੇ ਜਿਮੀਂਦਾਰ ਸਨ। ਪਹਿਲਾਂ ਇਹਨਾਂ ਦੀ ਇੱਕ 51 ਮੈਂਬਰੀ ਕਮੇਟੀ ਬਣੀ। ਫਿਰ ਇਸ ਵਿੱਚੋਂ ਇੱਕ 11 ਮੈਂਬਰੀ ਕਾਰਜਕਾਰੀ ਕਮੇਟੀ ਨਿਕਲੀ। ਨਿਯਮਾਂ ਮੁਤਾਬਕ ਕਮੇਟੀ ਨੂੰ ਇੱਕ ਸੁਸਾਇਟੀ ਦੇ ਤੌਰ ’ਤੇ ਰਜਿਸਟਰ ਕਰਵਾਅ ਲਿਆ ਗਿਆ। ਇਸ ਕਾਰਜਕਾਰੀ ਕਮੇਟੀ ਦੇ ਤਿੰਨ ਚਾਰ ਸੂਝਵਾਨ ਮੈਂਬਰ ਪ੍ਰਧਾਨ, ਮੈਨੇਜਰ, ਸਕੱਤਰ ਅਤੇ ਵਿੱਤ ਸਕੱਤਰ ਬਣ ਗਏ।

ਪ੍ਰਧਾਨ ਖਾਸ ਪੜ੍ਹਿਆ ਲਿਖਿਆ ਨਹੀਂ ਸੀ। ਹਾਂ, ਉਹ ਵੱਡਾ ਜਿਮੀਂਦਾਰ ਜ਼ਰੂਰ ਸੀ। ਇਲਾਕੇ ਵਿੱਚ ਉਸਦਾ ਰਸੂਖ ਵੀ ਚੰਗਾ ਸੀ।

ਕਾਰਜਕਾਰੀ ਕਮੇਟੀ ਦੇ ਅਹੁਦੇਦਾਰ ਵੀ ਵਿੱਦਿਅਕ ਢਾਂਚੇ ਨਾਲ ਸੰਬੰਧਤ ਕਾਇਦੇ ਕਾਨੂੰਨਾਂ ਦੇ ਬਹੁਤੇ ਵਾਕਫ਼ ਨਹੀਂ ਸਨ। ਨੇੜੇ ਚੱਲਦੇ ਪੁਰਾਣੇ ਕਾਲਜ ਦੀ ਕਮੇਟੀ ਨਾਲ ਰਾਬਤਾ ਰੱਖਣ ਦੀ ਪੈਰ ਪੈਰ ’ਤੇ ਜ਼ਰੂਰਤ ਸੀ। ਇਸ ਨਾਲ ਲੱਗਦੇ ਕਾਲਜ ਨੇ ਜਿਹੜਾ ਪ੍ਰਿੰਸੀਪਲ ਲੱਭ ਕੇ ਦਿੱਤਾ, ਉਹੀ ਇਸ ਅਦਾਰੇ ਨੇ ਰੱਖ ਲਿਆ।

ਇਹ ਪ੍ਰਿੰਸੀਪਲ 52 ਕੁ ਸਾਲ ਦਾ ਸੀ ਪਰ ਲੱਗਦਾ ਵੱਧ ਉਮਰ ਦਾ ਸੀ। ਦਾੜ੍ਹੀ ਬੰਨ੍ਹਦਾ ਸੀ, ਰੰਗਦਾ ਨਹੀਂ ਸੀ। ਰੰਗ ਦਾ ਗੋਰਾ ਸੀ। ਕਾਲਜ ਸ਼ਹਿਰ ਤੋਂ ਤਕਰੀਬਨ ਇੱਕ ਕਿਲੋਮੀਟਰ ਦੀ ਦੂਰੀ ’ਤੇ ਸੀ। ਪ੍ਰਿੰਸੀਪਲ ਕਾਲਜ ਨੂੰ ਪੈਦਲ ਹੀ ਜਾਂਦਾ ਹੁੰਦਾ ਸੀ। ਉਹ ਅੰਗਰੇਜ਼ੀ ਪੜ੍ਹਾਉਂਦਾ ਸੀ। ਉਸ ’ਤੇ ਅੰਗਰੇਜ਼ੀ ਕਵਿਤਾ ਦਾ ਏਨਾ ਅਸਰ ਸੀ ਕਿ ਉਹ ਤੁਰਿਆ ਜਾਂਦਾ ਵੀ ਇੰਝ ਲੱਗਦਾ ਹੁੰਦਾ ਸੀ ਜਿਵੇਂ ਅੰਗਰੇਜ਼ੀ ਦੇ ਰੋਮੈਂਟਿਕ ਕਵੀਆਂ ਵਾਂਗ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣ ਰਿਹਾ ਹੋਵੇ। ਉਹ ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ ਦੀਆਂ “ਲੂਸੀ ਕਵਿਤਾਵਾਂ” ਨੂੰ ਏਨਾ ਜ਼ੋਰ ਦੇ ਕੇ ਪੜ੍ਹਾਉਂਦਾ ਹੁੰਦਾ ਸੀ ਕਿ ਵਿਦਿਆਰਥੀ ਉਸਨੂੰ ਵਰਡਜ਼ਵਰਥ ਹੀ ਸੱਦਣ ਲੱਗ ਪਏ ਸਨ ਜਾਂ ਫਿਰ ਕਈ ਲੋਕ ਉਸਨੂੰ “ਬਾਬਾ” ਕਹਿ ਕੇ ਮੁਖ਼ਾਤਬ ਹੋਇਆ ਕਰਦੇ ਸਨ। ਉਹ ਏਨਾ, ਸਾਦੀ ਸੋਚ ਦਾ ਮਾਲਕ ਸੀ, ਕਿ ਸਰਦੀਆਂ ਸ਼ੁਰੂ ਹੁੰਦੇ ਸਾਰ ਉਸਨੇ ਇੱਕ ਕਾਲਾ ਗਰਮ ਸੂਟ ਸਿਲਵਾਇਆ। ਜਦ ਸੂਟ ਦਰਜੀ ਤੋਂ ਮਿਲਿਆ ਤਾਂ ਕੋਟ ਉੱਪਰ ਹਲਕੀਆਂ ਹਲਕੀਆਂ ਚਾਕ ਦੀਆਂ ਲਾਈਨਾਂ ਵੱਜੀਆਂ ਹੋਈਆਂ ਸਨ। ਜ਼ਾਹਰ ਸੀ ਕਿ ਇਹ ਲਾਈਨਾਂ ਕੋਟ ਨੂੰ ਡਰਾਈਕਲੀਨ ਕਰਵਾਉਣ ਨਾਲ ਲੱਥਣੀਆਂ ਸਨ। ਠੰਡ ਸ਼ੁਰੂ ਹੋ ਚੁੱਕੀ ਸੀ। ਸ਼ਾਇਦ ਸਾਹਿਬ ਨੇ ਡਰਾਈ ਕਲੀਨ ਕਰਵਾਉਣ ਦੀ ਘੌਲ਼ ਕੀਤੀ। ਉਹ ਇਵੇਂ ਲਾਈਨਾਂ ਵਾਲੇ ਕੋਟ ਨੂੰ ਪਹਿਨ ਕੇ ਹੀ ਕਈ ਦਿਨ ਕਾਲਜ ਨੂੰ ਆਉਂਦਾ ਰਿਹਾ। ਨਾ ਉਸਨੂੰ ਕੋਈ ਸ਼ਰਮ ਮਹਿਸੂਸ ਹੋਈ ਨਾ ਹੀ ਵਿਦਿਆਰਥੀ ਉਸ ਤੇ ਹੱਸੇ। ਖ਼ੈਰ ਪੜ੍ਹਾਉਂਦਾ ਬਹੁਤ ਵਧੀਆ ਸੀ। ਕਾਲਜ ਨੂੰ ਸੰਵਾਰਨ ਦਾ ਕੰਮ ਉਸਨੇ ਪੂਰੀ ਤਨਦੇਹੀ ਨਾਲ ਕੀਤਾ। ਪੇੜ ਪੌਦੇ ਥਾਂ ਥਾਂ ਲਵਾਅ ਦਿੱਤੇ। ਕਾਲਜ ਦੀ ਛੋਟੀ ਜਿਹੀ ਇਮਾਰਤ ਦਾ ਉਜਾੜ ਆਲਾ-ਦੁਆਲਾ ਚੰਦ ਕੁ ਮਹੀਨਿਆਂ ਵਿੱਚ ਹੀ ਹਰਾ ਭਰਾ ਹੋ ਗਿਆ। ਉਸਦਾ ਵਿਰੋਧੀ ਵੀ ਕੋਈ ਨਹੀਂ ਸੀ। ਉਸ ਨੂੰ ਸਰਬ ਸੰਮਤੀ ਨਾਲ ਜਾਂ ਕਿਸੇ ਦੇ ਕਹਿਣ ’ਤੇ ਕਿਸੇ ਕਾਲਜ ਤੋਂ ਲਿਆਂਦਾ ਗਿਆ ਸੀ- ਉਸਦਾ ਵਿਰੋਧ ਤਾਂ ਹੁੰਦਾ ਜੇ ਉਹ ਕਿਸੇ ਇੰਟਰਵਿਊ ਰਾਹੀਂ ਹੋਰ ਉਮੀਦਵਾਰਾਂ ਨਾਲ ਖਹਿ ਕੇ ਚੁਣ ਹੁੰਦਾ। ਇਸ ਨਵੇਂ ਅਦਾਰੇ ਨੇ ਪੜ੍ਹਾਈ ਦਾ ਮਹੌਲ ਪੂਰੀ ਤਰ੍ਹਾਂ ਸਿਰਜ ਕੇ ਰੱਖ ਦਿੱਤਾ। ਵਿਦਿਆਰਥੀ ਸਿਆਸਤ ਅਜੇ ਇਸ ਅਦਾਰੇ ਵੱਲ ਨੂੰ ਨਹੀਂ ਆਈ ਸੀ। ਪ੍ਰੋਫ਼ੈਸਰ ਵੀ ਸਿਆਸਤ ਤੋਂ ਅਣਭਿੱਜ ਸਨ। ਟਰੇਡ ਯੂਨੀਅਨ ਵਾਲੇ ਕਾਲਜ ਦੇ ਮਹੌਲ ਦੀ ਮਾੜੀ ਮਾੜੀ ਮੁਸ਼ਕ ਲੈ ਰਹੇ ਸਨ ਪਰ ਇਹ ਚਲਦੇ ਸਿਸਟਮ ਦਾ ਚੱਕਾ ਜਾਮ ਕਰਨ ਲਈ ਅਜੇ ਇੱਥੇ ਢੁਕੇ ਨਹੀਂ ਸਨ। ਵੈਸੇ ਵੀ ਉਦੋਂ ਦੇਸ਼ ਅਜੇ ਸਿਆਸੀ ਤੌਰ ’ਤੇ ਏਨਾ ਜਾਗਰਤ ਅਤੇ ਚੇਤਨ ਨਹੀਂ ਹੋਇਆ ਸੀ ਜਿੰਨਾ ਜਲਦੀ ਬਾਅਦ ਸ਼ੁਰੂ ਹੋਈ ਨਕਸਲਵਾੜੀ ਲਹਿਰ ਨੇ ਸ਼ੁਰੂ ਕਰ ਦਿੱਤਾ ਸੀ।

ਇੰਝ ਚਾਰ ਕੁ ਸਾਲ ਬੀਤ ਗਏ। ਪ੍ਰੋਫ਼ੈਸਰਾਂ ਦੀ ਗਿਣਤੀ ਗਿਆਰਾਂ ਬਾਰਾਂ ਕੁ ਹੀ ਸੀ। ਕਾਲਜ ਨੂੰ ਯੂਨੀਵਰਸਿਟੀ ਦੀ ਮਾਨਤਾ ਮਿਲ ਗਈ ਸੀ।

ਲੋਕ ਮਾੜੇ ਮਾੜੇ ਇਸ ਪ੍ਰਕਾਰ ਦੇ ਕਿਆਫ਼ੇ ਵੀ ਲਗਾਉਣ ਲੱਗ ਪਏ ਸਨ ਕਿ ਇਸ ਮੋਢੀ ਪ੍ਰਿੰਸੀਪਲ ਤੋਂ ਬਾਅਦ ਕੌਣ ਇਸਦੀ ਥਾਂ ਲਏਗਾ। ਇਹ ਥਾਂ ਲੈਣ ਲਈ ਕਾਲਜ ਦੇ ਦੋ ਲੈਕਚਰਾਰ ਤਿਆਰੀ ਕੱਸ ਰਹੇ ਲੱਗਦੇ ਸਨ। ਅੰਗਰੇਜ਼ੀ ਵਾਲਾ ਸਰਮੁੱਖ ਸਿੰਘ ਅਤੇ ਪੰਜਾਬੀ ਵਾਲਾ ਹਰਭਜਨ ਸਿੰਘ। ਅੰਗਰੇਜੀ ਵਾਲਾ ਐਮ. ਏ. ਦੇ ਦੋ ਵਾਰ ਪਰਚੇ ਦੇਣ ਤੋਂ ਵੀ ਐਮ.ਏ. ਦੀ ਸੈਕੰਡ ਡਿਵੀਜ਼ਨ ਨਹੀਂ ਬਣਾਅ ਸਕਿਆ ਸੀ। ਸ਼ੁਰੂ ਸ਼ੁਰੂ ਵਿੱਚ ਕਾਲਜ ਵਾਲਿਆਂ ਨੇ ਉਸਨੂੰ ਦੋ ਜਮਾਤਾਂ (ਪ੍ਰੈਪ ਅਤੇ ਬੀ.ਏ. ਭਾਗ ਪਹਿਲਾ) ਨੂੰ ਪੜ੍ਹਾਉਣ ਲਈ ਰੱਖ ਲਿਆ ਸੀ ਕਿਉਂਕਿ ਕਾਲਜ ਅਜੇ ਮਾਨਤਾ ਪ੍ਰਾਪਤ ਨਹੀਂ ਸੀ। ਉਨ੍ਹਾਂ ਸਾਲਾਂ ਵਿੱਚ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਵੀ ਸਭ ਤੋਂ ਹੇਠਲੀਆਂ ਦੋ ਜਮਾਤਾਂ ਨੂੰ ਅੰਗਰੇਜੀ ਪੜ੍ਹਾਉਣ ਲਈ ਥਰਡ ਡਿਵੀਜ਼ਨਰ ਐਮ.ਏ. ਪਾਸ ਵੀ ਯੋਗ ਸਮਝੇ ਜਾਂਦੇ ਸਨ। ਹੁਣ ਤੀਜੀ ਵਾਰੀ ਐਮ.ਏ. ਦੇ ਪਰਚੇ ਦੇ ਕੇ ਸਰਮੁੱਖ ਨੇ ਸਾਵੇਂ ਸਿੱਕੇ ਨੰਬਰਾਂ ਨਾਲ ਸੈਕੰਡ ਡਿਵੀਜ਼ਨ ਬਣਾਅ ਲਈ ਸੀ; ਹੁਣ ਉਹ ਪ੍ਰਿੰਸੀਪਲ ਦੀ ਅਸਾਮੀ ਲਈ ਅਰਜ਼ੀ ਪਾਉਣ ਦੇ ਯੋਗ ਹੋ ਗਿਆ ਸੀ।

ਸਰਮੁੱਖ ਸਿੰਘ ਨੂੰ ਇੱਕ ਹੋਰ ਲੱਤ ਵੀ ਸੀ। ਉਹ ਸਾਧਾਂ ਸੰਤਾਂ ਦੇ ਡੇਰਿਆਂ ਨੂੰ ਬੜਾ ਮੰਨਦਾ ਸੀ। ਵਹਿਮਾਂ ਭਰਮਾਂ ਵਿੱਚ ਵੀ ਬੜਾ ਯਕੀਨ ਰੱਖਦਾ ਸੀ। ਪਹਿਲਾ ‘ਬਾਬਾ’ ਪ੍ਰਿੰਸੀਪਲ ਸੇਵਾ ਮੁਕਤ ਹੋ ਗਿਆ। ਨਵੀਂ ਨਿਯੁਕਤੀ

ਲਈ ਅਰਜ਼ੀਆਂ ਦਾ ਇਸ਼ਤਿਹਾਰ ਅਖ਼ਬਾਰ ਵਿੱਚ ਆ ਗਿਆ। ਸੁਣਨ ’ਚ ਆਇਆ ਸੀ ਕਿ ਦਸ ਕੁ ਉਮੀਦਵਾਰਾਂ ਨੇ ਅਰਜ਼ੀਆਂ ਭੇਜੀਆਂ ਸਨ। ਇੰਟਰਵਿਊ, ਕਮੇਟੀ ਹੀ ਕਰਦੀ ਹੁੰਦੀ ਸੀ- ਯੂਨੀਵਰਸਿਟੀ ਅਤੇ ਡੀ.ਪੀ.ਆਈ. ਦੇ ਨੁਮਾਇੰਦੇ ਇੰਟਰਵਿਊ ਪੈਨਲ ਵਿੱਚ ਨਹੀਂ ਬਹਿੰਦੇ ਸਨ। ਐਮ.ਏ. ਵਿੱਚ ਸੈਕੰਡ ਡਿਵੀਜ਼ਨ ਤੋਂ ਇਲਾਵਾ, ਯੋਗਤਾ ਦੀ ਦੂਜੀ ਸ਼ਰਤ ਦਸ ਸਾਲ ਦਾ ਮਾਨਤਾ ਪ੍ਰਾਪਤ ਕਾਲਜ ਦੇ ਵਿੱਚ ਪੜ੍ਹਾਉਣ ਦਾ ਤਜਰਬਾ ਸੀ। ਸਰਮੁੱਖ ਤੇ ਹਰਭਜਨ ਸਿੰਘ ਦੋਹਾਂ ਦਾ ਦਸ ਦਸ ਸਾਲ ਦਾ ਪੜ੍ਹਾਉਣ ਦਾ ਤਜਰਬਾ ਹੈ ਹੀ ਸੀ। ਦੋਹਾਂ ਨੇ ਕਮੇਟੀ ਨੂੰ ਆਪਣੇ ਹੱਕ ਵਿੱਚ ਕਰਨ ਦੀ ਪੂਰੀ ਦੌੜ ਲਾ ਦਿੱਤੀ। ਇਹ ਖ਼ਾਲਸਾ ਕਾਲਜ ਸੀ -ਪਰ ਹੈ ਸੀ ਕਾਂਗਰਸ ਪਾਰਟੀ ਦੇ ਹੱਥ।

ਦੋਨੋਂ ਉਮੀਦਵਾਰ ਪਗੜੀਧਾਰੀ ਸਰਦਾਰ ਸਨ। ਲੱਗਦਾ ਸੀ ਕਿ ਪੰਜਾਬੀ ਵਾਲਾ ਹਰਭਜਨ ਸਿੰਘ ਮੱਲ ਮਾਰ ਜਾਏਗਾ ਪਰ ਹੋ ਗਿਆ ਇਸ ਤੋਂ ਉਲਟ! ਸਰਮੁੱਖ ਸਿੰਘ ਨੇ ਕਮੇਟੀ ਦੇ ਪ੍ਰਧਾਨ ਦੇ ਮੱਥੇ ਇੱਕ ਡੇਰੇ ਦਾ ਸਾਧ ਲਾ ਦਿੱਤਾ- ਇਸ ਪ੍ਰਕਾਰ ਆਪਣੀ ਚੋਣ ਕਰਵਾਅ ਲਈ।

ਕਾਰਜ-ਭਾਰ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਪ੍ਰਿੰਸੀਪਲ ਸਰਮੁੱਖ ਸਿੰਘ ਨੇ ਇੱਕ ਸਾਧ ਸੱਦ ਕੇ ਆਪਣੇ ਘਰ ਹਵਨ ਕਰਵਾਇਆ। ਫਿਰ ਇੱਕ ਪੰਡਤ ਤੋਂ ਕਾਲਜ ਨੂੰ ਚਾਰੇ ਪਾਸਿਓਂ ‘ਠੁਕਵਾਇਆ’ ਤਾਂ ਕਿ ਇਸ ਅੰਦਰ ਕੋਈ ਮਾੜੀਆਂ ਰੂਹਾਂ ਨਾ ਪ੍ਰਵੇਸ਼ ਕਰਨ। ਪ੍ਰਿੰਸੀਪਲ ਤਾਂ ਨਵਾਂ ਆ ਗਿਆ ਪਰ ਕਾਲਜ ਦੇ ਭਾਗ ਫੁੱਟ ਗਏ! ਨਾਲ ਹੀ ਹਰਭਜਨ ਸਿੰਘ ਦੇ ਭਾਗ ਵੀ ਫੁੱਟ ਗਏ! ਹੁਣ ਕਾਲਜ ਵਿੱਚ ਚੌਧਰ ਵਾਲੇ ਕੰਮਾਂ ਲਈ ਜਿੰਨੀਆਂ ਵੀ ਡਿਊਟੀਆਂ ਲੱਗਦੀਆਂ -ਉਹਨਾਂ ਵਿੱਚ ਹਰਭਜਨ ਸਿੰਘ ਦਾ ਨਾਮ ਕਦੀ ਨਾ ਹੁੰਦਾ! ਕਾਲਜ ਵਿੱਚ ਕੋਈ ਨਵੀਂ ਪਾਲਸੀ ਘੜਨ ਵਿੱਚ ਹਰਭਜਨ ਸਿੰਘ ਦੀ ਸਲਾਹ ਕਦੀ ਨਾ ਲਈ ਜਾਂਦੀ। ਉਦੋਂ ਪੰਜਾਬ ਦਾ ਮਹੌਲ ਕਾਫ਼ੀ ਚੰਗਾ ਹੁੰਦਾ ਸੀ।

ਕਾਲਜ ਦੇ ਕੰਮ ਕਰਕੇ ਲੈਕਚਰਾਰ ਫ਼ਖ਼ਰ ਮਹਿਸੂਸ ਕਰਦੇ ਹੁੰਦੇ ਸਨ। ਇਹਨਾਂ ਕੰਮਾਂ ਵਿੱਚ ਵਾਈਸ ਪ੍ਰਿੰਸੀਪਲ ਦੀ ਡਿਊਟੀ ਵੀ ਹੁੰਦੀ ਸੀ। ਭਾਵੇਂ ਇਹ ਅਹੁਦਾ ਨਿਸ਼ਚਿਤ ਅਤੇ ਨਿਰਧਾਰਤ ਨਹੀਂ ਹੁੰਦਾ ਸੀ, ਫਿਰ ਵੀ ਜਦ ਪ੍ਰਿੰਸੀਪਲ ਕਿਸੇ ਕਾਰਨ ਕਰਕੇ ਗ਼ੈਰ ਹਾਜ਼ਰ ਹੁੰਦਾ ਸੀ ਤਾਂ ਉਹ ਆਪਣੀ ਥਾਂ ’ਤੇ ਕਿਸੇ ਸੀਨੀਅਰ ਲੈਕਚਰਾਰ ਨੂੰ ਬਿਠਾਅ ਕੇ ਹੀ ਜਾਂਦਾ ਹੁੰਦਾ ਸੀ। ਹੋਰ ਚੌਧਰ ਵਾਲੇ ਕੰਮ ਐਨ.ਸੀ.ਸੀ. ਅਫ਼ਸਰ, ਐਨ. ਐਸ. ਐਸ. ਇੰਚਾਰਜ, ਬਰਸਰੀ, ਟਾਈਮ ਟੇਬਲ ਇੰਚਾਰਜ, ਕਾਲਜ ਦੇ ਰਸਾਲੇ ਦੀ ਚੀਫ਼ ਐਡੀਟਰ, ਪ੍ਰੀਖਿਆਵਾਂ ਕਰਵਾਉਣ ਸਮੇਂ ਸੈਂਟਰ ਸੁਪਰਡੰਟ, ਆਦਿ, ਹੁੰਦੇ ਸਨ। ਇਹਨਾਂ ਵਿੱਚੋਂ ਕਿਸੇ ਵੀ ਕੰਮ ਲਈ ਹਰਭਜਨ ਸਿੰਘ ਦੀ ਡਿਊਟੀ ਨਹੀਂ ਲੱਗਦੀ ਸੀ। ਇੱਥੋਂ ਤੱਕ ਕਿ ਕਾਲਜ ਦੇ ਰਸਾਲੇ ਵਿੱਚ ਉਹ ਤਸਵੀਰ ਵੀ ਨਹੀਂ ਲੱਗਦੀ ਸੀ ਜਿਸ ਵਿੱਚ ਹਰਭਜਨ ਸਿੰਘ ਸੋਹਣਾ ਅਤੇ ਭਰਵਾਂ ਦਿਖਦਾ ਹੋਵੇ। ਭਾਵ ਇਹ ਕਿ ਪ੍ਰਿੰਸੀਪਲ ਸਰਮੁੱਖ ਸਿੰਘ ਨੇ ਹਮੇਸ਼ਾ ਹਰਭਜਨ ਸਿੰਘ ਨੂੰ ਪੂਰੀ ਤਰ੍ਹਾਂ ਖੁੱਡੇ ਲਾਈਨ ਲਾ ਕੇ ਰੱਖਿਆ।

ਸਮਾਂ ਬੀਤਦਾ ਗਿਆ ਬੀਤਦਾ ਗਿਆ। ਕਾਲਜ ਵਧੀਆ ਤਾਂ ਨਹੀਂ ਚੱਲਿਆ, ਵੈਸੇ ਚੱਲਦਾ ਜ਼ਰੂਰ ਰਿਹਾ। ਸਿਆਸਤ ਵੀ ਕਾਲਜ ਵਿੱਚ ਪੈਰ ਪਸਾਰਦੀ ਗਈ। ਜਦ ਕਿਸੇ ਨੇ ਪ੍ਰਿੰਸੀਪਲ ਨਾਲ ਗੱਲ ਕਰਨੀ ਕਿ ਸਿਆਸਤ ਕਾਫ਼ੀ ਵਧਦੀ ਜਾ ਰਹੀ ਏ, ਹੜਤਾਲਾਂ ਵੀ ਹੋਣ ਲੱਗ ਪਈਆਂ ਹਨ, ਪ੍ਰੋਫ਼ੈਸਰਾਂ ਦੇ ਵਿਰੋਧੀ ਗੁੱਟ ਦਾ ਬੋਲਬਾਲਾ ਵੀ ਵਧਦਾ ਜਾ ਰਿਹਾ ਏ, ਤੁਹਾਨੂੰ ਕੋਈ ਖ਼ਤਰਾ ਤਾਂ ਨਹੀਂ ਤਾਂ ਪ੍ਰਿੰਸੀਪਲ ਨੇ ਕਹਿਣਾ, “ਤੁਹਾਨੂੰ ਪਤੈ ਹੈ ਮੈਂ ਛੋਟਾ ਹੁੰਦਾ ਕਬੱਡੀ ਵੀ ਖੇਡਦਾ ਰਿਹਾ ਹਾਂ! ਮੇਰੇ ਤਾਂ ਹੁਣ ਤਿੰਨ ਕੁ ਸਾਲ ਹੀ ਰਹਿ ਗਏ। ਮੈਂ ਤਾਂ ਕਬੱਡੀ ਕਬੱਡੀ ਕਰ ਕੇ ਹੰਧਿਆਂ ਨੂੰ ਛੂਹ ਹੀ ਲਊਂ, ਮੈਥੋਂ ਬਾਅਦ ਆਉਣ ਵਾਲੇ ਦਾ ਕੀ ਬਣੂ ਮੈਨੂੰ ਪਤਾ ਨਹੀਂ।”

ਜੇ ਕਿਸੇ ਚਮਚੇ ਨੇ ਪ੍ਰਿੰਸੀਪਲ ਪਾਸ ਬੈਠ ਕੇ ਚਾਹ ਦੀਆਂ ਚੁਸਕੀਆਂ ਲੈਂਦੇ ਨੇ ਹਰਭਜਨ ਸਿੰਘ ਦਾ ਨਾਂ ਲੈ ਦੇਣਾ ਤਾਂ ਉਸ ਨੇ ਕਹਿਣਾ, “ਉਹ ਭਾਵੇਂ ਮੈਨੂੰ ਖਰਾਬ ਕਰਨ ਲਈ ਅੱਡੀਆਂ ਤੱਕ ਜ਼ੋਰ ਲਾ ਲਏ, ਉਹਨੂੰ ਮੈਂ ਕਾਮਯਾਬ ਨਹੀਂ ਹੋਣ ਦਿੰਦਾ। ਇਹ ਮੈਂ ਲਲਕਾਰ ਕੇ ਕਹਿੰਦਾ ਹਾਂ। ਮੈਨੂੰ ਪਤਾ ਹੈ ਕਿ ਉਹ ਉਦੋਂ ਤੋਂ ਹੀ ਵਿਸ ਘੋਲ ਰਿਹਾ ਹੈ ਜਦ ਦਾ ਮੈਂ ਇਸ ਕੁਰਸੀ ’ਤੇ ਬਿਰਾਜਮਾਨ ਹੋਇਆ ਹਾਂ। ਮੈਂ ਕੁਸ਼ਤੀ ਵੀ ਲੜਦਾ ਰਿਹਾ ਹਾਂ। ਤੁਹਾਨੂੰ ਪਤਾ ਹੀ ਹੈ ਕਿ ਮੈਂ ਆਪਣਾ ਕਰੀਅਰ ਪੁਲਸ ਮਹਿਕਮੇ ਤੋਂ ਸ਼ੁਰੂ ਕੀਤਾ ਸੀ- ਬੀ.ਏ. ਕਰ ਕੇ ਪੁਲਸ ਵਿੱਚ ਚਲਾ ਗਿਆ ਸਾਂ। ਫਿਰ ਸ਼ਾਮ ਦੀਆਂ ਜਮਾਤਾਂ ਲਾ ਕੇ ਅੰਗਰੇਜ਼ੀ ਦੀ ਐਮ.ਏ. ਕੀਤੀ। ਫਿਰ ਐਮ.ਏ. ਨੂੰ ਸੁਧਾਰਿਆ। ਸਾਲਾ ਅੰਗਰੇਜ਼ੀ ਮਜ਼ਮੂਨ ਹੀ ਐਸਾ ਏ। ਸੈਕੰਡ ਡਿਵੀਜ਼ਨ ਬੜੀ ਔਖੀ ਆਉਂਦੀ ਏ। ਭਜਨੇ ਜਿਹਿਆਂ ਵਾਂਗੂ ਗੁਰਮੁਖੀ ਦੀ ਐਮ.ਏ. ਤਾਂ ਮੈਂ ਛੇ ਮਹੀਨੇ ਪੜ੍ਹ ਕੇ ਕਰ ਦਿਆਂ। ਭਜਨੇ ਦਾ ਤਾਂ ਉਹ ਹਾਲ ਏ - ਸੁੱਕੇ ਪੱਤੇ ਅੱਗ ਨਾਲ਼ ਯਾਰੀ। ਮਾੜੀ ਮੇਖ ਮੱਖਣ ‘ਚ ਕੀ ਮੋਰੀ ਕਰੂ?”

000

ਸਰਮੁੱਖ ਦੀ ਸੇਵਾਮੁਕਤੀ ਤੋਂ ਬਾਅਦ ਕਮੇਟੀ ਕਿਸੇ ਕਾਰਨ ਕਰਕੇ ਨਵੀਂ ਨਿਯੁਕਤੀ ਕਰਨ ਵਿੱਚ ਕੁਝ ਲੇਟ ਹੋਈ ਜਾ ਰਹੀ ਸੀ। ਸ਼ਾਇਦ ਪ੍ਰਧਾਨ ਸਾਹਬ ਇੰਗਲੈਂਡ ਗਏ ਹੋਏ ਸਨ। ਉਹ ਆਪਣੇ ਰਿਸ਼ਤੇਦਾਰਾਂ ਨੂੰ ਵੀ ਮਿਲ ਰਹੇ ਸਨ ਅਤੇ ਸੰਸਥਾ ਵਾਸਤੇ ਉਗਰਾਹੀ ਵੀ ਕਰ ਰਹੇ ਸਨ।

ਬਾਅਦ ਵਿੱਚ ਪਤਾ ਲੱਗਾ ਕਿ ਕਮੇਟੀ ਦੇ ਸਕੱਤਰ ਸਾਹਬ ਵੀ ਪ੍ਰਧਾਨ ਨਾਲ਼ ਬਾਹਰਲੇ ਮੁਲਕ ਦੇ ਦੌਰੇ ’ਤੇ ਸਨ। ਪਿੱਛੇ ਦੋ ਅਹੁਦੇਦਾਰ, ਮੈਨੇਜਰ ਅਤੇ ਵਿੱਤ ਸਕੱਤਰ, ਹੀ ਸਨ। ਇਨ੍ਹਾਂ ਦੋਵ੍ਹਾਂ ਦੀਆਂ ਅੱਖਾਂ ਮੂਹਰੇ ਕਾਰਜਕਾਰੀ ਪ੍ਰਿੰਸੀਪਲ ਰੱਖਣ ਲਈ ਦੋ ਨਾਮ

ਉਜਾਗਰ ਸਿੰਘ ਜ਼ਲੀਲ ਹੋਣੋਂ ਬਚ ਗਿਆ

ਘੁੰਮ ਰਹੇ ਸਨ - ਰਾਜਨੀਤੀ ਸ਼ਾਸਤਰ ਵਾਲਾ ਰਾਜਿੰਦਰ ਸਿੰਘ ਅਤੇ ਇਤਿਹਾਸ ਵਾਲਾ ਸ਼ਾਮ ਸਿੰਘ। ਵੈਸੇ ਵੀ ਹੁਣ ਤੱਕ, ਸਟਾਫ਼, ਅਠਾਰਾਂ ਮੈਂਬਰ ਹੋ ਚੁੱਕਾ ਸੀ। ਕੰਪਿਊਟਰ ਸਾਇੰਸ ਦਾ ਮਜ਼ਮੂਨ ਵੀ ਚੰਗਾ ਜ਼ੋਰ ਫੜ ਗਿਆ ਸੀ।

ਰਾਜਿੰਦਰ ਸਿੰਘ ਅਤੇ ਸ਼ਾਮ ਸਿੰਘ ਦੀ ਖਹਿਬਾਜ਼ੀ ਵੀ ਚੱਲਦੀ ਰਹਿੰਦੀ ਸੀ। ਹੁਣ ਪੱਕੀ ਚੋਣ ਕਰਨ ਲਈ ਯੂਨੀਵਰਸਿਟੀ ਅਤੇ ਡੀ.ਪੀ.ਆਈ. ਦੇ ਨੁਮਾਇੰਦੇ ਹੋਣੇ ਵੀ ਜ਼ਰੂਰੀ ਹੋ ਗਏ ਸਨ। ਸੋਚ ਵਿਚਾਰ ਕਰ ਕੇ ਮੈਨੇਜਰ ਸਾਹਿਬ ਨੇ ਰਾਜਿੰਦਰ ਸਿੰਘ ਨੂੰ ਕਾਰਜਕਾਰੀ ਕੰਮ ਸੰਭਾਲਣ ਲਈ ਚਿੱਠੀ ਦੇ ਦਿੱਤੀ। ਇੰਝ ਹੋਣ ਨਾਲ ਰਾਜਿੰਦਰ ਸਿੰਘ ਦੇ ਖੇਮੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਚਾਰਜ ਸੰਭਾਲਣ ਸਾਰ ਹੀ ਰਾਜਿੰਦਰ ਸਿੰਘ ਨੇ ਸਾਰੇ ਸਿਸਟਮ ਵਿੱਚ ਵਿਆਪਕ ਤਬਦੀਲੀਆਂ ਕਰ ਦਿੱਤੀਆਂ। ਚੌਧਰ ਵਾਲੇ ਸਾਰੇ ਕੰਮ ਆਪਣੇ ਗੁੱਟ ਦੇ ਪ੍ਰੋਫ਼ੈਸਰਾਂ ਨੂੰ ਦੇ ਦਿੱਤੇ। ਹਲਕੇ ਦਰਜੇ ਦੇ ਕੰਮ ਸ਼ਾਮ ਸਿੰਘ ਵਾਲੇ ਗੁੱਟ ਨੂੰ ਦਿੱਤੇ ਜਾਣੇ ਸ਼ੁਰੂ ਹੋ ਗਏ। ਸ਼ਾਮ ਸਿੰਘ ਨੂੰ ਨਾ ਕੋਈ ਚੌਧਰ ਕਰਨ ਵਾਲਾ ਕੰਮ ਸੰਭਾਲਿਆ ਜਾਂਦਾ ਅਤੇ ਨਾ ਹੀ ਕੋਈ ਐਸਾ ਕੰਮ ਸੰਭਾਲਿਆ ਜਾਂਦਾ ਜਿਸ ਦੀ ਅਖ਼ਬਾਰਾਂ ਵਿੱਚ ਖਬਰ ਲੱਗਣੀ ਹੋਵੇ।

ਸ਼ਾਮ ਸਿੰਘ ਚੰਗਾ ਵਕਤਾ ਸੀ। ਕਾਲਜ ਵਿੱਚ ਉਸ ਸਾਲ ਬਸੰਤ ਪੰਚਮੀ ਦੇ ਮੌਕੇ ’ਤੇ ਕੀਰਤਨ ਦਰਬਾਰ ਕਰਵਾਇਆ ਗਿਆ। ਇੱਕ ਪ੍ਰਸਿੱਧ ਕੀਰਤਨੀ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸਾਰੇ ਪ੍ਰੋਗਰਾਮ ਵਿੱਚ ਚੌਧਰ ਪ੍ਰੋ: ਕਰਮ ਸਿੰਘ ਦੀ ਰਹੀ, ਭਾਵੇਂ ਪਹਿਲਾਂ ਸਰਮੁੱਖ ਸਿੰਘ ਦੇ ਵੇਲੇ ਇਸ ਪ੍ਰਕਾਰ ਦੇ ਕਾਰਜ ਦੀ ਸਾਂਭ ਸੰਭਾਲ ਅਤੇ ਸਟੇਜ ਸਕੱਤਰੀ ਸ਼ਾਮ ਸਿੰਘ ਕਰਦਾ ਹੁੰਦਾ ਸੀ।

ਸੈਸ਼ਨ ਦੇ ਅੰਤ ਵਿੱਚ ਕਾਲਜ ਦੇ ਰਸਾਲੇ ਵਿੱਚ ਸ਼ਾਮ ਸਿੰਘ ਦੀ ਇੱਕ ਵੀ ਫ਼ੋਟੋ ਨਜ਼ਰ ਨਾ ਆਈ! ਸ਼ਾਮ ਸਿੰਘ ਦੀ ਸੇਵਾ ਮੁਕਤੀ ਦੇ 6 ਸਾਲ ਰਹਿੰਦੇ ਸਨ ਅਤੇ ਰਾਜਿੰਦਰ ਸਿੰਘ ਦੇ ਅਜੇ 11 ਸਾਲ ਬਾਕੀ ਸਨ। ਰਾਜਿੰਦਰ ਸਿੰਘ ਨੂੰ ਆਸ ਸੀ ਕਿ ਉਹ ਪੱਕੇ ਤੌਰ ’ਤੇ ਹੀ ਪ੍ਰਿੰਸੀਪਲ ਦੀ ਕੁਰਸੀ ’ਤੇ ਬਿਰਾਜਮਾਨ ਹੋ ਜਾਵੇਗਾ। ਉਹ ਸੋਚਦਾ ਸੀ ਕਿ ਪ੍ਰਧਾਨ ਅਤੇ ਸਕੱਤਰ ਦੇ ਬਾਹਰੋਂ ਆਉਣ ਨਾਲ ਕਾਲਜ ਦੀ ਆਰਥਕ ਹਾਲਤ ਕਾਫ਼ੀ ਚੰਗੀ ਹੋ ਜਾਏਗੀ- ਉਹ ਇਸ ਖ਼ੁਸ਼ਹਾਲ ਅਦਾਰੇ ਵਿੱਚ ਸਾਰੀ ਉਮਰ ਪ੍ਰਿੰਸੀਪਲ ਰਹਿ ਕੇ ਇਲਾਕੇ ਵਿੱਚ ਆਪਣੀ ਨਰੋਈ ਸਾਖ਼ ਕਾਇਮ ਕਰ ਲਵੇਗਾ- ਸੁਣਿਆ ਸੀ ਕਿ ਉਹ ਬੋਚ ਬੋਚ ਕੇ ਪੈਰ ਰੱਖਦਾ ਸੀ ਅਤੇ ਕਿਸੇ ਯੂਨੀਵਰਸਿਟੀ ਤੋਂ ਪੀ. ਐਚ.ਡੀ. ਦੀ ਡਿਗਰੀ ਵਾਸਤੇ ਰਿਸਰਚ ਵੀ ਕਰ ਰਿਹਾ ਸੀ। ਉਹ ਪ੍ਰਧਾਨ ਦੇ ਗੁੱਟ ਵਿੱਚ ਆਪਣੀ ਮਜ਼ਬੂਤ ਸਾਖ ਵੀ ਕਾਇਮ ਕਰੀ ਜਾ ਰਿਹਾ ਸੀ।

ਪ੍ਰਧਾਨ ਅਤੇ ਸਕੱਤਰ ਅੱਛੇ ਖਾਸੇ ਪੈਸੇ ਉਗਰਾਹ ਕੇ ਵਾਪਸ ਆ ਗਏ। ਸਾਇੰਸ ਦੇ ਮਜ਼ਮੂਨ ਚਲਾਉਣ ਦੀ ਤਿਆਰੀ ਪੂਰੀ ਜ਼ੋਰਾਂ ’ਤੇ ਸੀ। ਖੇਡਾਂ ਦੇ ਖੇਤਰ ਵਿੱਚ ਵੀ ਕਾਲਜ ਨੇ ਚੰਗਾ ਨਾਮਣਾ ਖੱਟਿਆ ਸੀ। ਸਾਰਾ ਸਟਾਫ਼ ਸੋਚਾਂ ਵਿੱਚ ਸੀ ਕਿ ਹੁਣ ਪ੍ਰਿੰਸੀਪਲ ਦੀ ਕੁਰਸੀ ’ਤੇ ਪੱਕੇ ਤੌਰ ’ਤੇ ਕੌਣ ਬੈਠੇਗਾ।

ਰਾਜਿੰਦਰ ਸਿੰਘ ਨੇ ਆਪਣਾ ਪ੍ਰਭਾਵ ਵਧਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ। ਉਸਨੂੰ ਕਾਰਜਕਾਰੀ ਮੁਖੀ ਦੇ ਤੌਰ ’ਤੇ ਦੋ ਵਾਰੀ ਸਮਾਂ ਦੇ ਦਿੱਤਾ ਗਿਆ ਸੀ। ਇੱਕ ਵਾਰ ਇੱਕ ਸਾਲ ਦਾ ਅਤੇ ਦੂਜੀ ਵਾਰ ਛੇ ਮਹੀਨੇ ਦਾ। ਹੁਣ ਪ੍ਰਧਾਨ ਅਤੇ ਸਕੱਤਰ ਨੇ ਮੀਟਿੰਗ ਬੁਲਾਅ ਕੇ ਕਮੇਟੀ ਤੋਂ ਪਾਸ ਕਰਵਾਅ ਲਿਆ ਸੀ ਕਿ ਪ੍ਰਿੰਸੀਪਲ ਦੀ ਪੱਕੇ ਤੌਰ ’ਤੇ ਨਿਯੁਕਤੀ ਲਈ ਪੈਨਲ ਬੁਲਾਅ ਲਿਆ ਜਾਵੇ।

ਹੁਣ ਯੂ.ਜੀ.ਸੀ. ਨੇ ਪ੍ਰਿੰਸੀਪਲ ਲਈ ਯੋਗਤਾ ਪੀ.ਐਚ.ਡੀ. ਵੀ ਕਰ ਦਿੱਤੀ ਸੀ! ਕਾਲਜ ਵਿੱਚ ਪੀ. ਐਚ.ਡੀ. ਡਿਗਰੀ ਪ੍ਰਾਪਤ ਸਿਰਫ਼ ਦੋ ਪ੍ਰੋਫ਼ੈਸਰ ਹੀ ਸਨ - ਕੰਪਿਊਟਰ ਸਾਇੰਸ ਵਾਲਾ ਉਜਾਗਰ ਸਿੰਘ ਭੰਗੂ ਅਤੇ ਸਰੀਰਕ ਸਿੱਖਿਆ ਵਾਲਾ ਜਗਤ ਸਿੰਘ ਵੜੈਚ। ਜ਼ਾਹਰ ਸੀ ਕਿ ਪ੍ਰਿੰਸੀਪਲ ਦੀ ਅਸਾਮੀ ਲਈ ਸਿਰਫ਼ ਇਹ ਦੋਨੋਂ ਹੀ ਅਰਜ਼ੀ ਦੇ ਸਕਦੇ ਸਨ। ਰਾਜਿੰਦਰ ਸਿੰਘ ਦਾ ਥੀਸਿਸ ਤਾਂ ਤਿਆਰ ਸੀ ਪਰ ਅਜੇ ਵਾਈਵਾ ਰਹਿੰਦਾ ਸੀ! ਜ਼ਾਹਰ ਸੀ ਕਿ ਉਸਨੂੰ ਘੱਟ ਤੋਂ ਘੱਟ ਛੇ ਮਹੀਨੇ ਲੱਗ ਜਾਣੇ ਸਨ! ਯੂ.ਜੀ.ਸੀ. ਉਸਨੂੰ ਤੀਜੀ ਐਕਸਟੈਂਸ਼ਨ ਦੇਣ ਦੀ ਮਨਜ਼ੂਰੀ ਨਹੀਂ ਦੇ ਰਿਹਾ ਸੀ।

ਦੇਖਣ ਪਾਖਣ ਵਿੱਚ ਸਭ ਤੋਂ ਯੋਗ ਵਿਅਕਤੀ ਡਾ: ਉਜਾਗਰ ਸਿੰਘ ਭੰਗੂ ਹੀ ਲੱਗਦਾ ਸੀ। ਜ਼ੋਰ ਸਭ ਤੋਂ ਵੱਧ ਸਰੀਰਕ ਸਿੱਖਿਆ ਵਾਲੇ ਡਾ: ਵੜੈਚ ਦਾ ਲੱਗਾ ਹੋਇਆ ਸੀ- ਵੜੈਚ ਭਾਵੇਂ ਡਾਕਟਰ ਸੀ ਪਰ ਹੈ ਸੀ ਪੂਰਾ ਧੌਂਸੀ।

ਦਫ਼ਤਰ ਨੇ ਪਹੁੰਚੀਆਂ ਅਰਜ਼ੀਆਂ ਕਮੇਟੀ ਮੂਹਰੇ ਰੱਖ ਦਿੱਤੀਆਂ। ਸ਼ਰਤ ਪੀ. ਐਚ.ਡੀ. ਹੋਣ ਕਰਕੇ ਉਮੀਦਵਾਰ ਮਸਾਂ ਪੰਜ ਹੀ ਸਨ। ਦੋ ਤਾਂ ਕਾਲਜ ਦੇ ਹੀ ਸਨ। ਬਾਹਰਲਿਆਂ ਤਿੰਨਾਂ ਵਿੱਚੋਂ ਦੋ ਨੇ ਥੀਸਿਸ ਜਮ੍ਹਾਂ ਕਰਵਾਏ ਹੋਏ ਸਨ। ਉਹਨਾਂ ਦਾ ਵਾਈਵਾ ਹੋਣਾ ਅਜੇ ਬਾਕੀ ਸੀ - ਉਹਨਾਂ ਸੋਚਿਆ ਸੀ ਕਿ ਸ਼ਾਇਦ ਕੰਮ ਬਣ ਹੀ ਜਾਵੇ, ਸ਼ਾਇਦ ਪੈਨਲ ਕਹਿ ਦੇਵੇ ਕਿ ਛੇ ਮਹੀਨੇ ਵਿੱਚ ਆਪਣੀ ਡਿਗਰੀ ਪੂਰੀ ਕਰ ਲਓ! ਤੀਜਾ ਕਿਸੇ ਨੇੜੇ ਦੇ ਕਾਲਜ ਵਿੱਚੋਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੱਢਿਆ ਹੋਇਆ ਸੀ। ਲਾ ਪਾ ਕੇ ਅਸਲੀ ਮੁਕਾਬਲਾ ਤਾਂ ਡਾ: ਭੰਗੂ ਅਤੇ ਡਾ: ਵੜੈਚ ਵਿੱਚ ਹੀ ਸੀ।

ਦੋਨੋਂ ਜਣੇ ਪੂਰੀ ਸਰਗਰਮੀ ਨਾਲ ਕਮੇਟੀ ਮੈਂਬਰਾਂ ਨੂੰ ਮਿਲ ਰਹੇ ਸਨ ਅਤੇ ਯੂਨੀਵਰਸਿਟੀ ਅਤੇ ਡੀ.ਪੀ.ਆਈ. ਦੇ ਨੁਮਾਇੰਦਿਆਂ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਵੀ ਕਰੀ ਰਹੇ ਸਨ। ਭੰਗੂ ਦੇ ਸੰਗੀ ਸਾਥੀ ਉਸ ਲਈ ਪੂਰਾ ਜ਼ੋਰ ਲਾ ਰਹੇ ਸਨ ਅਤੇ ਵੜੈਚ ਦਾ ਗੁੱਟ ਏਨਾ ਪੱਬਾਂ ਭਾਰ ਹੋਇਆ ਪਿਆ ਸੀ ਕਿ ਮੌਕਾ ਬਿਲਕੁਲ ਵੀ ਹੱਥੋਂ ਜਾਣ ਨਹੀਂ ਸੀ ਦੇਣਾ ਚਾਹੁੰਦਾ।

ਇੰਟਰਵਿਊ ਦਾ ਦਿਨ ਨੇੜੇ ਆ ਰਿਹਾ ਸੀ। ਬੁਲਾਵਾ ਸਿਰਫ਼ ਇਹਨਾਂ ਦੋਹਾਂ ਨੂੰ ਹੀ ਭੇਜਿਆ ਗਿਆ ਸੀ ਕਿਉਂਕਿ ਬਾਕੀ ਕਿਸੇ ਦੀ ਵੀ ਯੋਗਤਾ ਲੋੜ ਮੁਤਾਬਕ ਨਹੀਂ ਸੀ।

ਕਾਲਜ ਦੇ ਦਫ਼ਤਰ ਵਿੱਚ ਇੰਟਰਵਿਊ ਹੋਈ। ਅੰਦਰੋਂ ਕਨਸੋਅ ਮਿਲਣੀ ਸ਼ੁਰੂ ਹੋ ਗਈ ਸੀ ਕਿ ਡਾ: ਵੜੈਚ ਕਾਮਯਾਬ ਹੋ ਰਿਹਾ ਸੀ- ਇਸ ਲਈ ਉਹ ਤਾਂ ਖੁਸ਼ ਹੈ ਹੀ ਸੀ ਪਰ ਦੂਸਰੇ ਦਿਨ ਦੁਪਹਿਰੇ ਜਿਹੇ ਇੱਕ ਨਵੀਂ ਖ਼ਬਰ ਆ ਗਈ! ਡਾ: ਭੰਗੂ ਨੂੰ ਬਰਕਲੇ ਯੂਨੀਵਰਸਿਟੀ ਯੂ.ਐਸ.ਏ. ਨੇ ਫ਼ੈਲੋਸ਼ਿੱਪ ਦੇ ਦਿੱਤੀ ਸੀ- ਉਸ ਨੇ ਕੁਝ ਸਮਾਂ ਪਹਿਲਾਂ ਇਹਦੇ ਵਾਸਤੇ ਚੁਪਚਾਪ ਫ਼ਾਰਮ ਭਰਿਆ ਸੀ! ਜੇ ਉਹ ਕਾਲਜ ਵਿੱਚ ਰਹਿ ਜਾਂਦਾ ਤਾਂ ਉਸਦੀ ਹਾਲਤ ਉਦੋਂ ਤੱਕ ਹਰਭਜਨ ਸਿੰਘ ਅਤੇ ਸ਼ਾਮ ਸਿੰਘ ਜਿਹੀ ਹੀ ਰਹਿਣੀ ਸੀ- ਜਦੋਂ ਤੱਕ ਡਾ: ਵੜੈਚ ਪ੍ਰਿੰਸੀਪਲ ਦੀ ਕੁਰਸੀ ਦੇ ਬਿਰਾਜਮਾਨ ਰਹਿਣਾ ਸੀ!

ਕਿਸਮਤ ਨੇ ਡਾ: ਉਜਾਗਰ ਸਿੰਘ ਭੰਗੂ ਨੂੰ ਯੂ.ਐਸ.ਏ. ਫ਼ੈਲੋਸ਼ਿੱਪ ਦੁਆ ਕੇ ਕਾਲਜ ਵਿੱਚ ਡਾ: ਵੜੈਚ ਦੀ ਲਗਾਤਾਰ ਅਧੀਨਗੀ ਤੋਂ ਬਚਾਅ ਲਿਆ ਸੀ। ਇੰਝ ਉਹ ਜ਼ਲੀਲ ਹੋਣੋਂ ਬਚ ਗਿਆ ਸੀ।

(ਸਿਡਨੀ, ਆਸਟਰੇਲੀਆ)
+61 437 641 033

ਜਾਨੇ ਕਿਸ ਮਿੱਟੀ ਕੇ ਬਨੇ ਹੋਤੇ ਹੈਂ
ਸਵਰਨ ਪਿੰਜਰ ਕੇ ਲਾਲਚ ਮੇਂ
ਲਾਖੋਂ ਤੋਤੇ
ਆਸਮਾਨ ਖੋਤੇ ਹੈਂ

ਇੰਦਿਰਾ ਕਿਸਲਯ

ਇਲਾਕਾ ਬੋਲਦਾ ਹੈ

ਪਿਛਲੇ ਮਹੀਨਿਆਂ ਵਿੱਚ ਪ੍ਰੀਤ ਨਗਰ ਜ਼ਿਆਦਾ ਰਹਿਣ ਦਾ ਸਬੱਬ ਬਣਿਆ, ਕੋਈ ਨਾ ਕੋਈ ਆਉਂਦਾ ਜਾਂਦਾ ਰਿਹਾ- ਟੋਲੀਆਂ ਆਉਂਦੀਆਂ ਰਹੀਆਂ ਹਨ।
ਏਸ ਸਿਲਸਿਲੇ ਵਿਚ, ਬਹੁਤ ਪੁਰਾਣੇ ਵੇਲੇ ਦਾ ਰੋਟੀ ਬਨਾਉਣ ਵਾਲਾ, ਇਲਾਕੇ ਦਾ ਚੰਗਾ ਮਾਹਿਰ, ਮੇਰੇ ਨਾਲ ਕਾਫ਼ੀ ਅਰਸੇ ਤੋਂ ਇਨ੍ਹਾਂ ਦੀ ਰੋਟੀ ਪਾਣੀ ਦਾ ਇੰਤਜ਼ਾਮ ਕਰਦਾ ਰਹਿੰਦਾ ਹੈ। ਆਮ ਤੌਰ 'ਤੇ ਇਹਦੇ ਕੋਲ ਲੰਮੀ ਲੰਮੀ ਬੁਕਿੰਗ ਹੁੰਦੀ ਹੈ ਕੰਮ ਦੀ- ਮੱਸਿਆ ਸੰਗਰਾਂਦ, ਤੇ ਹੋਰ ਵਿਆਹ ਸ਼ਾਦੀ, ਖਾਨਗਾਹਾਂ 'ਤੇ ਮੇਲਿਆਂ ਦੇ ਲੰਗਰ, ਗੁਰਦਵਾਰਿਆਂ ਦੇ ਲੰਗਰ, ਧਮਾਣ, ਮਰਨੇ ਜਿਊਣੇ, ਚੌਥੇ, ਭੋਗ, ਆਖੰਡ ਪਾਠ...ਪਾਠੀਆਂ ਨਾਲੋਂ ਵੱਧ ਰੁੱਝਿਆ ਅਤੇ ਰੱਜਿਆ ਹੋਇਆ ਨਜ਼ਰ ਆਉਂਦਾ- ਸਾਰਾ ਕੰਮ ਹੱਥੀਂ ਕਰਦਾ ਕਰਾਉਂਦਾ। ਮੈਨੂੰ ਮੇਰੇ ਕੰਮ ਲਈ ਇੱਕ ਨਿਗਰਾਨ ਵਾਂਗ ਨਜ਼ਰ ਰੱਖਣ ਦੀ ਅਤੇ ਆਪਣੇ ਸਵਾਦ ਮੁਤਾਬਕ ਰੱਖਣ ਲਈ ਦਖ਼ਲ ਦੇਣ ਦੀ ਵੀ ਆਗਿਆ ਦੇ ਦਿੰਦਾ ਹੈ।
ਅੱਜ ਕੁਝ ਇਸ ਨੂੰ ਵਿਹਲ ਸੀ ਅਤੇ ਮੈਨੂੰ ਵੀ। ਮੈਂ ਆਪਣੇ ਬਗੀਚੇ ਦੇ ਚਕੋਧਰੇ ਅਤੇ ਗ੍ਰੇਪ ਫ੍ਰੂਟ ਛਿੱਲ ਰਿਹਾ ਸੀ, ਕੁਝ ਖਾਣ ਲਈ ਅਤੇ ਕੁਝ ਜੂਸ ਕੱਢਣ ਲਈ। ਉਹ ਮੇਰੇ ਕੋਲ ਪਿਆਰ ਨਾਲ ਆ ਕੇ ਖੜ੍ਹਾ ਹੋ ਗਿਆ ਅਤੇ ਮੈਂ ਉਸਨੂੰ ਕੁਝ ਫਾੜੀਆਂ ਪੇਸ਼ ਕੀਤੀਆਂ, ਲੂਣ ਲਾ ਕੇ। ਅਤੇ ਕਹਿੰਦਾ, "ਸੁਆਦ ਹੈ! ਮਜ਼ਾ ਆਇਆ!"
ਫੇਰ ਮੈਂ ਉਸ ਨੇੜਤਾ ਨੂੰ ਵਧਾਉਣ ਲਈ ਉਸਦੀ ਪਿੱਛੇ ਜਿਹੇ ਪੂਰੀ ਹੋ ਗਈ ਘਰਵਾਲੀ ਦਾ ਜ਼ਿਕਰ ਕੀਤਾ, ਕਿਹਾ ਕਿ ਬੜੀ ਮਾੜੀ ਗੱਲ ਹੈ, ਤੈਨੂੰ ਵਿਛੋੜਾਂ ਏਸ ਉਮਰ ਵਿਚ...ਤੈਨੂੰ ਲੋੜ ਸੀ ਉਸਦੀ।
ਕਹਿੰਦਾ, ਮੈਂ ਤੁਹਾਨੂੰ ਦੱਸਦਾਂ- ਕਿ ਉਸਦੀ ਕਦੀ ਮੇਰੇ ਨਾਲ ਖਹਿਬੜਬਾਜ਼ੀ, ਅਣਸੁਖਾਵੀਂ ਗੱਲ ਵੀ ਨਹੀਂ ਸੀ ਹੋਈ- ਨਾ ਉਸ ਕਦੇ ਕੀਤੀ ਅਤੇ ਨਾ ਮੈਂ। ਬੜੀ ਅੱਛੀ ਸਾਡੀ ਜ਼ਿੰਦਗੀ ਰਹੀ, ਦੁੱਖ ਸੁੱਖ ਦੀ ਭਿਆਲ- ਰਾਤੀਂ ਆਵਾਂ, ਦਿਨੇ ਆਵਾਂ- ਖਿੜੇ ਮੱਥੇ ਉਸ ਮਿਲਣਾ, ਅਸੀਂ ਬੜੀ ਅੱਛੀ ਤਰ੍ਹਾਂ ਰਹੇ।
ਕਹਿੰਦਾ, ਤੁਹਾਨੂ ਇੱਕ ਹੋਰ ਗੱਲ ਦੱਸਦਾਂ! ਮੈਂ ਸੱਤਵੀਂ ਕਲਾੱਸ ਵਿਚ ਸੀ, ਮੇਰੇ ਨਾਲ ਹੀ ਉਹ ਪੜ੍ਹਦੀ ਸੀ! ਡ੍ਰਾਇੰਗ ਦਾ ਸਾਡਾ ਇਮਤਿਹਾਨ ਸੀ। ਉਸਦਾ ਰੋਲ ਨੰਬਰ 22 ਸੀ, ਮੇਰਾ 19. ਉਸ ਕੋਲ ਰਬੜ ਨਹੀਂ ਸੀ, ਉਤਾਂਹ ਹਿਠਾਂਹ ਵੇਖੀ ਜਾ ਰਹੀ ਸੀ। ਮੈਂ ਕਿਹਾ- ਕੀ ਗੱਲ? ਮੈਨੂੰ ਕਹਿੰਦੀ -ਰਬੜ ਹੈ ਨਹੀਂ। ਮੈਂ ਉਸਨੂੰ ਆਪਣਾ ਰਬੜ ਫੜਾਅ ਦਿੱਤਾ- ਉਸ ਨੇ ਝੱਟ ਨਾ ਲਾਈ- ਮੂੰਹ ਨਾਲ ਅੱਧਾ ਟੁੱਕ ਕੇ ਬਾਕੀ ਮੈਨੂੰ ਫੜਾਅ ਦਿੱਤਾ।
ਅੱਗੇ ਕਹਿੰਦਾ- ਅਸੀਂ ਵੱਡੇ ਹੋ ਗਏ। 1971 ਵਿਚ ਮੇਰੇ ਵਿਆਹ ਦੀ ਗੱਲ ਤੁਰੀ। ਮੇਰਾ ਹੋਣ ਵਾਲਾ ਸਾਲਾ ਕਿਸੇ ਹੋਰ ਕੁੜੀ ਬਾਰੇ ਕਹਿੰਦਾ- "ਤੇਰਾ ਫ਼ਲਾਣੀ ਨਾਲ ਵਿਆਹ ਕਰਾਅ ਦਈਏ?" ਮੈਂ ਉਸ ਕੁੜੀ ਵੱਲ ਇਸ਼ਾਰਾ ਕੀਤਾ ਅਤੇ ਕਿਹਾ- "ਨਹੀਂ, ਮੈਂ ਤਾਂ ਉਸ ਕੁੜੀ ਨਾਲ ਕਰਾਉਣਾ ਹੈ।" ਉਹ ਕਹਿੰਦਾ - "ਉਹ ਤਾਂ ਕਾਲੀ ਹੈ।" ਮੈਂ ਕਿਹਾ, "ਕੋਈ ਨਹੀਂ, ਮੈਂ ਤਾਂ ਇਹਦੇ ਨਾਲ ਹੀ ਕਰਾਉਣਾ ਹੈ।" ਉਸ ਪਰਿਵਾਰ ਦੇ ਮਨ ਮਿਹਰ ਪਈ ਅਤੇ ਉਨ੍ਹਾਂ ਦੇ ਮਨ ਗੱਲ ਲੱਗ ਗਈ।
ਉਨ੍ਹਾਂ ਉਸ ਤੋਂ ਮੇਰੇ ਬਾਰੇ ਓਸ ਆਦਮੀ ਤੋਂ ਪੁੱਛ ਗਿੱਛ ਕੀਤੀ ਜਿਸਨੂੰ ਤੁਸੀਂ ਜਾਣਦੇ ਹੀ ਓ- ਮੁੱਖਾ ਬੱਕਰੀਆਂ ਵਾਲਾ। ਉਸ ਕਿਹਾ ਕਿ, "ਵਿਆਹ ਕਰ ਦਿਓ, ਇਨ੍ਹਾਂ ਦਾ ਕੰਮ ਚੰਗਾ ਹੈ, ਕੁੜੀ ਤੁਹਾਡੀ ਸੌਖੀ ਰਹੇਗੀ।"
ਕੁੜੀ ਦੀ ਮਾਂ ਨੇ ਮੈਨੂੰ ਵੀਹ ਕੁ ਰੁਪਏ ਦਿੱਤੇ। ਕੁੜੀ ਕਹਿੰਦੀ -ਠਹਿਰੋ ਜ਼ਰਾ। ਅਤੇ ਅੰਦਰੋਂ ਭੱਜ ਕੇ ਜਾ ਕੇ ਓਹੋ ਟੋਟਾ ਰਬੜ ਦਾ ਲੈ ਆਈ ਅਤੇ ਮੈਨੂੰ ਫੜਾਅ ਦਿੱਤਾ!"

ਮੈਂ ਕਿਹਾ- ਤੇਰੀ ਤਾਂ ਫੇਰ ਲਵ ਮੈਰਿਜ ਹੋਈ ਸੀ, ਉਨ੍ਹਾਂ ਵੇਲਿਆਂ ਵਿਚ!
ਕਹਿੰਦਾ - "ਹਾਂ! ਸਾਡੀ ਲਵ ਮੈਰਿਜ ਹੀ ਸੀ। ਮੇਰੀ ਸੱਸ ਵੀ ਬਹੁਤ ਨੇਕ ਔਰਤ ਸੀ ਅਤੇ ਵਹੁਟੀ ਵੀ। ਮੈਂ ਤਾਂ ਸਵਰਗ ਵਾਂਗ ਹੀ ਰਿਹਾ ਹਾਂ!"

ਰੱਤੀ ਕੰਤ ਸਿੰਘ
ਪ੍ਰੀਤ ਨਗਰ (ਅੰਮ੍ਰਿਤਸਰ)

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ
ਉਸ ਦੇ ਪੈਰਾਂ ਹੇਠ ਧਰਤ ਹੁੰਦੀ ਹੈ
ਕਦੇ ਨਾ ਡੋਲਣ ਵਾਲੀ
ਸਿਰ 'ਤੇ ਅੰਬਰ ਦਾ ਚੰਦੋਆ ਹੁੰਦਾ
ਚੰਨ ਤਾਰਿਆਂ ਜੜਤ ਸੂਰਜ ਮੰਡਲ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਉਸ ਨਾਲ ਤੁਰਦਾ ਇਤਿਹਾਸ।
ਤਪੱਸਿਆ ਦੀ ਕੁਠਾਲੀ 'ਚ
ਇਹੀ ਬਣਦਾ ਆਤਮ ਵਿਸ਼ਵਾਸ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਇਕੱਲਾ ਤਾਂ ਉਦੋਂ ਹੁੰਦਾ ਹੈ
ਜਦ ਅੰਦਰੋਂ ਡਰ ਜਾਂਦਾ ਹੈ
ਜਿਸਮ ਤੁਰਦਾ ਹੈ
ਪਰ ਅੰਦਰੋਂ ਮਰ ਜਾਂਦਾ ਹੈ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਇਕੱਲੇ ਜਣੇ ਦਾ ਸੀਸ ਤਲੀ 'ਤੇ ਕਦੇ ਨਹੀਂ ਟਿਕਦਾ।
ਇਕੱਲਾ ਬੰਦਾ ਤਾਂ ਨਿੱਕੀਆਂ ਲੋੜਾਂ ਲਈ ਵਿਕਦਾ।
ਵਿਕਾਊ ਮਾਲ ਯੁੱਧ ਵਿੱਚ ਨਹੀਂ
ਮੰਡੀ ਵਿੱਚ ਜਾਂਦੇ, ਵਿਕਦੇ ਤੁਲਦੇ।
ਫ਼ਰਜ਼ ਵਿਸਾਰ ਕੌਡੀਆਂ 'ਤੇ ਡੁੱਲ੍ਹਦੇ।
ਸੱਚ ਦਾ ਮਾਰਗ ਜਿਹੜੇ ਭੁੱਲਦੇ।
ਆਪਣੀ ਨਜ਼ਰ 'ਚ ਆਪੇ ਰੁਲ਼ਦੇ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਸੂਰਮਾ ਹਮੇਸ਼ ਹਿੱਕ ਤਾਣ ਖੜ੍ਹਦਾ।
ਸਦਾ ਵਿਸ਼ਵਾਸ ਦੇ ਲਈ ਹਰ ਜਗ੍ਹਾ ਅੜਦਾ।
ਪੈਂਤੜੇ ਬਗੈਰ ਐਵੇਂ ਅੰਨ੍ਹਾ ਹੋ ਨਹੀਂ ਲੜਦਾ।
ਓਸ ਨਾਲ ਗੁਰੂ, ਅੱਗੇ ਜੋ ਵੀ ਆਵੇ ਝੜਦਾ।
ਸਿਮਰੇ ਭਗੌਤੀ ਉਹ ਮੁਹਿੰਮੀਂ ਜਦੋਂ ਚੜ੍ਹਦਾ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਸੂਰਮੇ ਦਾ ਨਿਸ਼ਚਾ ਜਿੱਤ ਵੱਲ ਕਦਮ ਪੁੱਟਦਾ।

ਹਾਰਦਾ ਨਾ ਹੁੱਟਦਾ, ਕਰੜਾ ਯਕੀਨ ਉਹਦਾ ਕਦੇ ਵੀ ਨਾ ਟੁੱਟਦਾ।
ਕੌਣ ਕਹਿੰਦਾ ਹੈ? ਸੂਰਮਾ ਕਦੇ ਵੀ ਕਿਤੇ ਵੀ ਇਕੱਲਾ।

ਸੂਰਮੇ ਦੀ ਤੇਗ ਦੀ ਧਾਰ ਜਦ ਕਦੇ ਰਣ 'ਚ ਲਿਸ਼ਕਦੀ ਹੈ
ਬਿਜਲੀ ਤ੍ਰਭਕਦੀ ਹੈ ਸੂਰਜ ਦੇਵੇ ਥਾਪੜਾ ਤੇ ਇੰਝ ਕਹੇ!
ਤੇਰੇ ਅੰਗ ਸੰਗ ਹਾਂ ਯੋਧਿਆ ਹਨ੍ਹੇਰ ਨੂੰ ਟੱਕਰ, ਮੈਂ ਹੁਣੇ ਆਇਆ।
ਸਰਹੰਦ ਤੇ ਚਮਕੌਰ ਜਗਾ ਦੇ ਕਰ ਕੇ ਹੱਲਾ ਭਾਰਾ ਓ ਸਿਰਦਾਰਾ।
ਹੱਕ ਸੱਚ ਤੇ ਇਨਸਾਫ਼ ਲਈ ਤੂੰ ਬਣ ਦਸਮੇਸ਼ ਦੁਲਾਰਾ।
ਕੌਣ ਕਹਿੰਦਾ? ਸੂਰਮਾ ਇਕੱਲਾ ਰਹਿ ਜਾਂਦਾ ਹੈ।

ਸੂਰਮਾ ਕਦੇ ਇਕੱਲਾ ਨਹੀਂ ਹੁੰਦਾ।
ਅਣਖ ਦੀ ਰੋਟੀ ਕਣਕ ਤੋਂ ਕਿਤੇ ਸਵਾਦਲੀ
ਪਰ ਵਿਰਲਿਆਂ ਨੂੰ ਇਸ ਦੀ ਸ਼ਨਾਸ ਹੁੰਦੀ ਹੈ।
ਇਕੱਲੀ ਸਿਰਫ਼ ਲਾਸ਼ ਹੁੰਦੀ ਹੈ।

ਗੁਰਭਜਨ ਗਿੱਲ

ਲੁਧਿਆਣਾ 98726 31199

ਨਿੱਕਿਆਂ ਦੀ ਨੁੱਕਰ

ਸ਼ਿਕਾਰੀ ਅਤੇ ਪੰਛੀ

ਆਇਆ ਸ਼ਿਕਾਰੀ ਭੋਲ਼ਾ ਬਣ ਕੇ,
ਬ੍ਰਿਛ ਥੱਲੇ ਸੀ ਰੁਕਿਆ।
ਉੱਪਰ ਬੈਠੇ ਪੰਛੀ ਤੱਕਣ,
ਇਹ ਥੱਲੇ ਕਿਉਂ ਝੁਕਿਆ।

ਉੱਡ ਚੱਲੀਏ ਆਪਾਂ ਇੱਥੋਂ
ਸਾਨੂੰ ਖ਼ਤਰਾ ਜਾਪੇ।
ਹੋਰ ਕਿਤੇ ਜਾਨ ਸਾਡੀ ਨੂੰ
ਪੈ ਨਾ ਜਾਣ ਸਿਆਪੇ।

ਲੱਗੇ ਕਰਨ ਵਿਚਾਰਾਂ ਪੰਛੀ
ਨਾਲ ਬੱਚਿਆਂ ਨੂੰ ਲੈ ਕੇ।
ਕਈ ਅਜੇ ਸਲਾਹਾਂ ਕਰਦੇ,
ਇੱਕ ਦੂਜੇ ਨਾਲ ਬਹਿ ਕੇ।

ਏਨੇ ਨੂੰ ਸੀ ਤੀਰ ਓਸ ਨੇ,
ਬੁੱਕਲ਼ ਵਿੱਚੋਂ ਕੱਢਿਆ।
ਸਿੱਧਾ ਕਰ ਨਿਸ਼ਾਨਾ ਉਸ
ਸੀ ਵੱਲ ਪੰਛੀਆਂ ਛੱਡਿਆ।

ਕਈ ਤਾਂ ਬੇਰਾਂ ਵਾਂਗੂ ਡਿੱਗੇ ,
ਲੋਟਣੀਆਂ ਸੀ ਖਾ ਕੇ।
ਕੁਝ ਮਰ'ਗੇ ਕੁਝ ਤੜਫੇ ਪੰਛੀ
ਡਿੱਗੇ ਥੱਲੇ ਆ ਕੇ।

ਚੁੱਕ ਕੇ ਵਿੱਚ ਝੋਲੀ ਦੇ ਪਾਏ
ਸ਼ਿਕਾਰੀ ਖੁਸ਼ੀ ਮਨਾਏ।
ਧਰਤੀ ਦਾ ਸ਼ਿੰਗਾਰ ਸੀ, ਉਸ
ਨੇ ਮਿੰਟਾਂ ਵਿੱਚ ਮੁਕਾਏ।

ਕਿੱਥੋਂ ਸੁੱਖ ਭਾਲੇ ਫਿਰ ਬੰਦਾ
ਕੁਦਰਤ ਬਦਲਾ ਲੈਂਦੀ।
ਸਭ ਕੁਝ ਵੇਖੀ ਜਾਵੇ 'ਪੱਤੋ',
ਪਹਿਲਾਂ ਨਹੀਂ ਕੁਝ ਕਹਿੰਦੀ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ (ਮੋਗਾ)
94658-21417



Richard Heighton

ਕੱਛੂਕੁੰਮੇ ਅਤੇ ਪੰਛੀ ਦੀ ਗੱਲਬਾਤ

ਇੱਕ ਵਾਰ ਦੀ ਗੱਲ ਹੈ, ਕੱਛੂਕੁੰਮੇ ਨੇ ਪੰਛੀ ਨੂੰ ਕਿਹਾ,

"ਮੈਂ ਤੇਰਾ ਆਹਲਣਾ ਵੇਖਿਆ ਹੈ, ਇਹ ਤੂੰ ਕਿੰਨਾ ਔਖਾ ਹੋ ਕੇ ਬਣਾਉਂਦਾ ਹੈਂ। ਫੇਰ ਵੀ ਹਮੇਸ਼ਾ ਹਨੇਰੀ, ਮੀਂਹ, ਠੰਢ ਅਤੇ ਗਰਮੀ ਦਾ ਅਤੇ ਸੱਪਾਂ, ਕਾਵਾਂ ਦਾ ਤੈਨੂੰ ਡਰ ਲੱਗਾ ਰਹਿੰਦਾ ਹੈ।

ਅਹਿ ਵੇਖ ਮੇਰਾ ਖੋਲ- ਮੇਰਾ ਘਰ । ਇਸ ਵਿਚ ਕੋਈ ਚੀਜ਼ ਮੈਨੂੰ ਤੰਗ ਨਹੀਂ ਕਰ ਸਕਦੀ! ਮਜ਼ੇ ਨਾਲ ਰਹਿੰਦਾ ਹਾਂ। ਤੈਨੂੰ ਮੇਰਾ ਘਰ ਵੇਖ ਵੇਖ ਕੇ ਬੜਾ ਸਾੜਾ ਹੁੰਦਾ ਹੋਏਗਾ, ਹੈ ਨਾ? ਕਿ ਕਾਸ਼ ਤੇਰੇ ਕੋਲ ਵੀ ਇਹੋ ਜਿਹਾ ਘਰ ਹੁੰਦਾ।"।

ਪੰਛੀ ਉਸਨੂੰ ਕਹਿੰਦਾ, "ਨਹੀਂ ਘਰ ਆਪਣਾ ਆਪਣਾ ਹੀ ਚੰਗਾ ਹੁੰਦਾ ਹੈ। ਅਤੇ ਮੇਰੇ ਘਰ ਵਿਚ ਧੁੱਪ ਵੀ ਆਉਂਦੀ ਹੈ ਅਤੇ ਮਿੱਠੀਆਂ ਖੁਸ਼ਬੋਆਂ ਵੀ। ਇਸ ਵਿਚ ਮੇਰਾ ਪਰਿਵਾਰ ਵੀ ਰਹਿੰਦਾ ਹੈ ਅਤੇ ਪ੍ਰਾਹੁਣੇ ਵੀ ਆ ਸਕਦੇ ਹਨ। ਤੇਰੇ ਘਰ ਤਾਂ ਬੱਸ ਤੂੰ ਹੀ ਰਹਿੰਦਾ ਹੈਂ। ਜਿਹੋ ਜਿਹਾ ਘਰ ਮੈਨੂੰ ਕੁਦਰਤ ਨੇ ਬਨਾਉਣਾ ਸਿਖਾਇਆ ਹੈ ਮੈਂ ਓਸੇ ਵਿਚ ਖੁਸ਼ ਹਾਂ। ਆਪਣੇ ਇਕੱਲੇ ਘਰ ਵਿਚ ਤੂੰ ਹੀ ਰਹਿ!"

ਮੇਰੀ ਹੀ ਖ਼ਾਸ, ਬੱਸ ਇਹੀਓ, ਕਿਸੇ ਹੋਰ ਦੀ ਨਾ, ..





......ਅਤੇ ਮੇਰੀ ਪੂਰੀ ਹੀ ਆਪਣੀ ਨਿੱਜੀ ਬਿੱਲੀ

8

ਕਹਿਣਾ
ਕਿਉਂ ਨਹੀਂ
ਮੰਨਦੀ?

ਤੂੰ ਕਹਿਣਾ
ਕਿਉਂ ਨਹੀਂ
ਮੰਨਦੀ?

ਸੌਂਦੀ ਕਿਉਂ
ਨਹੀਂ?

9

ਮੈਂ ਕਿਹਾ – ਸੁਣ ਨੀ
ਬਿੱਲੀਏ ਮੈਂ ਕਿਹਾ ਵੇਖ
ਏਧਰ ਬਿੱਲੀਏ ਤੂੰ ਹੈਂ ਮੇਰੀ
ਬਿਲਕੁਲ ਆਪਣੀ ਖ਼ਾਸ
ਸਿਰਫ਼ ਮੇਰੀ ਹੀ ਬਿੱਲੀ
ਇਹ ਯਾਦ ਰੱਖੀਂ ਤੂੰ
ਤੂੰ ਮੇਰੀ ਹੈਂ **ਸਮਝੀ?**

10

ਉਹ ਕਹਿੰਦਾ ਮੈਂ ਹੀ ਮੈਂ
ਅਤੇ ਮੇਰੀ ਹੀ ਮੇਰੀ
ਅਤੇ ਸੂਰਜ ਹੈ ਚਮਕਚਮਕ
ਉੱਤੇ ਅਸਮਾਨ 'ਤੇ
ਪਰ ਮੈਂ ਤਾਂ ਹਾਂ ਆਪਣੀ ਹੀ ਬੱਸ ਆਪਣੀ ਹੀ
ਓ ਬਈ ਮੈਂ ਹਾਂ ਬਿੱਲੀ ਬਿੱਲੀ ਬਿੱਲੀਆਂ ਵਰਗੀ
ਅਤੇ ਤੂੰ ਯਾਦ ਰੱਖੀਂ ਇਹ

12

ਮੈਂ ਚੜ੍ਹਦੀ ਦ੍ਰਖ਼ਤਾਂ 'ਤੇ
ਅਤੇ ਮਧੂਮੱਖੀਆਂ ਨੂੰ ਸੁਣਦੀ
ਕਿ ਕਿੱਥੇ ਕੁ ਹਨ ਉਹ
ਮੈਂ ਕੀੜਿਆਂ 'ਤੇ ਝਪਟਦੀ
ਮੈਂ ਦਰੀਆਂ ਨੂੰ ਖੁਰਚਦੀ
ਮੈਂ ਆਪਣੀਆਂ ਮੁੱਛਾਂ ਸੁਆਰਦੀ
ਅਤੇ ਸਾਫ਼ ਕਰਦੀ ਆਪਣੇ ਕੰਨ ਵੀ ਆਪ
ਅਤੇ ਮੈਂ ਹਾਂ ਓਦੋਂ ਸੌਂਦੀ
ਜਦੋਂ ਮੇਰਾ ਚੰਗਾ ਆਪਾ ਮੈਨੂੰ ਆਪ ਹੈ
ਆਖਦਾ ਗੁੱਡ ਨਾਈਟ।

ਤੇ ਇਹ ਕੁਝ ਹਾਂ ਮੈਂ ਕਰਦੀ
ਜੋ ਕਰਦੀ ਸੋ ਕਰਦੀ
ਤੇ ਕੀ ਹੈ ਹਾਲ ਤੇਰਾ?
ਉਹ ਕਹਿੰਦੈ
ਪਰ ਕੌਣ ਹੁੰਦੈਂ ਤੂੰ ?

12

ਤਾਂ ਮੈਂ ਲੇਟਿਆ ਤੇ ਲੋਟਿਆ
ਧਰਤੀ 'ਤੇ ਲੇਟਿਆ
ਤੇ ਬਿੱਲੀ ਬਾਰੇ ਸੋਚਿਆ
ਤੇ ਮੇਰੇ ਬਾਰੇ ਤੇ ਹਾਂ ਕੌਣ 13
ਤੇ ਇਹ ਸੀ ਮੈਂ ਕਿਹਾ
ਜਦੋਂ ਇਹ ਆਇਆ ਮੇਰੇ ਦਿਮਾਗ਼ ਵਿਚ
ਮੈਂ ਕਿਹਾ ਮੈਂ ਵੀ ਫੇਰ ਮੈਂ ਹੀ ਹੋਣਾਂ,
ਜਿਹੋ ਜਿਹਾ ਹਾਂ ਓਸੇ ਲਈ
ਕਿਉਂਕਿ ਮੈਂ ਆਪਣੇ ਵਰਗਾ ਤੁਰਦਾਂ
ਮੈਂ ਆਪਣੇ ਵਰਗਾ ਬੋਲਦਾਂ

ਮੇਰੇ ਦੋਏ ਹੱਥ ਇੱਕੋ ਜਿਹੇ
ਤੇ ਦੋਏ ਪੈਰ ਵੀ
ਤੇ ਮੈਨੂੰ ਸੀਟ੍ਹੀ ਮਾਰਨੀ ਆਉਂਦੀ ਹੈ
ਤੇ ਥੁੱਕਣਾ ਵੀ
ਓ ਮੈਂ ਹਾਂ ਆਪਣੇ ਜਿੱਡਾ
..ਵਾਹ ਬਈ ਵਾਹ 14
ਓ ਮੈਂ ਓਹੀ ਜੋ ਮੈਨੂੰ ਪਸੰਦ
ਹਾਂ ਮੇਰਾ ਮਿੱਤਰ ਮੈਂ ।

15



ਤੇ ਲਓ ਜੀ ਮੁੰਡਾ ਵੀ ਸੌਂ ਗਿਆ ਤੇ ਬਿੱਲੀ ਵੀਆਪਣੀ ਮਰਜ਼ੀ ਨਾਲ ਆ ਕੇ ਤੇ ਆਪਣੇ ਪਿਆਰੇ ਮਿੱਤਰ ਕੋਲ ਸੌਂ ਗਈ। ਦੋਨੋਂ ਜਣੇਂ ਖ਼ੁਸ਼ ਸਨ! ਹੈ ਕਿ ਨਹੀਂ??

ਸ਼ੁਕਰੀਆ ਮਾਰੀਆ ਪੋਪੋਵਾ, ਜਨਤਕ ਪ੍ਰਸਤ

ਡਾ. ਦੀਵਾਨ ਸਿੰਘ ਕਾਲੇਪਾਣੀ

(22 ਮਈ 1897- 14 ਜਨਵਰੀ 1944)

ਜਣੇ ਨੂੰ

ਜਣਿਆ, ਓ ਜਣਿਆ,
ਸਤ ਫੁੱਟੇ ਸ਼ਤੀਰ ਜਿੱਡਾ ਤੇਰਾ ਜੁੱਸਾ
ਖਰਾਸ ਦੇ ਪੁੜ ਜਿੱਡੀ ਤੇਰੀ ਛਾਤੀ,
ਨਾੜਾਂ ਕਿਰਲੀਆਂ ਵਾਂਗ ਖੜੀਆਂ
ਤੇਰੇ ਗਾਟੇ ਦੀਆਂ,
ਉਤੇ ਹਦਵਾਣੇ ਜਿੱਡਾ ਇਕ ਸਿਰ।

ਇਸ ਜਿਸਮ ਜੁੱਸੇ ਅੰਦਰ
ਕੁਝ ਜਾਨ ਵੀ ਹੈ ਈ,
ਜਾਨ ਵਿਚ ਜਵਾਨੀ,
ਜਵਾਨੀ ਵਿਚ ਚਾਅ-
ਹੋਣ ਦਾ, ਥੀਨ ਦਾ, ਜਿਊਣ ਦਾ?

ਇਸ ਚੌੜੀ ਛਾਤੀ ਅੰਦਰ,
ਕੋਈ ਦਿਲ ਵੀ ਹੈ ਈ,
ਦਿਲ ਅੰਦਰ ਦਰਦ,
ਦਰਦ ਅੰਦਰ ਸ਼ਿੱਦਤ-
ਦੁੱਖ ਨੂੰ ਦੇਖ ਕੁਝ ਕੁਝ ਹੋਵੀਣ ਦੀ,
ਦਰਦੀਣ ਦੀ, ਤੜਫੀਣ ਦੀ?

ਇਹਨਾਂ ਨਾੜਾਂ ਮੋਟੀਆਂ ਵਿਚ,
ਕੁਝ ਖ਼ੂਨ ਵੀ ਹੈ ਈ,
ਖ਼ੂਨ ਵਿਚ ਹਰਕਤ,
ਹਰਕਤ ਵਿਚ ਗਰਮੀ-
ਮੇਲਾਂ ਦੀ, ਮਿਲਣੀਆਂ ਦੀ,
ਮਿਲ-ਬਹਿਣੀਆਂ ਦੀ,
ਇਸ ਝੇਂਜਾਂ ਦੀ, ਢੀਠਾਂ ਦੀ ਦੁਨੀਆ
ਨੂੰ ਰਤਾ ਉਚਿਆਣ ਦੀ?

ਇਸ ਵੱਡੇ ਸਾਰੇ ਸਿਰ ਵਿਚ,
ਕੁਝ ਦਿਮਾਗ਼ ਵੀ ਹੈ ਈ,
ਦਿਮਾਗ਼ ਵਿਚ ਬੁੱਧੀ,
ਬੁੱਧੀ ਵਿਚ ਠੁਰਾਅ- ਸੋਚਣ ਦਾ,
ਸਮਝਣ ਦਾ, ਵੀਚਾਰਣ ਦਾ?
...

ਜੇ ਹੈ ਈ,
ਤਾਂ ਥੀਂਦਾ ਕਿਉਂ ਨਹੀਂ, ਜਿਊਂਦਾ
ਕਿਉਂ ਨਹੀਂ,
ਜਵਾਨੀ ਮਾਣਦਾ ਕਿਉਂ ਨਹੀਂ?
ਹਿਲਦਾ ਕਿਉਂ ਨਹੀਂ,
ਹਿਲਾਂਦਾ ਕਿਉਂ ਨਹੀਂ,
ਜੋਸ਼ ਤੇਰਾ ਜਾਗਦਾ ਕਿਉਂ ਨਹੀਂ?
ਮਹਿਸੂਸਦਾ ਕਿਉਂ ਨਹੀਂ,

ਦਰਦਦਾ ਕਿਉਂ ਨਹੀਂ,
ਤੜਫਦਾ ਕਿਉਂ ਨਹੀਂ?

ਗਿਰਦੇ ਤੇਰੇ ਵੇਖ-
ਕਿਹੀ ਮੁਰਦਿਹਾਨ ਵਰਤੀ ਹੋਈ ਏ,
ਹਟਾਂਦਾ ਕਿਉਂ ਨਹੀਂ?
ਬੁਝਿਆਂ ਜਗਾਂਦਾ ਕਿਉਂ ਨਹੀਂ,
ਮੁਰਦਿਆਂ ਜਿਵਾਂਦਾ ਕਿਉਂ ਨਹੀਂ?

ਆਲੇ ਪੁਦਾਲੇ ਵੇਖ-
ਕਿਹਾ ਗੰਦ ਏ, ਕੇਹੀ ਸੜ੍ਹਾਂਦ ਤੇ ਬੋ,
ਮਰ ਗਏ ਮਜ਼੍ਹਬਾਂ ਦੀ,
ਸੜ ਰਹੀਆਂ ਰਸਮਾਂ ਦੀ,
ਤਰੱਕ ਰਹੀਆਂ ਵਹਿਣੀਆਂ ਦੀ।

ਅਕਲ ਦੀ ਬਹੁਕਰ ਫੇਰਦਾ ਕਿਉਂ ਨਹੀਂ
ਕਿ ਗੰਦ ਹਟੇ,
ਰਤਾ ਆਲਾ ਪੁਦਾਲਾ ਸੁਥਰਾ ਹੋਵੀ,
ਸਾਹ ਸੁਖਾਲਾ ਆਵੀ, ਤੇ ਸੌਖਾ
ਹੋਵੇਂ ਤੂੰ ਤੇ ਨਾਲੇ ਤੇਰੀ ਦੁਨੀਆ।

ਹੇਠ ਵੇਖ ਪੈਰਾਂ ਦੇ- ਕੇਹਾ ਦਰਦ ਹੈ,
ਕੇਹੀਆਂ ਪੀੜਾਂ ਤੇ ਪੀੜਾਂ ਵਾਲੇ,
ਇਹ ਦਰਦ ਵੰਡਦਾ ਕਿਉਂ ਨਹੀਂ,
ਪੀੜਾਂ ਹਟਾਂਦਾ ਕਿਉਂ ਨਹੀਂ?
ਤੂੰ ਸਕਨੈਂ, ਕਰਦਾ ਕਿਉਂ ਨਹੀਂ?

ਅਕਲਾਂ ਵਾਲਿਆ ਦੂਲਿਆ,
ਅਕਲਾਂ ਵੰਡ,
ਝੱਖੜ ਝੁਲਾ ਦੇਹ ਇਕ ਅਕਲਾਂ ਦਾ,
ਕਿ ਭਰਮਾਂ ਦੇ ਛੱਪਰ ਉੱਠਣ,
ਢਹਿਣ ਢੇਰੀਆਂ ਭੁਲੇਖਿਆ ਦੀਆਂ।

ਚਾਨਣ ਵਾਲਿਆ ਚਾਨਣਾ,
ਚਾਨਣ ਖਿਲੇਰ,
ਕਿ ਵਿਰਲਾਂ, ਵਿੱਥਾਂ, ਖੁੰਦਰਾਂ ਵਿਚ
ਚਾਨਣ ਹੋਵੇ,
ਹਨੇਰੇ ਦੇ ਜੰਤੂ ਚਾਨਣੇ ਵਿਚ ਆਉਣ,
ਸਭ ਨੂੰ ਸਭ ਕੁਝ ਦਿੱਸੇ
ਇੰਨ ਬਿੰਨ ਜਿਵੇਂ ਹੈ ਵੇ।

ਤੇ ਫੇਰ,
ਇਹ ਦੁਨੀਆਂ ਹੋ ਜਾਏ-
ਜਿਊਂਦਿਆਂ ਦੀ, ਜਵਾਨਾਂ ਦੀ,
ਸੱਚ ਦੇ ਪਹਿਲਵਾਨਾਂ ਦੀ।

ਵਗਦੇ ਪਾਣੀ

ਪਾਣੀ ਵਗਦੇ ਹੀ ਰਹਿਣ
ਕਿ ਵਗਦੇ ਸੋਂਹਦੇ ਨੇ
ਖੜੋਂਦੇ ਬੁੱਸਦੇ ਨੇ
ਕਿ ਪਾਣੀ ਵਗਦੇ ਹੀ ਰਹਿਣ।

ਜਿੰਦਾਂ ਮਿਲੀਆਂ ਹੀ ਰਹਿਣ
ਕਿ ਮਿਲਿਆਂ ਜੀਂਦੀਆਂ ਨੇ
ਵਿਛੜਿਆਂ ਮਰਦੀਆਂ ਨੇ,
ਕਿ ਜਿੰਦਾਂ ਮਿਲੀਆਂ ਹੀ ਰਹਿਣ।

ਰੂਹਾਂ ਉਡਦੀਆਂ ਹੀ ਰਹਿਣ,
ਇਹ ਉਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉਡਦੀਆਂ ਹੀ ਰਹਿਣ।

ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਦਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ।

ਕੁੱਲੀਆਂ ’ਚ ਦਗਦੇ ਲਾਲ

ਗੁਰਬਚਨ ਜਗਤ



ਮੈਂ 18 ਅਕਤੂਬਰ 2025 ਦੇ ‘ਟ੍ਰਿਬਿਊਨ’ ਵਿਚਲੀਆਂ ਇਨ੍ਹਾਂ ਸਤਰਾਂ ਦੇ ਹਵਾਲੇ ਨਾਲ ਗੱਲ ਸ਼ੁਰੂ ਕਰਦਾ ਹਾਂ:

‘‘ਹੁਸ਼ਿਆਰਪੁਰ ਤੋਂ 30 ਕਿਲੋਮੀਟਰ ਦੂਰ ਚੌਟਾਲਾ ਪਿੰਡ ਦੇ ਇੱਕ ਛੋਟੇ ਕਿਸਾਨ ਦੀ ਧੀ ਸਹਿਜਲਦੀਪ ਕੌਰ ਨੇ ਨੈਸ਼ਨਲ ਡਿਫ਼ੈਂਸ ਅਕੈਡਮੀ ਦੀ ਮੈਰਿਟ ਸੂਚੀ ਵਿੱਚ 13ਵਾਂ ਰੈਂਕ ਪ੍ਰਾਪਤ ਕੀਤਾ ਹੈ। ਇਉਂ ਉਹ ਆਪਣੇ ਪਿੰਡ ਦਾ ਮਾਣ ਅਤੇ ਅਣਗਿਣਤ ਪੇਂਡੂ ਕੁੜੀਆਂ ਲਈ ਆਸ ਦੀ ਪ੍ਰਤੀਕ ਬਣ ਗਈ ਹੈ।’’

ਉਸ ਨੇ ਪੇਂਡੂ ਇਲਾਕੇ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ ਅਤੇ ਮੁਹਾਲੀ ਸਥਿਤ ਮਾਈ ਭਾਗੋ ਆਰਮਡ ਫ਼ੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਤੋਂ ਸਿਖਲਾਈ ਪ੍ਰਾਪਤ ਕੀਤੀ।

ਜਦੋਂ ਮੈਂ ਇਹ ਲੇਖ ਲਿਖਣ ਬੈਠਾ ਤਾਂ ਭਾਰਤੀ ਮਹਿਲਾ ਕ੍ਰਿਕਟ ਟੀਮ ਦੇ ਵਿਸ਼ਵ ਕੱਪ ਜਿੱਤਣ ਦੀਆਂ ਖ਼ਬਰਾਂ ਆਈਆਂ। ਇਸ ਟੀਮ ਵਿੱਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਪੇਂਡੂ ਇਲਾਕਿਆਂ ਦੀਆਂ ਤਕਰੀਬਨ ਪੰਜ ਕੁੜੀਆਂ ਸ਼ਾਮਲ ਹਨ। ਮੇਰੀ ਰਾਏ ਮੁਤਾਬਕ ਉਹ ਨਾ ਸਿਰਫ਼ ਪੇਂਡੂ ਕੁੜੀਆਂ ਲਈ ਸਗੋਂ ਮੁੰਡਿਆਂ ਲਈ ਵੀ ਚਾਨਣ ਮੁਨਾਰਾ ਹਨ। ਆਰਥਕ ਪੱਖੋਂ ਕਮਜ਼ੋਰ ਪਰਿਵਾਰਾਂ ਦੀਆਂ ਇਨ੍ਹਾਂ ਕੁੜੀਆਂ ਦੇ ਮਾਪੇ ਕਦੇ ਕ੍ਰਿਕਟ ਮੈਦਾਨ ਦੇ ਨੇੜੇ ਵੀ ਨਹੀਂ ਗਏ ਹੋਣੇ, ਖੇਡਣ ਦੀ ਤਾਂ ਗੱਲ ਹੀ ਛੱਡੋ। ਇਨ੍ਹਾਂ ਧੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਇੱਕ-ਮਨ ਹੁੰਦਿਆਂ ਆਪਣੇ ਕੰਮ ਪ੍ਰਤੀ ਸਮਰਪਿਤ ਹੋ ਕੇ ਤੁਸੀਂ ਬਿਨਾਂ ਕੋਈ ਸ਼ਾਰਟਕੱਟ ਅਪਣਾਇਆਂ ਗ਼ਰੀਬੀ ’ਚੋਂ ਨਿਕਲ ਸਕਦੇ ਹੋ।



ਸਹਿਜਲਪ੍ਰੀਤ ਕੌਰ, NDA 13 ਵਾਂ ਰੈਂਕ

ਸਵੈ-ਪ੍ਰੇਰਿਤ ਅਤੇ ਜ਼ਿਆਦਾਤਰ ਸਵੈ-ਸਿੱਖਿਅਤ ਇਨ੍ਹਾਂ ਖਿਡਾਰਨਾਂ ਨੇ ਮਾਪਿਆਂ ਵੱਲੋਂ ਭਰਵੇਂ ਉਤਸ਼ਾਹ, ਬਾਅਦ ਵਿੱਚ ਮਿਲੀ ਮਾਨਤਾ ਅਤੇ ਪੇਸ਼ੇਵਰ ਕੋਚਿੰਗ ਸਦਕਾ ਇਹ ਪ੍ਰਾਪਤੀ ਕੀਤੀ ਹੈ।

ਇਨ੍ਹਾਂ ਕੁੜੀਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮਹਿੰਗੇ/ਫ਼ੈਂਸੀ ਸਕੂਲਾਂ ਤੋਂ ਬਿਨਾਂ ਵੀ ਅਜਿਹੀ ਪ੍ਰਾਪਤੀ ਸੰਭਵ ਹੈ; ਵਿਦੇਸ਼ਾਂ ਵਿੱਚ ਮ੍ਰਿਗਤ੍ਰਿਸ਼ਨਾ ਪਿੱਛੇ ਦੌੜਨ ਲਈ ਪੜ੍ਹਾਈ ਛੱਡਣ ਦੀ ਕੋਈ ਲੋੜ ਨਹੀਂ ਹੈ, ਆਪਣੀ ਜ਼ਮੀਨ ਵੇਚਣ ਅਤੇ ‘ਡੰਕੀ’ ਰੂਟ ਰਾਹੀਂ ਵਿਦੇਸ਼ ਜਾਣ ਲਈ ਪੈਸੇ (40-50 ਲੱਖ ਰੁਪਏ) ਉਧਾਰ ਲੈਣ ਅਤੇ ਰਾਹ ਵਿੱਚ ਹੀ ਭੈੜੀ ਮੌਤ ਮਰਨ ਦੀ ਕੋਈ ਲੋੜ ਨਹੀਂ ਹੈ।

ਪੁਰਾਣੇ ਦਿਨ ਲਦ ਗਏ। ਜਾਪਦਾ ਹੈ ਕਿ ਪੱਛਮ ਨੂੰ ਹੁਣ ਸਸਤੇ ਵਿਦੇਸ਼ੀ ਕਾਮਿਆਂ, ਆਈਟੀ ਅਤੇ ਇੰਜੀਨੀਅਰਿੰਗ ਮਾਹਿਰਾਂ- ਜਾਂ ਕਹਿ ਲਉ ਵਿਦਿਆਰਥੀਆਂ ਦੀ ਲੋੜ ਨਹੀਂ ਰਹੀ। ਇਹ ਅਮਰੀਕਾ ਦੀਆਂ ਵਪਾਰ ਨੀਤੀਆਂ, ਪੇਸ਼ੇਵਰ ਮਾਹਿਰਾਂ ਅਤੇ ਵਿਦਿਆਰਥੀਆਂ ਲਈ ਨਵੀਆਂ ਵੀਜ਼ਾ ਨੀਤੀਆਂ ਵਿੱਚ ਅਪਣਾਏ ਜਾ ਰਹੇ ਵੱਧ ਸੁਰੱਖਿਆਵਾਦੀ ਰੁਖ਼ ਅਤੇ ਗ਼ੈਰ-ਕਨੂੰਨੀ ਪਰਵਾਸੀਆਂ ਸਬੰਧੀ ਲਏ ਜਾ ਰਹੇ ਪੈਂਤੜੇ ਤੋਂ ਦੇਖਿਆ ਜਾ ਸਕਦਾ ਹੈ। ਨੌਕਰੀਆਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਜਾਂ ਫਿਰ ਇਨ੍ਹਾਂ ਨਾਲ ਨਾਗਰਿਕਤਾ ਸਬੰਧੀ ਸ਼ਰਤਾਂ ਜੋੜੀਆਂ ਜਾ ਰਹੀਆਂ ਹਨ।

ਨਸਲਵਾਦ ਵੀ ਭੱਦਾ ਰੂਪ ਧਾਰ ਰਿਹਾ ਹੈ, ਜਿਸ ਤਹਿਤ ਬਲਾਤਕਾਰ ਤੋਂ ਲੈ ਕੇ ਸਰੀਰਕ ਸ਼ੋਸ਼ਣ ਅਤੇ ਜ਼ੁਬਾਨੀ ਸ਼ੋਸ਼ਣ ਦੇ ਨਾਲ-ਨਾਲ ਕਤਲ ਤੱਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਰਵਾਸੀਆਂ ਨੂੰ ਸੜਕਾਂ ’ਤੇ, ਆਪਣੀਆਂ ਦੁਕਾਨਾਂ ਸਾਹਮਣੇ ਜਾਂ ਆਪਣੇ ਘਰਾਂ ਵਿੱਚ ਕਈ ਰੂਪਾਂ ’ਚ ਨਫ਼ਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਰੁਝਾਨ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਸਗੋਂ

ਹਰਮਨਪ੍ਰੀਤ ਕੌਰ, ਸੰਸਾਰ ਜੇਤੂ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ

ਕੁੱਲੀਆਂ ’ਚ ਦਗ਼ਦੇ ਲਾਲ

ਸੱਜੇ-ਪੱਖੀ ਵਿਚਾਰਧਾਰਾ ਯੂਕੇ, ਯੂਰੋਪ ਦੇ ਕੁਝ ਹਿੱਸਿਆਂ ਵਿੱਚ ਅਤੇ ਇੱਥੋਂ ਤੱਕ ਕਿ ਆਸਟਰੇਲੀਆ ਤੱਕ ਵੀ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ।

ਕਈ ਕਾਰਕ ਇਸ ਨਫ਼ਰਤ ਵੱਲ ਲਿਜਾ ਰਹੇ ਹਨ:
(ੳ) ਉਨ੍ਹਾਂ ਮੁਲਕਾਂ ਦੇ ਆਪਣੇ ਅਰਥਚਾਰਿਆਂ ਦੀ ਵਿਕਾਸ ਦਰ ਬੇਹੱਦ ਸੁਸਤ ਰਫ਼ਤਾਰ ਨਾਲ ਵਧ ਰਹੀ ਹੈ ਅਤੇ ਚੀਨ ਤੇ ਇਸ ਦੀ ਉਦਯੋਗਕ ਤਾਕਤ ਦੇ ਉਭਾਰ ਰਾਹੀਂ ਉਨ੍ਹਾਂ ਨੂੰ ਸਖ਼ਤ ਚੁਣੌਤੀ ਮਿਲ ਰਹੀ ਹੈ;

(ਅ) ਤਕਨਾਲੋਜੀ ਵਿੱਚ ਤਰੱਕੀ ਅਤੇ ਏਆਈ ਦੇ ਆਗਮਨ ਨੇ ਆਟੋਮੇਸ਼ਨ ਅਤੇ ਕੰਪਿਊਟਿੰਗ ਨੂੰ ਜਨਮ ਦਿੱਤਾ ਹੈ- ਜੋ ਸਸਤੇ ਵਿਦੇਸ਼ੀ ਕਾਮਿਆਂ ਅਤੇ ਤਕਨੀਕੀ ਮਾਹਿਰਾਂ ਦੀ ਲੋੜ ਤੇਜ਼ੀ ਨਾਲ ਘਟਾਅ ਰਹੇ ਹਨ। ਇਹ ਨਵਾਂ ਵਿਘਨ ਸਾਨੂੰ ਘੇਰ ਰਿਹਾ ਹੈ, ਜਿਸ ਦਾ ਰੁਜ਼ਗਾਰ ’ਤੇ ਪੂਰਾ ਪ੍ਰਭਾਵ ਅਜੇ ਦੇਖਿਆ ਅਤੇ ਸਮਝਿਆ ਜਾਣਾ ਹੈ। ਇਸ ਨਾਲ ਬਹੁਤ ਕੁਝ ਬਦਲ ਜਾਵੇਗਾ ਕਿਉਂਕਿ ਇਹੋ ਵਿਘਨ ਦਾ ਆਧਾਰ ਹੈ।

ਪੱਛਮ ਤੋਂ ਸੁਨੇਹਾ ਸਪੱਸ਼ਟ ਹੈ –‘ਆਪਣੇ ਮੁਲਕ ਵਾਪਸ ਜਾਓ’। ਸਵਾਲ ਇਹ ਹੈ ਕਿ ਇਸ ਨਵੇਂ ਯੁੱਗ ਵਿੱਚ ਭਾਰਤ ਕਿੱਥੇ ਖੜ੍ਹਾ ਹੈ?
‘ਦਿ ਟਾਈਮਜ਼ ਔਫ਼ ਇੰਡੀਆ’ ਦੀ ਜੂਨ 2025 ਦੀ ਰਿਪੋਰਟ ਮੁਤਾਬਕ ਪਿਛਲੇ ਵਿੱਤੀ ਸਾਲ ਦੌਰਾਨ ਪਰਵਾਸੀ ਭਾਰਤੀਆਂ ਨੇ 135.46 ਬਿਲੀਅਨ ਡਾਲਰ ਦੇਸ਼ ਭੇਜੇ। (ਪਿਛਲੇ ਸਾਲ ਤੋਂ 14% ਵੱਧ-ਸੰ.) ਤਕਰੀਬਨ ਦਸ ਸਾਲਾਂ ਤੋਂ, ਪਰਵਾਸੀ, ਦੁਨੀਆ ’ਚ ਸਭ ਤੋਂ ਵੱਧ ਰਕਮ ਭਾਰਤ ਭੇਜਦੇ ਆ ਰਹੇ ਹਨ।

ਲਗਭਗ 1.5 ਬਿਲੀਅਨ ਲੋਕਾਂ ਨਾਲ ਦੁਨੀਆ ਵਿੱਚ ਸਭ ਤੋਂ ਵੱਧ ਅਬਾਦੀ ਵਾਲੇ ਸਾਡੇ ਮੁਲਕ ਦੇ ਤਕਰੀਬਨ 6 ਫ਼ੀਸਦੀ ਲੋਕ ਅਤਿ ਗ਼ਰੀਬੀ ਵਿੱਚ ਜ਼ਿੰਦਗੀ ਗੁਜ਼ਾਰਦੇ ਹਨ ਅਤੇ ਤਕਰੀਬਨ 13 ਫ਼ੀਸਦੀ ਨੌਜਵਾਨ ਬੇਰੁਜ਼ਗਾਰ ਹਨ, ਤੀਜੇ ਦਰਜੇ ਦੇ ਗ੍ਰੈਜੂਏਟਾਂ (ਵਿਸ਼ਵ ਬੈਂਕ ਮੁਤਾਬਕ) ਵਿੱਚ ਇਹ ਦਰ 29 ਫ਼ੀਸਦੀ ਹੈ। ਇਸ ਕਾਰਨ ਸਾਡੇ ਮੁਲਕ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਰਪੇਸ਼ ਹਨ।

ਪਿਛਲੇ ਤਿੰਨ ਦਹਾਕਿਆਂ ਦੌਰਾਨ ਸਾਡੀ ਆਰਥਕਤਾ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ ਅਤੇ ਭਾਰਤ ਹੁਣ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਗ਼ਰੀਬੀ ਵਿੱਚ ਕਾਫ਼ੀ ਕਮੀ ਆਈ ਹੈ, ਪਰ ਫਿਰ ਵੀ ਉੱਚ-ਆਮਦਨ ਵਾਲਾ ਤਾਂ ਛੱਡੋ, ਮੱਧ-ਆਮਦਨ ਵਾਲਾ ਦੇਸ਼ ਬਣਨ ਲਈ ਵੀ ਸਾਨੂੰ ਬਹੁਤ ਪੰਧ ਤੈਅ ਕਰਨਾ ਪਵੇਗਾ। ਇਹ ਚੇਤੇ ਰੱਖੋ ਕਿ ਅਤਿ ਗ਼ਰੀਬੀ ਵਿੱਚ ਰਹਿੰਦੇ 6 ਫ਼ੀਸਦੀ ਨਾਗਰਿਕਾਂ ਤੋਂ ਭਾਵ ਹੈ ਅੰਦਾਜ਼ਨ ਨੌਂ ਕਰੋੜ ਲੋਕ- ਅਤੇ ਇਹ ਗਿਣਤੀ ਆਸਟਰੇਲੀਆ ਅਤੇ ਕੈਨੇਡਾ ਦੀ ਕੁੱਲ ਆਬਾਦੀ ਨਾਲੋਂ ਵੀ ਵੱਧ ਹੈ।

ਵਿਸ਼ਵ ਬੈਂਕ, ਮੌਜੂਦਾ ਸਮੇਂ, ਸਾਨੂੰ ਅੰਗੋਲਾ, ਘਾਨਾ, ਮਿਆਂਮਾਰ, ਕੰਬੋਡੀਆ, ਆਦਿ, ਵਾਂਗ ਇੱਕ ਲੋਅਰ ਮਿਡਲ-ਇਨਕਮ (ਮੱਧ ਤੋਂ ਘੱਟ ਆਮਦਨ) ਵਾਲੇ ਦੇਸ਼ ਵਜੋਂ ਪਰਿਭਾਸ਼ਤ ਕਰਦਾ ਹੈ।

ਇਹ ਕਹਿਣਾ ਕਾਫ਼ੀ ਹੈ ਕਿ ਇੱਕ ਰਾਸ਼ਟਰ ਵਜੋਂ ਸਾਨੂੰ ਸਾਵਾਂ ਵਿਕਾਸ ਯਕੀਨੀ ਬਣਾਉਣ ਲਈ ਬਹੁਤ ਸਾਰੀਆਂ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ। ਸਵਾਲ ਇਹ ਹੈ: ਪੱਛਮ ਆਪਣੇ ਬੂਹੇ ਭੇੜ ਰਿਹਾ ਹੈ ਅਤੇ ਭਾਰਤ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਭਿਆਨਕ ਸਮੱਸਿਆ ਹੈ ਤਾਂ ਇਸ ਦਾ ਹੱਲ ਕਿੱਥੋਂ ਲੱਭੇਗਾ?

ਅਬਾਦੀ ਨੂੰ ਦੇਸ਼ ਦੀ ਸਭ ਤੋਂ ਵੱਡੀ ਸੰਪਤੀ-ਦੌਲਤ ਮੰਨਿਆ ਜਾਂਦਾ ਹੈ, ਪਰ ਇਸ ਦਾ ਉਦੋਂ ਤੱਕ ਕੋਈ ਲਾਭ ਨਹੀਂ ਹੋਵੇਗਾ, ਜਦੋਂ ਤੱਕ ਨੌਜਵਾਨਾਂ ਨੂੰ ਸਿੱਖਿਅਤ ਅਤੇ ਪ੍ਰੇਰਤ ਕਰ ਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਵਰਤਿਆ ਨਹੀਂ ਜਾਂਦਾ।

ਦਰਅਸਲ, ਤੌਖ਼ਲਾ ਇਹ ਹੈ ਕਿ ਇੱਥੇ ਰਹਿੰਦੇ ਬੇਰੁਜ਼ਗਾਰ ਅਤੇ ਵਿਦੇਸ਼ਾਂ ਤੋਂ ਵਾਪਸ ਭੇਜ ਦਿੱਤੇ ਗਏ ਨੌਜਵਾਨ, ਬੇਰੁਜ਼ਗਾਰੀ ਕਾਰਨ, ਸਭ ਤੋਂ ਵੱਡੀ ਸਮੱਸਿਆ ਬਣ ਸਕਦੇ ਹਨ।

ਦਹਾਕਿਆਂ ਬੱਧੀ ਅਸੀਂ ਕਿਰਤ ਅਤੇ ਪ੍ਰਤਿਭਾ, ਦੋਵੇਂ, ਦੁਨੀਆ ਨੂੰ ਦਿੱਤੇ ਹਨ ਕਿਉਂਕਿ ਸਾਡੇ ਕੋਲ ਦੋਵਾਂ ਦੀ ਬਹੁਤਾਤ ਹੈ। ਦੁਨੀਆ ਨੇ ਲੋੜ ਵੇਲੇ ਖੁੱਲ੍ਹੀਆਂ ਬਾਹਾਂ ਨਾਲ ਇਸ ਨੂੰ ਅਪਣਾਇਆ ਅਤੇ ਵਰਤਿਆ ਅਤੇ ਇਨ੍ਹਾਂ ਮੌਕਿਆਂ ਸਦਕਾ ਬਹੁਤ ਸਾਰੇ ਪਰਿਵਾਰ ਆਪਣੀ ਆਰਥਕ ਹਾਲਤ ਸੁਧਾਰ ਸਕੇ, ਪਰ ਹੁਣ ਕੀ ਹੋਵੇਗਾ?

ਅਜੀਬ ਗੱਲ ਹੈ ਕਿ ਸਾਡੀਆਂ ਸਰਕਾਰਾਂ ਅਤੇ ਵਿਰੋਧੀ ਧਿਰ ਇਸ ਸਭ ਨੂੰ ਮੂਕ ਦਰਸ਼ਕ ਬਣ ਕੇ ਦੇਖ ਰਹੇ ਹਨ। ਅਮਰੀਕਾ, ਯੂਰੋਪ ਜਾਂ ਕੈਨੇਡਾ ਨਾਲ ਜਾਰੀ ਵਪਾਰਕ ਸੌਦੇਬਾਜ਼ੀਆਂ ਸਮੇਂ ਇਸ ਦਾ ਜ਼ਿਕਰ ਵੀ ਨਹੀਂ ਹੁੰਦਾ।

ਪਰਵਾਸੀਆਂ ਵੱਲੋਂ ਭੇਜੇ ਜਾਂਦੇ ਪੈਸੇ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਲਈ ਮਹੱਤਵਪੂਰਨ ਹਨ ਸਗੋਂ ਸਾਡੇ ਵਪਾਰ ਘਾਟੇ ਨੂੰ ਘਟਾਉਣ ਵਿੱਚ ਵੀ ਮਦਦ ਕਰਦੇ ਹਨ (ਇਸ ਨੇ ਪਿਛਲੇ ਵਿੱਤੀ ਸਾਲ ਵਿੱਚ 300 ਬਿਲੀਅਨ ਡਾਲਰ ਵਪਾਰਕ ਘਾਟੇ ’ਚੋਂ ਲਗਭਗ ਅੱਧੇ ਨੂੰ ਕਵਰ ਕੀਤਾ)। ਇਹ ਪੈਸਾ ਵਿਦੇਸ਼ੀ ਮੁਦਰਾ ਦਾ ਇੱਕ ਅਹਿਮ ਸਰੋਤ ਹੈ, ਜੋ ਸਾਡੇ ਚਾਲੂ ਖਾਤਿਆਂ ਨੂੰ ਮਜ਼ਬੂਤੀ ਬਖ਼ਸ਼ਦਾ ਹੈ।

ਵੱਖ ਵੱਖ ਪਾਰਟੀਆਂ ਵਿਚਲੇ ਸਾਡੇ ਸਿਆਸੀ ਆਗੂਆਂ ਦਾ ਧਿਆਨ ਸੱਤਾ ਹਾਸਲ ਕਰਨ ਲਈ ਵੋਟਰਾਂ ਨੂੰ ਰਿਸ਼ਵਤ ਭਾਵ ਮੁਫ਼ਤ ਸਹੂਲਤਾਂ ਅਤੇ

ਰਿਆਇਤਾਂ ਦੇ ਗੱਫੇ ਦੇਣ ’ਤੇ ਕੇਂਦਰਤ ਹੈ। ਇਨ੍ਹਾਂ ਵਿੱਚੋਂ ਕਿਸੇ ’ਚ ਵੀ ਮਿਆਰੀ ਸਿੱਖਿਆ, ਸਿਹਤ ਸੰਭਾਲ ਜਾਂ ਚੰਗਾ ਸ਼ਾਸਨ ਦੇਣ ਪ੍ਰਤੀ ਉਤਸ਼ਾਹ ਨਹੀਂ ਹੈ।

ਜਿਉਂ-ਜਿਉਂ ਸਾਡੇ ਸ਼ਹਿਰ ਵਧਦੇ ਹਨ, ਪ੍ਰਦੂਸ਼ਣ ਅਤੇ ਮੈਲੇ ਦੇ ਢੇਰ ਵੀ ਵਧਦੇ ਹਨ। ਇਸੇ ਤਰ੍ਹਾਂ ਬੇਰੁਜ਼ਗਾਰੀ ’ਚ ਵਾਧੇ ਦੇ ਨਾਲ ਆਮਦਨ ’ਚ ਪਾੜਾ ਵੀ ਵਧਦਾ ਹੈ। ਮੈਨੂੰ ਓਲੀਵਰ ਗੋਲਡਸਮਿਥ ਦੀਆਂ ਸਤਰਾਂ ਯਾਦ ਆਉਂਦੀਆਂ ਹਨ, ਜਿਨ੍ਹਾਂ ਦਾ ਪੰਜਾਬੀ ਰਹਿਤਲ ਮੁਤਾਬਕ ਤਰਜਮਾ ਇਉਂ ਹੈ: *‘ਲਹੂ ਪੀਣੀਆਂ ਢਾਣੀਆਂ ਦੀ ਜ਼ਮੀਨ ’ਤੇ ਕਿਰਤੀਆਂ ਦਾ ਲਹੂ-ਪਸੀਨਾ ਡੁੱਲ੍ਹਦਾ, ਕਿਰਤ ਸਦਕਾ ਲੱਗਦੇ ਦੌਲਤ ਦੇ ਅੰਬਾਰ, ਫਿਰ ਵੀ ਕਿਰਤੀ ਬਣਦਾ ਸ਼ਿਕਾਰ, ਕਿਉਂ ਜੁ ਦੌਲਤ ਵਧਦੀ ਜਾਵੇ ਤੇ ਕਿਰਤੀ ਮੁੱਕਦਾ ਜਾਵੇ’।*

ਮੌਜੂਦਾ ਬੇਰੁਜ਼ਗਾਰਾਂ ਦੀ ਗਿਣਤੀ ’ਚ ਵਾਧਾ ਕਰਨ ਵਾਲੇ ਇਸ ਹੜ੍ਹ ਦਾ ਸਾਹਮਣਾ, ਸਾਨੂੰ, ਬਿਨਾਂ ਸੋਚੇ ਸਮਝੇ ਨਹੀਂ ਕਰਨਾ ਚਾਹੀਦਾ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਸਮੱਸਿਆ ਬਾਰੇ ਵਿਚਾਰਨਾ ਪਵੇਗਾ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦੇ ਤਰੀਕੇ ਅਤੇ ਸਾਧਨ ਵਿਕਸਤ ਕਰਨੇ ਪੈਣਗੇ। ਸਰਕਾਰ ਨੂੰ ਨਿੱਜੀ ਖੇਤਰ ਦੇ ਨਾਲ ਮਿਲ ਕੇ ਰੁਜ਼ਗਾਰ ਲਈ ਬੁਨਿਆਦੀ ਢਾਂਚਾ ਬਣਾਉਣ ਲਈ ਫ਼ੌਰੀ ਯੋਜਨਾ ਬਣਾਉਣੀ ਚਾਹੀਦੀ ਹੈ
ਕਿਉਂਕਿ ਜੇਕਰ ਅਸੀਂ ਅੱਜ ਇਸ ਨੂੰ ਵੱਡੇ ਪੱਧਰ ’ਤੇ ਨਾ ਨਜਿੱਠਿਆ ਤਾਂ ਸਾਡੇ ਦੇਸ਼ ਨੂੰ ਉਥਲ-ਪੁਥਲ ਦਾ ਸਾਹਮਣਾ ਕਰਨਾ ਪਵੇਗਾ।
ਜ਼ਿਆਦਾਤਰ ਕੱਟੜਪੰਥੀ ਲਹਿਰਾਂ ਦੀਆਂ ਜੜ੍ਹਾਂ ਇਸੇ ਸਮੱਸਿਆ ਵਿੱਚ ਹੁੰਦੀਆਂ ਹਨ। ਖ਼ੈਰਾਤਾਂ ਅਤੇ ਚੋਣਾਂ ਸਮੇਂ ਮੁਫ਼ਤ ਰਿਉੜੀਆਂ ਦੇ ਐਲਾਨ ਇਸ ਦਾ ਹੱਲ ਨਹੀਂ ਹਨ ਸਗੋਂ ਇਸ ਦਾ ਹੱਲ ਰੁਜ਼ਗਾਰ ਹੈ। ਕੀ ਸਰਕਾਰ ਕੋਲ ਰੁਜ਼ਗਾਰ ਉਪਜਾਉਣ ਲਈ ਦ੍ਰਿਸ਼ਟੀਕੋਣ ਅਤੇ ਇੱਛਾ ਸ਼ਕਤੀ ਹੈ?

ਅੱਜ ਦੇ ਨੌਜਵਾਨ, ਤਕਨਾਲੋਜੀ ਦੀ ਬਦੌਲਤ, ਆਪਣੇ ਦੇਸ਼ ਦੇ ਮਾਹੌਲ ਅਤੇ ਦੁਨੀਆ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਹੋ ਰਹੇ ਵਿਕਾਸ ਤੋਂ ਜਾਣੂੰ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦਾ ਆਪਣਾ ਦੇਸ਼ ਉਨ੍ਹਾਂ ਨਾਲ ਕਿਵੇਂ ਪੇਸ਼ ਆਉਂਦਾ ਹੈ ਅਤੇ ਵਿਕਸਤ ਦੇਸ਼ ਕਿਵੇਂ ਪੇਸ਼ ਆਉਂਦੇ ਹਨ।

ਅਮਰੀਕਾ, ਕੈਨੇਡਾ, ਯੂਕੇ, ਆਦਿ, ਵਿੱਚ ਹਲਾਤ ਬਦਲ ਰਹੇ ਹਨ। ਇਹ ਸਾਡੀ ਉਮੀਦ ਨਾਲੋਂ ਵਧੇਰੇ ਤੇਜ਼ੀ ਨਾਲ ਬਦਲਣਗੇ।

ਸਹਿਜਲਦੀਪ ਅਤੇ ਭਾਰਤੀ ਕ੍ਰਿਕਟ ਟੀਮ ਦੀਆਂ ਲੜਕੀਆਂ ਨੇ ਪੂਰੀ ਲਗਨ ਅਤੇ ਮਿਹਨਤ ਦਾ ਰਸਤਾ ਦਿਖਾਇਆ ਹੈ। ਆਪਣੇ ਦਮ ’ਤੇ ਇਹ ਕੁੜੀਆਂ ਉੱਠੀਆਂ ਹਨ ਅਤੇ ਆਪਣੇ ਸਮਕਾਲੀਆਂ ਨੂੰ ਰੌਸ਼ਨੀ ਦੀ ਕਿਰਨ ਦਿਖਾਈ ਹੈ। ਇਹ ਰਾਹ ਸੌਖਿਆਂ ਪਾਰ ਨਹੀਂ ਕੀਤਾ ਜਾ ਸਕਦਾ। ਨੌਜਵਾਨ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਸਾਲ ਤੋਂ ਸਿੱਖਣਾ ਚਾਹੀਦਾ ਹੈ, ਗ਼ਰੀਬ ਕਿਸਾਨਾਂ ਨੂੰ ਆਪਣੇ ਬੱਚਿਆਂ ਦਾ ਸਾਥ ਦੇਣਾ ਸਿੱਖਣਾ ਚਾਹੀਦਾ ਹੈ, ਸਰਕਾਰ ਅਤੇ ਸਨਅਤਾਂ ਨੂੰ ਪ੍ਰਤਿਭਾ ਨੂੰ ਪਛਾਣਨਾ ਸਿੱਖ ਕੇ ਇਸ ਪ੍ਰਤਿਭਾ ਨੂੰ ਦੇਸ਼ ਵਿੱਚ ਰੱਖਣ ਅਤੇ ਇਸਦੇ ਮੌਲਣ ਦੇ ਤਰੀਕੇ ਲੱਭਣੇ ਚਾਹੀਦੇ ਹਨ। ਅਸੀਂ ਆਪਣੀਆਂ ਪਿਛਲੀਆਂ, ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੇ ਰਿਣੀ ਹਾਂ। ਆਓ, ਉਨ੍ਹਾਂ ਨੂੰ ਨਾਕਾਮ ਨਾ ਹੋਣ ਦੇਈਏ। ਇਤਿਹਾਸ ਇਹ ਯਾਦ ਨਹੀਂ ਰੱਖੇਗਾ ਕਿ ਅਸੀਂ ਕਿੰਨੀਆਂ ਚੋਣਾਂ ਜਾਂ ਜ਼ਿਮਨੀ ਚੋਣਾਂ ਜਿੱਤੀਆਂ; ਇਹ ਇਸ ਗੱਲ ’ਤੇ ਸਾਡੀ ਪਰਖ ਕਰੇਗਾ ਕਿ ਅਸੀਂ ਆਪਣੇ ਮਨੁੱਖੀ ਸਰੋਤ ਕਿਵੇਂ ਵਿਕਸਤ ਕੀਤੇ।

ਸਾਬਕਾ ਰਾਜਪਾਲ, ਮਨੀਪੁਰ;
ਸਾਬਕਾ ਡੀਜੀਪੀ, ਜੰਮੂ ਕਸ਼ਮੀਰ
ਟ੍ਰਸਟੀ, ਟ੍ਰਿਬਿਊਨ ਟ੍ਰਸਟ

ਧੰਨਵਾਦ 'ਪੰਜਾਬੀ ਟ੍ਰਿਬਿਊਨ'

ਰੂਮੀ ਦੇ ਉਸਤਾਦ- ਅੱਤਰ ਦੀ ਲਿਖਤ



ਇੱਕ ਅਣਦਿਸਦਾ ਸੂਰਜ
ਸਾਡੇ ਸਭ ਵਿਚ ਲੁਕਿਆ ਹੋਇਆ।

ਇੱਕ ਦਿਨ ਉਹ ਘੁੰਡ ਲਹਿ ਜਾਂਦਾ
ਤੇ ਜ਼ਾਹਰ ਹੋਇਆ ਸੂਰਜ ਚਮਕਾਂ ਮਾਰੇ

ਵਿੱਚ ਉਸਦੀ ਚੁੰਧਿਆਉਂਦੇ ਚਾਨਣ
ਸਾਰੇ ਗੁਣ, ਵਿਗਾੜ ਹਨ ਗ਼ਾਇਬ ਹੁੰਦੇ

ਕਿਉਂ ਲੱਭਦੈਂ ਸਿਰਜਣਹਾਰੇ ਦਾ ਪਤਾ?
ਕੋਈ ਨਹੀਂ ਹੈ ਨਕਸ਼ਾ, ਨਾ ਰਾਹ-ਦਿਸ਼ਾ।

ਸੁੱਟ ਆਪਣਾ ਹਉਂ-ਆਪਾ। ਤੇ ਹੁਣ ਤੁਰ।
ਜਿੱਚਰ ਤੇਰਾ ਕੁਝ ਵੀ ਹੈ ਬਚਿਆ,
ਵਾਲ ਵੀ ਬਣ ਪਹਾੜ ਰੋਕ ਲੈਣਾ ਰਾਹ

ਸਿਰਜਣਹਾਰੇ,
ਜੇ ਮੈਂ ਤੈਨੂੰ ਪੂਜਾਂ ਡਰ ਕੇ ਨਰਕ ਤੋਂ,
ਝੋਕ ਦਈਂ ਮੈਨੂੰ ਓਸੇ ਅੱਗ ਭਿਆਣਕ।

ਜੇ ਪੂਜਾਂ ਮੈਂ ਤੈਨੂੰ ਆਸ ਬਹਿਸ਼ਤ ਦੀ ਲਾ,
ਬੰਨ੍ਹ ਲਾ ਦੇਵੀਂ ਮੇਰੀ ਰੂਹ ‘ਤੇ ਓਥੇ ਵੜਨੋਂ।

ਪਰ ਜੇ ਮੈਂ ਪੂਜਾਂ ਤੈਨੂੰ ਤੁਧ ਲਈ
ਆਪ ਲੈ ਜਾਈਂ ਮੈਨੂੰ ਆਪਣੀ ਸਦਾ ਮੌਜੂਦੀ

ਜਦੋਂ ਭਰ ਤੱਕਦੈਂ ਅੱਖੀਂ ਏਸ ਦੁਨੀ ਨੂੰ,
ਆਈ ਤੋਂ ਗਈ ਹੋ ਜਾਂਦੀ ਜਿੰਦ ਤੇਰੀ
ਅਜੇ ਕੰਮ ਕੋਈ ਨਾ ਸਰਿਆ ਹੁੰਦਾ ਤੈਥੋਂ

ਬਾਕੀ ਸਫ਼ਾ 34 ‘ਤੇ

ਰੇਡੀਓ ਦੀਆਂ ਯਾਦਾਂ: ਸੀਜ਼ਨ ਦੋ ਐਪੀਸੋਡ 22

ਰੇਡੀਓ ਵਿੱਚ ਨੌਕਰੀ ਕਰਨ ਦਾ ਸੁਫ਼ਨਾ ਬਚਪਨ ਤੋਂ ਹੀ ਲੈਣਾ ਸ਼ੁਰੂ ਕਰ ਦਿੱਤਾ ਸੀ। ਦਸਵੀਂ ਤੋਂ ਬਾਅਦ ਕਾਲਜ ਜਾਣ ਦਾ ਮੌਕਾ ਨਹੀਂ ਸੀ ਮਿਲਿਆ! ਪ੍ਰਾਈਵੇਟ ਤੌਰ 'ਤੇ ਪੜ੍ਹਾਈ ਕੀਤੀ ਸਾਰੀ, ਲਾਇਬ੍ਰੇਰੀ ਸਾਇੰਸ ਦਾ ਡਿਗਰੀ ਕੋਰਸ ਛੱਡ ਕੇ- ਇੱਕ ਸਾਲ ਦਾ ਇਹ ਕੋਰਸ ਪੰਜਾਬੀ ਯੂਨੀਵਰਸਿਟੀ ਤੋਂ ਕੀਤਾ। ਬਾਕੀ ਪੜ੍ਹਾਈ, ਪੀਐਚ ਡੀ ਤੱਕ, ਘਰ ਬੈਠੇ।
ਮੰਗ ਤੰਗ ਕੇ ਕਿਤਾਬਾਂ ਪੜ੍ਹਨੀਆਂ। ਕੋਲ ਟਰਾਂਜ਼ਿਸਟਰ ਹੁੰਦਾ ਸੀ, ਬੱਸ।

ਰੇਡੀਓ ਸੁਣਦੇ ਸੁਣਦੇ ਨਾਟਕ ਲਿਖਣੇ ਸ਼ੁਰੂ ਕੀਤੇ। ਇਕੱਲੀ ਬੈਠੀ ਸਾਰੇ ਪਾਤਰਾਂ ਦਾ ਰੋਲ ਕਰਦੀ। ਫੇਰ ਕਹਾਣੀਆਂ ਲਿਖਣ ਲੱਗ ਪਈ। ਨਾਟਕ ਭੇਜਣ ਦਾ ਹੀਆ ਤਾਂ ਕਦੇ ਨਹੀਂ ਪਿਆ ਪਰ ਕਹਾਣੀ ਭੇਜ ਦਿੱਤੀ -ਰੇਡੀਓ ਜਲੰਧਰ ਨੂੰ। ਪ੍ਰਸਾਰਤ ਹੋਈ, "ਯੁਵਵਾਣੀ" ਪ੍ਰੋਗਰਾਮ ਵਿੱਚ।

ਪੰਜਾਹ ਕਿਲੋਮੀਟਰ ਦੇ ਦਾਇਰੇ ਵਿੱਚ ਨਹੀਂ ਸੀ ਆਉਂਦਾ ਮੇਰਾ ਘਰ, ਸੋ ਕਿਰਨ ਭਾਰਦਵਾਜ ਨੇ ਪੜ੍ਹੀ, ਮੇਰੀ ਕਹਾਣੀ, ਰੇਡੀਓ ਤੋਂ। ਮੈਨੂੰ ਨਹੀਂ ਬੁਲਾਇਆ ਜਾ ਸਕਦਾ ਸੀ- ਇਹ ਕਨੂੰਨ ਬਾਅਦ ਵਿੱਚ ਮੇਰੀਆਂ ਕੋਸ਼ਿਸ਼ਾਂ ਨਾਲ ਟੁੱਟਿਆ!
ਨਾਟਕ ਵਿੱਚ ਹਿੱਸਾ ਲੈਣ ਲਈ ਅਤੇ "ਯੁਵਵਾਣੀ" ਵਿੱਚ ਭਾਗ ਲੈਣ ਲਈ ਸਿਰਫ਼ ਉਨ੍ਹਾਂ ਨੂੰ ਬੁਲਾਇਆ ਜਾਂਦਾ ਸੀ ਜਿਨ੍ਹਾਂ ਦੇ ਘਰ ਉਸ ਰੇਡੀਓ ਸਟੇਸ਼ਨ ਤੋਂ ਪੰਜਾਹ ਕਿਲੋਮੀਟਰ ਦੇ ਦਾਇਰੇ ਵਿੱਚ ਆਉਂਦੇ ਹੋਣ। ਕਹਾਣੀ ਪ੍ਰਸਾਰਤ ਜਦੋਂ ਹੋਈ, "ਯੁਵਵਾਣੀ" ਪ੍ਰੋਗਰਾਮ ਸ਼ਾਮ ਨੂੰ ਚਾਰ ਵਜੇ ਆਉਂਦਾ ਹੁੰਦਾ ਸੀ। ਯੂਨੀਵਰਸਿਟੀ ਵਿੱਚ ਬੀ ਲਿਬ ਕਰ ਰਹੀ ਸਾਂ। ਕੈਨਟੀਨ ਵਾਲੇ ਤੋਂ ਟਰਾਂਜ਼ਿਸਟਰ ਮੰਗਿਆ ਅਤੇ ਲੈ ਕੇ ਡਿਪਾਰਟਮੈਂਟ ਆ ਗਈ। ਬਾਹਰ ਲਾਅਨ ਵਿੱਚ ਬੈਠ ਕੇ ਸਾਰੀ ਕਲਾਸ ਨੇ ਕਹਾਣੀ ਸੁਣੀ। ਸ਼ੁਰੂ ਵਿੱਚ ਅਤੇ ਫੇਰ ਅੰਤ ਵਿੱਚ ਮੇਰਾ ਨਾਂ ਬੋਲਿਆ ਗਿਆ -

"ਹੁਣ ਤੁਸੀਂ ਸੁਣੋਗੇ ਦੇਵਿੰਦਰ ਕੁਮਾਰੀ ਦੀ ਲਿਖੀ ਕਹਾਣੀ 'ਪਿਆਰ'...।"

" 'ਪਿਆਰ', ਦੇਵਿੰਦਰ ਕੁਮਾਰੀ ਦੀ ਲਿਖੀ ਕਹਾਣੀ, ਹੁਣੇ ਤੁਸੀਂ ਸੁਣੀ।"

ਦੋਸਤਾਂ ਨੇ ਤਾੜੀਆਂ ਵਜਾਈਆਂ। ਮੈਂ ਖ਼ਾਸ ਬਣ ਗਈ ਸੀ। ਲੱਗਾ, ਰੇਡੀਓ ਵਿੱਚ ਨੌਕਰੀ ਦਾ ਸੁਫ਼ਨਾ ਹੁਣ ਹੋ ਜਾਵੇਗਾ ਪੂਰਾ, ਕਿਸੇ ਦਿਨ।
ਇੱਕ ਇੱਕ ਕਦਮ ਪੁੱਟ ਕੇ ਓਧਰ ਨੂੰ ਹੀ ਜਾ ਰਹੀ ਸਾਂ। ਪਰ ਉਦੋਂ ਇਹ ਨਹੀਂ ਸੀ ਪਤਾ- ਕਹਾਣੀਆਂ, ਨਾਟਕ ਨਹੀਂ ਸਹਾਈ ਹੋਣਗੇ ਇਸ ਵਿੱਚ, ਮੇਰੀ ਲਾਇਬ੍ਰੇਰੀ ਸਾਇੰਸ ਦੀ ਡਿਗਰੀ ਆਵੇਗੀ ਕੰਮ!
ਲਾਇਬ੍ਰੇਰੀਅਨ ਦੀ ਨੌਕਰੀ ਨਿੱਕਲੀ ਸੀ "ਸ੍ਰੀਨਗਰ ਦੂਰਦਰਸ਼ਨ" ਵਿੱਚ। ਜ਼ਿੱਦ ਕਰ ਕੇ ਪਿਤਾ ਨੂੰ ਨਾਲ ਲੈ ਕੇ ਇੰਟਰਵਿਊ ਦੇਣ ਗਈ। ਪਹਿਲੇ ਨੰਬਰ 'ਤੇ ਆਈ, ਪੈਨਲ ਵਿੱਚ।
ਇਹ ਲਾਇਬ੍ਰੇਰੀ ਬਿਲਕੁਲ ਅਲੱਗ ਤਰ੍ਹਾਂ ਦੀ ਸੀ। ਫ਼ੋਟੋਗ੍ਰਾਫ਼ਜ਼ ਸਨ ਇਸ ਵਿੱਚ, ਟੇਪਾਂ ਸਨ, ਥੋੜ੍ਹੀਆਂ ਜਿਹੀਆਂ ਕਿਤਾਬਾਂ ਅਤੇ ਬਹੁਤ ਸਾਰੇ ਮੈਗਜ਼ੀਨ – ਅਤੇ ਢੇਰਾਂ ਦੇ ਢੇਰ ਅਖ਼ਬਾਰ।
ਲਾਇਬ੍ਰੇਰੀ ਵਿੱਚ ਇੱਕ ਕੁੜੀ ਹੋਰ ਸੀ ਮੇਰੇ ਨਾਲ। ਕਸ਼ਮੀਰਨ ਸੀ।
ਸਕੂਲ, ਕਾਲਜ ਦੀ ਲਾਇਬ੍ਰੇਰੀ ਨਾਲੋਂ ਬਿਲਕੁਲ ਹੀ ਅਲੱਗ ਤਰ੍ਹਾਂ ਦੀ ਲਾਇਬ੍ਰੇਰੀ ਸੀ ਇਹ।
ਮਾਂ ਇਕੱਲੀ ਰਹਿ ਰਹੀ ਸੀ, ਪਿੰਡ। ਪਿਤਾ ਅਤੇ ਮੈਂ ਇੱਥੇ, ਸ੍ਰੀਨਗਰ। ਉੱਥੋਂ "ਜਲੰਧਰ ਰੇਡੀਓ" ਵਿੱਚ ਬਦਲੀ ਕਰਵਾਅ ਲਈ।
"ਦੂਰਦਰਸ਼ਨ ਜਲੰਧਰ" ਹੈ ਨਹੀਂ ਸੀ ਉਦੋਂ- ਇਹ ਤਿੰਨ ਸਾਲ ਬਾਅਦ ਹੋਂਦ ਵਿੱਚ ਆਇਆ।
"ਜਲੰਧਰ ਰੇਡੀਓ" ਦੀ ਲਾਇਬ੍ਰੇਰੀ ਵਿੱਚ, ਟੇਪਾਂ ਦੇ ਨਾਲ ਨਾਲ, ਗ੍ਰਾਮੋਫ਼ੋਨ ਰਿਕਾਰਡ ਸਨ, ਕਿਤਾਬਾਂ ਅਤੇ ਮੈਗਜ਼ੀਨ ਸਨ। ਇੱਥੇ ਵੀ ਇੱਕ ਹੋਰ ਕੁੜੀ ਸੀ ਮੇਰੇ ਨਾਲ, ਲਾਇਬ੍ਰੇਰੀ ਵਿੱਚ।
ਰਿਕਾਰਡ ਪਲੇਅਰ ਹੁੰਦਾ ਸੀ ਲਾਇਬ੍ਰੇਰੀ ਵਿੱਚ। ਸੀ ਤਾਂ ਉਹ ਇਸ ਲਈ, ਕਿ ਅਨਾਊਂਸਰ ਗ੍ਰਾਮੋਫ਼ੋਨ ਰਿਕਾਰਡ ਚੈੱਕ ਕਰ ਲੈਣ, ਵਜਾਅ ਕੇ, ਕਿ ਕਿੱਧਰੇ ਟ੍ਰੈਕ ਬੈਕ ਤਾਂ ਨਹੀਂ ਹੋ ਰਿਹਾ ਕੋਈ ਰਿਕਾਰਡ- ਪਰ ਬਹੁਤਾ ਟਾਈਮ ਮੈਂ ਆਪ ਹੀ ਆਪਣੀ ਪਸੰਦ ਦੇ ਗੀਤ, ਗ਼ਜ਼ਲਾਂ ਸੁਣਦੀ ਰਹਿੰਦੀ।
ਦਰਵਾਜ਼ਾ ਲਾਇਬ੍ਰੇਰੀ ਦਾ ਖੁੱਲ੍ਹਾ ਰਹਿੰਦਾ ਸੀ, ਏ ਸੀ ਅਜੇ ਲੱਗਾ ਨਹੀਂ ਸੀ- ਜੋ ਟੇਪਾਂ ਦੀ ਸੁਰੱਖਿਆ ਲਈ ਜ਼ਰੂਰੀ ਸੀ। ਇਸ ਲਈ ਉੱਚੀ ਆਵਾਜ਼ ਵਿੱਚ ਵੱਜਦਾ ਸੰਗੀਤ, ਕਾਰੀਡੋਰ ਵਿੱਚੋਂ ਲੰਘਦਿਆਂ ਨੂੰ ਵੀ ਆਕਰਸ਼ਤ ਕਰਦਾ। ਮਹੌਲ ਪਿੰਡਾਂ ਵਿੱਚ ਵਿਆਹਾਂ ਵਿੱਚ ਵੱਜਦੇ ਸਪੀਕਰ ਵਰਗਾ ਹੁੰਦਾ ਕਿਉਂਕਿ ਮੈਨੂੰ ਉੱਚੀ ਅਵਾਜ਼ ਵਿੱਚ ਗੀਤ ਸੰਗੀਤ ਸੁਣਨਾ ਪਸੰਦ ਸੀ!
ਫ਼ਿਲਮ ਜਹਾਂਆਰਾ ਦੇ ਗੀਤ ਬਹੁਤ ਸੁਣਦੀ ਸੀ- 'ਫਿਰ ਵਹੀ ਰਾਤ ਵਹੀ ਤਨਹਾਈ ਹੈ ਤੇਰੀ ਯਾਦ...' ਅਤੇ ਪਸੰਦ ਸਨ ਅਹਿਮਦ ਹੁਸੈਨ- ਮੁਹੰਮਦ ਹੁਸੈਨ 'ਤੂ ਮੇਰੇ ਸਾਥ ਨਾ ਚਲ ਐ ਮੇਰੀ ਰੂਹੇ ਗ਼ਜ਼ਲ, ਲੋਗ ਤੂਫਾਨ ਉਠਾ ਦੇਂਗੇ....' ਇਹ ਗ਼ਜ਼ਲ ਏਨੀ ਵਾਰ ਸੁਣਦੀ ਹੁੰਦੀ ਸੀ ਬਾਹਰ ਤੱਕ, ਕਿ ਇੱਕ ਦਿਨ ਸਟੇਸ਼ਨ ਡਾਇਰੈਕਟਰ ਐੱਸ. ਕੇ. ਸ਼ਰਮਾ ਸਾਹਿਬ ਨੇ ਮੈਨੂੰ ਬੁਲਾਅ ਕੇ ਕਿਹਾ- "ਮਜਰੂਹ ਸੁਲਤਾਨਪੁਰੀ ਨੇ ਇੱਕ ਹੋਰ ਗ਼ਜ਼ਲ ਵੀ ਲਿਖੀ ਹੈ 'ਚਲ ਤੂ ਮੇਰੇ ਸਾਥ ਹੀ ਚਲ ਓ ਮੇਰੀ ਰੂਹ ਏ ਗ਼ਜ਼ਲ...' ਇਨ੍ਹਾਂ ਹੀ ਫ਼ਨਕਾਰਾਂ ਨੇ ਗਾਇਆ ਹੈ ਇਸ ਗ਼ਜ਼ਲ ਨੂੰ ਵੀ। ਉਹ ਨਹੀਂ ਹੈ ਤੁਹਾਡੀ ਲਾਇਬ੍ਰੇਰੀ ਵਿੱਚ?"
ਗੱਲ ਡੂੰਘੀ ਸੀ। ਬਹੁਤ ਦੇਰ ਬਾਅਦ ਸਮਝ ਆਈ!!

ਉਹ ਜਿਊਂਦੀ ਹੈ....-28

ਨਵੀਂ ਅੰਗ੍ਰੇਜ਼ੀ ਕਿਤਾਬ

ਡਾ. ਉਮਾ ਤ੍ਰਿਲੋਕ

ਅਨੁ: ਪੂਨਮ ਸਿੰਘ

ਹੋਰ ਵੇਲੀਂ, ਆਪਣੀ ਪਿਆਰੀ ਅੰਮ੍ਰਿਤਾ ਨਾਲ ਟਹਿਲਦਿਆਂ ਫਿਰਦਿਆਂ, ਇਮਰੋਜ਼ ਨੂੰ ਨਵੀਆਂ ਨਵੀਆਂ ਮੰਜ਼ਿਲਾਂ ਦਾ ਸੱਦਾ ਦਿੰਦੇ ਰਾਹ ਰਸਤੇ ਲੱਭ ਪੈਂਦੇ ਹਨ।

ਉਸ ਬਾਰੇ ਤਾਂ ਉਸ ਦਾ ਕਹਿਣਾ ਹੈ,

"ਅੱਜ ਵੀ
ਤੇਰੀ ਉਹ ਸ਼ਮੂਲੀਅਤ
ਮੇਰੀ ਜ਼ਿੰਦਗੀ ਵਿਚ
ਜ਼ਿੰਦਗੀ ਦੇ ਸਾਹਾਂ ਵਾਂਗ
ਜਾਰੀ ਹੈ।
ਤੇ
ਤੇਰੀ ਮੇਰੀ ਜ਼ਿੰਦਗੀ ਦੇ
ਮੇਲ ਦਾ
ਉਹ ਜਸ਼ਨ ਵੀ।"

ਉਹ ਅੱਗੇ ਹੋਰ ਵੀ ਕਹਿੰਦੇ ਹਨ

"ਮੇਰਾ ਪੁਨਰਜਨਮ ਹੋਇਆ, ਜਦੋਂ ਸਾਡੀ ਪਹਿਲੀ ਮਿਲਣੀ ਦੇ ਬਾਅਦ, ਉਸ ਮੇਰਾ ਜਨਮਦਿਨ ਮਨਾਇਆ।
ਅਤੇ ਮੁੜ ਮੇਰਾ ਪੁਨਰਜਨਮ ਹੋਇਆ, ਜਦੋਂ ਉਹ ਮੇਰੀ ਜ਼ਿੰਦਗੀ ਵਿਚ ਆਈ....ਕਵਿਤਾ ਨਾਲ ਪਰੁੱਚੀ ਜ਼ਿੰਦਗੀ....
ਮੁਹੱਬਤ... ਅਤੇ ਮਿਹਰ-ਫੱਬਤ ਜਾਰੀ ਹੈ..."

ਜਦੋਂ ਉਨ੍ਹਾਂ ਅੰਮ੍ਰਿਤਾ ਸੰਗ ਆਪਣੀ ਜ਼ਿੰਦਗੀ ਬਾਰੇ ਗੱਲ ਛੇੜੀ,ਕਿਵੇਂ ਉਸ ਉਨ੍ਹਾਂ ਦਾ ਜਨਮਦਿਨ ਮਨਾਇਆ,
ਮੈਂ ਉਨ੍ਹਾਂ ਨੂੰ ਕੁਝ ਬਣਦੇ-ਢੁਕਵੇਂ ਸੁਆਲ ਪੁੱਛੇ,
"ਇਮਰੋਜ਼
ਅਮ੍ਰਿਤਾ ਦਾ ਸਾਹਿਰ ਲਈ ਜਨੂੰਨ ਵਾਹਵਾ-ਪ੍ਰਗਟਾਇਆ ਅਤੇ ਵਾਹਵਾ-ਜਾਣਿਆ ਜਾਂਦਾ ਸੀ,
ਪਰ ਫੇਰ ਵੀ, ਸਾਹਿਰ ਨੇ ਕਦੇ ਵੀ ਉਸ ਲਈ ਕੋਈ ਮੁਹੱਬਤ ਨਾ ਦੱਸੀ।
ਤੁਸੀਂ ਕੀ ਕਰਦੇ ਜੇ ਸਾਹਿਰ ਮੁਹੱਬਤ ਦੱਸ ਉਸ ਨੂੰ ਵਿਆਹ ਲਈ ਪੁੱਛ ਲੈਂਦੇ?"

ਉਨ੍ਹਾਂ ਦਾ ਜੁਆਬ ਬੇਲਾਗ ਸੀ,
"ਉਮਾ,
ਜੇ ਉਹ ਇਹ ਕਰਦੇ, ਮੈਨੂੰ ਕੋਈ ਤਕਲੀਫ਼ ਨਹੀਂ ਸੀ ਹੋਣਾ,
ਕਿਉਂਕਿ, ਮੇਰੇ ਲਈ, ਅੰਮ੍ਰਿਤਾ ਦੀ ਖ਼ੁਸ਼ੀ ਸਭ ਤੋਂ ਵੱਧ ਅਹਿਮ ਸੀ।

ਸਗੋਂ ਮੈਂ ਆਪ ਅੰਮ੍ਰਿਤਾ ਨੂੰ ਸਾਹਿਰ ਤੱਕ ਲੈ ਜਾਂਦਾ...
ਪਰ ਇਹ ਨਹੀਂ ਹੋਇਆ।
ਉਨ੍ਹਾਂ ਉਸ ਨੂੰ ਕਿਸੇ ਚੀਜ਼ ਦੀ ਵੀ ਪੇਸ਼ਕਸ਼ ਨਾ ਕੀਤੀ, ਵਾਅਦਾ ਤਾਂ ਛੱਡੋ।
ਮੈਂ ਜਾਣਦਾ ਸੀ, ਅੰਮ੍ਰਿਤਾ ਸਾਹਿਰ ਨੂੰ ਦਿਲ ਦੇ ਬੈਠੀ ਸੀ,
ਮੈਨੂੰ ਮਿਲਣ ਤੋਂ ਕਈ ਚਿਰ ਪਹਿਲਾਂ ਦੀ।
ਬਾਅਦ ਵਿਚ, ਮੈਂ ਉਸਦਾ ਕੋਮਲ ਗੁਆਚਾ ਹਿਰਦਾ ਚੁੱਕਿਆ, ਆਪਣੇ ਹਿਰਦੇ ਵਿਚ ਰੱਖਣ ਲਈ, ਰਾਖੀ ਵਿਚ ਅਤੇ ਸੁ-ਰੱਖਿਅਤ।"

"ਇਮਰੋਜ਼, ਕੀ ਤੁਹਾਨੂੰ ਲੱਗਦਾ ਹੈ ਕਿ ਅੰਮ੍ਰਿਤਾ ਨੂੰ ਤੁਹਾਡੇ ਵਿਚ ਆਪਣਾ ਸਾਹਿਰ ਦਿਸਦਾ ਸੀ
ਓਸੇ ਤਰ੍ਹਾਂ ਜਿਵੇਂ ਤੁਹਾਨੂੰ ਡਾ. ਦੇਵ ਦਿਸਿਆ ਸੀ ਖ਼ੁਦ ਆਪਣੇ ਵਿਚ?"
"ਨਹੀਂ, ਉਮਾ,
ਮੈਂ ਬਹੁਤ ਫ਼ਰਕ ਸੀ ਸਾਹਿਰ ਨਾਲੋਂ।
ਸਾਹਿਰ ਨੇ, ਕਦੇ ਵੀ ਉਸ ਲਈ ਪਿਆਰ ਨਾ ਦੱਸਿਆ, ਫੇਰ ਵੀ ਲੋਕ ਮੰਨਦੇ ਸਨ ਕਿ ਸਾਹਿਰ ਉਸ ਨੂੰ ਅਤੇ ਉਹ ਉਨ੍ਹਾਂ ਨੂੰ ਪਿਆਰ ਕਰਦੀ ਸੀ।

ਪਰ ਅਸਲੀਅਤ ਵਿਚ, ਇਓਂ ਨਹੀਂ ਸੀ।
ਮੈਂ ਤੈਨੂੰ ਇੱਕ ਘਟਨਾ ਦੱਸਦਾ ਹਾਂ,
ਇੱਕ ਵਾਰ ਅੰਮ੍ਰਿਤਾ ਇੱਕ ਕਾਵਿ ਬੈਠਕ ਲਈ ਮੁੰਬਈ ਗਈ ਅਤੇ ਓਥੇ ਉਸਨੂੰ ਸਾਹਿਰ ਮਿਲੇ।
ਪਰੋਗਰਾਮ ਤੋਂ ਬਾਅਦ, ਸਾਹਿਰ ਉਸਨੂੰ ਘਰ ਆਪਣੀ ਮਾਂ ਨੂੰ ਮਿਲਾਉਣ ਲੈ ਗਏ ਅਤੇ ਫੇਰ ਉਨ੍ਹਾਂ ਅਮ੍ਰਿਤਾ ਨੂੰ ਮਿਲਾਉਣ ਲਈ ਆਪਣੇ ਮਿੱਤਰਾਂ ਨੂੰ ਸ਼ਾਮੀਂ ਇੱਕ ਪਾਰਟੀ 'ਤੇ ਸੱਦਣ ਦਾ ਫ਼ੈਸਲਾ ਕੀਤਾ। ਅੰਮ੍ਰਿਤਾ ਦੀ ਓਸੇ ਸ਼ਾਮ ਦਿੱਲੀ ਦੀ ਵਾਪਸੀ ਬੁੱਕ ਹੋਈ ਹੋਈ ਸੀ ਪਰ ਸਾਹਿਰ ਨੇ ਉਸਨੂੰ ਪਰਤਣ ਨਾ ਦਿੱਤਾ, ਆਪਣੇ ਨਾਲ ਵੱਖਰਾ ਸਮਾਂ ਬਿਤਾਉਣ ਲਈ ਨਹੀਂ ਸਗੋਂ ਆਪਣੇ ਮਿੱਤਰਾਂ ਨਾਲ ਪਾਰਟੀ ਵਿਚ....
ਉਮਾ, ਆਸ਼ਕ ਤਾਂ ਇੱਕ ਦੂਜੁ ਨਾਲ ਇਕੱਲਿਆਂ ਸਮਾਂ ਬਿਤਾਉਣ ਲਈ ਤਰਲੋਮੱਛੀ ਹੁੰਦੇ ਹਨ...ਹੈ ਨਾ?
ਪਰ ਉਹ, ਇਸ ਦੇ ਉਲਟ, ਉਸ ਦੀ ਮੌਜੂਦਗੀ ਨੂੰ ਆਪਣੇ ਦੋਸਤਾਂ ਸੰਗ ਵੰਡਣੀ ਚਾਹੁੰਦੇ ਸੀ...ਜੋ ਮੈਨੂੰ ਬਹੁਤ ਅਜੀਬ ਲੱਗਦਾ ਹੈ।

ਸਾਹਿਰ ਨੇ, ਇੱਕ ਵਾਰ ਵੀ ਕੋਸ਼ਿਸ਼ ਨਾ ਕੀਤੀ ਸਿਰਫ਼ ਅੰਮ੍ਰਿਤਾ ਨੂੰ ਮਿਲਣ ਦਿੱਲੀ ਆਉਣ ਦੀ...ਦਿੱਲੀ ਹੁੰਦੇ ਤਾਂ ਸਿਰਫ਼ ਕਵਿਤਾ ਦੀਆਂ ਇਕੱਤਰਤਾਵਾਂ ਵਿਚ ਹੀ ਮਿਲੇ।

ਇਸ ਤੋਂ ਤੁਸੀਂ ਕੀ ਸਮਝੋਗੇ?
ਲੋਕਾਂ ਨੂੰ ਇਸ ਅਣਹੋਏ-ਰਿਸ਼ਤੇ ਨੂੰ ਫਰੋਲਣ ਦਾ ਸ਼ੌਕ ਹੈ ਜਾਂ ਕੀ ਮੈਂ ਇਸ ਤਰ੍ਹਾਂ ਕਹਾਂ,
ਇਹ ਨਿਰੋਲ ਇੱਕ-ਪਾਸੜ ਸੀ...ਲੋਕ ਇਹੋ ਮੰਨਣਾ ਚਾਹੁੰਦੇ ਸੀ ਕਿ ਅੰਮ੍ਰਿਤਾ ਅਤੇ ਸਾਹਿਰ ਆਸ਼ਕ ਸਨ...
ਉਹ ਸੱਚਮੁਚ ਹੈ ਸਨ ਪਰ ਬਿਨ ਵਚਨਬੱਧਤਦਾ ਦੇ...
ਇਹ ਕਿਸ ਤਰ੍ਹਾਂ ਦੀ ਆਸ਼ਕੀ ਹੋਈ?

'ਮੁਹੱਬਤ ਮੇਂ ਤੋ ਇਨਸਾਨ ਸਬ ਕੁਛ ਕਰ ਗੁਜ਼ਰਤਾ ਹੈ...ਵਚਨਬੱਧਤਾ ਕਯਾ ਚੀਜ਼ ਹੈ....'

ਅਮ੍ਰਿਤਾ ਅਤੇ ਸਾਹਿਰ ਦੀ ਸਿਰੇ ਨਾ ਲੱਗੀ ਮੁਹੱਬਤ ਹੈ ਸੀ, ਪਰ ਨਹੀਂ ਵੀ ਸੀ ...

ਉਹ ਬਿਨਾ ਸ਼ੱਕ ਉਸ ਨਾਲ ਮੋਹੀ ਹੋਈ ਸੀ, ਉਸ ਨਾਲ ਜੁੜੀ ਉਸ ਦੇ ਸ਼ਖ਼ਸੀਅਤੀ-ਬਿੰਬ ਨਾਲ, ਉਸਦੀ ਸ਼ਾਇਰੀ ਅਤੇ ਸ਼ਾਇਦ ਉਸਦੇ ਰਹਿਣ ਸਹਿਣ ਦੇ ਢੰਗ ਨਾਲ...ਅਤੇ

ਉਹ ਜਿਊਂਦੀ ਹੈ....-28

ਉਸ ਦੇ ਇਸ਼ਕ ਵਿਚ ਹੱਦੋਂ ਵੱਧ ਡੁੱਬੀ ਹੋਈ ਸੀ...

ਪਰ, ਉਹ, ਹਮੇਸ਼ਾ ਟਾਲਮਟੋਲ ਕਰਨ ਵਾਲੇ ਅਤੇ ਨਾਲ ਹੀ ਸੁਧਾ ਮਲਹੋਤਰਾ ਅਤੇ ਹੋਰ ਤੜਕ ਭੜਕ ਵਾਲੀਆਂ ਨਾਰੀ ਸ਼ਖ਼ਸੀਅਤਾਂ ਨਾਲ ਉਲਝੇ ਹੋਏ ਸਨ।

ਪਰ, ਅੰਮ੍ਰਿਤਾ ਉਨ੍ਹਾਂ ਨਾਲ ਆਪਣੀ ਮੁਹੱਬਤ ਦੇ ਰਿਸ਼ਤੇ ਬਾਰੇ ਬਹੁਤ ਸਾਫ਼ ਗੱਲ ਕਰਦੀ ਸੀ। ਉਸ ਸਾਹਿਤ ਅਕਾਦਮੀ ਨਾਲ ਸਨਮਾਨੀ ਗਈ ਆਪਣੀ ਮਸ਼ਹੂਰ ਕਵਿਤਾ 'ਸੁਨੇਹੜੇ' ਵਿਚ ਉਨ੍ਹਾਂ ਵਾਸਤੇ ਆਪਣੀਆਂ ਭਾਵਨਾਵਾਂ ਨੂੰ ਕਬੂਲ ਕੀਤਾ।

ਉਸ ਆਪਣੀ ਆਤਮਕਥਾ 'ਰਸੀਦੀ ਟਿਕਟ' ਵਿਚ ਵੀ ਸਾਹਿਰ ਲਈ ਆਪਣੇ ਪਿਆਰ ਬਾਰੇ ਕਾਫ਼ੀ ਸਾਫ਼ ਸਾਫ਼ ਲਿਖਿਆ। ਪਰ ਉਨ੍ਹਾਂ ਹਮੇਸ਼ਾ ਇਸ ਬਾਰੇ ਚੁੱਪੀ ਰੱਖੀ।

ਲੋਕ ਦੂਜੇ ਪਾਸੇ ਆਪੋ ਆਪਣੇ ਢੰਗ ਨਾਲ ਆਪਣੀ ਗੱਪਸ਼ੱਪ ਲਈ ਭੁੱਖ ਨੂੰ ਤ੍ਰਿਪਤ ਕਰਨ ਲਈ ਇਸ ਦਾ ਸਹੀ/ ਗ਼ਲਤ ਹਿਸਾਬ ਲਾਉਂਦੇ ਰਹਿੰਦੇ ਹਨ।

ਮੈਂ ਤੈਨੂੰ ਇੱਕ ਘਟਨਾ ਦੱਸਦਾ ਹਾਂ, ਇੱਕ ਵਾਰ, ਸਾਹਿਰ ਦਿੱਲੀ ਆਏ ਹੋਏ ਸਨ ਅਤੇ ਮੈਂ ਅੰਮ੍ਰਿਤਾ ਨੂੰ ਉਨ੍ਹਾਂ ਨਾਲ ਮਿਲਾਉਣ ਲੈ ਕੇ ਗਿਆ। ਮੈਂ ਕੁਝ ਚਿਰ ਉਨ੍ਹਾਂ ਨੂੰ ਇਕੱਲਿਆਂ ਛੱਡਿਆ, ਉਨ੍ਹਾਂ ਨੂੰ ਸਮਾਂ ਦਿੰਦਿਆਂ ਕਿ ਇੱਕ ਦੂਜੇ ਨੂੰ ਕਹਿ ਲੈਣ, ਕੁਝ ਵੀ, ਜੇ ਕੁਝ ਕਹਿਣਾ ਹੈ, ਪਰ ਤੂੰ ਹੈਰਾਨ ਹੋਏਂਗੀ ਇਹ ਜਾਣ ਕੇ ਕਿ ਜਦੋਂ ਮੈਂ ਪਰਤਿਆ ਤਾਂ ਵੇਖਿਆ ਕਿ ਦੋਏ ਭਰੇ ਹੋਏ ਜਾਮਾਂ ਵਾਂਗ ਬੈਠੇ ਹੋਏ ਹਨ.. ਇੱਕ ਲਫ਼ਜ਼ ਵੀ ਇੱਕ ਦੂਜੇ ਨੂੰ ਨਾ ਆਖਿਆਂ... ਸ਼ਾਇਦ ਬਹੁਤ ਬਾਅਦ ਵਿਚ ਜਾ ਕੇ ਇਹੀ ਬਾਹਰ ਆਇਆ ਸੀ ਸਾਹਿਰ ਦੇ ਮਸ਼ਹੂਰ ਗੀਤ 'ਖ਼ਾਲੀ ਜਾਮ' ਅਤੇ ਅੰਮ੍ਰਿਤਾ ਦੀ ਕਵਿਤਾ ..'ਇੱਕ ਲਕੀਰ ਖਿੱਚ ਲਈ' ਵਿਚ।

ਪਰ ਇਹ ਮੈਂ ਤੈਨੂੰ ਦੱਸ ਦਿਆਂ ਉਮਾ, ਸਾਹਿਰ ਨੂੰ ਮਿਲਣ ਤੋਂ ਬਾਅਦ ਉਹ ਹਮੇਸ਼ਾ ਬੇਚੈਨ ਅਤੇ ਬੇਆਰਾਮ ਰਹਿੰਦੀ।

ਲੋਕ ਸਾਡੇ ਰਿਸ਼ਤੇ ਨੂੰ ਵੀ ਫਰੋਲਣਾ ਚਾਹੁੰਦੇ ਹੁੰਦੇ ਹਨ...ਅੰਮ੍ਰਿਤਾ ਅਤੇ ਮੇਰੇ ਕਿਉਂਕਿ ਇਹ ਵੱਖਰਾ ਹੈ... ਅਸੀਂ ਨਾਲ-ਰਹਿੰਦੇ ਹਾਂ...ਸਾਡਾ ਬੜੀ ਵੱਖਰੀ ਕਿਸਮ ਦਾ ਲਵ ਅਫ਼ੇਅਰ ਹੈ..ਅਜਿਹੀ ਮੁਹੱਬਤ ਜੋ ਉਸ ਸਮੇਂ ਕਿਸੇ ਨੇ ਨਹੀਂ ਸੀ ਸੁਣੀ।

ਜੇ ਮੇਰੀ ਕੋਈ ਪਤਨੀ ਹੁੰਦੀ, ਅਤੇ ਮੈਂ ਓਸਨੂੰ ਏਨੀ ਹੀ ਸ਼ਿੱਦਤ ਨਾਲ ਪਿਆਰ ਕਰਦਾ ਹੁੰਦਾ ਜਿੰਨਾ ਅੰਮ੍ਰਿਤਾ ਨੂੰ ਕਰਦਾ ਹਾਂ, ਫੇਰ ਉਨਾਂ ਨੂੰ ਸਾਡੀ ਕੋਈ ਪਰਵਾਹ ਨਹੀਂ ਸੀ ਹੋਣੀ।"

ਇਹ ਕਹਿੰਦਿਆਂ ਉਹ ਹੱਸਣ ਲੱਗੇ....ਅਤੇ ਫੇਰ ਇਹ ਕਿਹਾ
"ਹੈ ਨਾ ਅਜੀਬ...?"

ਅੱਤਰ...

31 ਸਫ਼ੇ ਦਾ ਬਾਕੀ

ਆਪਣੀ ਹਉਮੈ ਨਾ ਚੰਭਲਾਅ।
ਧ੍ਰੀਕ ਨਾ ਰੂਹ ਵਿਰਲੀ ਇਓਂ ਮਲ ਕੂੜ 'ਚੋਂ

ਹੈ ਚਾਬੀ ਦੋਹਾਂ ਜਹਾਨਾਂ ਦੀ
ਤਾਂ ਉਹ ਹੈ
ਇਸ਼ਕ।

ਸਭੋ ਕੁਝ , ਕੀ ਨਿੱਕਾ ਕੀ ਵੱਡਾ
ਤੇਰੇ ਹੋਣ ਨੂੰ ਮਾਣ ਬਖ਼ਸ਼ਦਾ
ਨਾ ਤੱਕ ਆਪਣੇ ਵੱਲ ਕਿ ਜਿਵੇਂ ਹੋਵੇਂ ਕੂੜਾ
ਨਹੀਂ ਕੋਈ ਵੀ ਵੱਡਾ ਤੇਰੇ ਤੋਂ।

ਸੱਤੇ ਅਸਮਾਨ ਹਨ ਭੌਂਦੇ ਤੇਰੇ ਲਈ ਹੀ।
ਫ਼ਰਿਸ਼ਤੇ ਮੰਗਦੇ ਤੇਰੀ ਖ਼ੈਰ।

ਸੁਰਗ ਨਰਕ ਤਾਂ ਤੂੰ ਆਪੋ ਆਪ ਬਣਾਵੇਂ।
ਹਨ ਅਸਮਾਨੀ ਰੂਹਾਂ ਝੁਕਦੀਆਂ ਤੇਰੇ ਅੱਗੇ।

ਅਮਰਪੁਣੇ ਦੇ ਬੱਦਲ ਪਏ ਮਿਹਰ ਵਰ੍ਹਾਵਣ
ਬਸ ਤੈਨੂੰ ਕਈ ਗੁਣਾ ਨਿਹਾਲ ਕਰਨ ਲਈ।

ਜਦੋਂ ਆਉਣਾ ਸਮਾਂ ਉਚਿਆਉਣ ਦਾ ਸਭ
ਕੁਝ,
ਸਭ ਸਰੋਪੇ ਤੇਰੇ ਲਈ ਹਨ ਹੋਣੇ।

ਸਿਰਜਣਹਾਰੇ ਤੈਨੂੰ ਹਮੇਸ਼ ਬਰਕਤ ਦੇਣੀ
ਫ਼ਰਿਸ਼ਤਿਆਂ ਇੱਜ਼ਤ ਅਤੇ ਦੁਆ ਹੈ ਕਰਨੀ

ਜੇ ਤੇਰਾ ਸਿਰ ਹੈ ਘੁੰਮਿਆ
ਤੇ ਅੱਗ ਜਿਗਰ ਨੂੰ ਲੱਗੀ

ਤੂੰ ਹੋਇਆ ਬਦਮਸਤ, ਨਾ ਸੋਝੀ ਕੋਈ
ਬੱਸ ਲਾਲ ਪਰੀ ਤਾਂਘਾਂ ਦੀ,

ਕਿਉਂਕਰ ਕਰੇਂ ਤਸੱਲੀ
ਤੂੰ ਬੱਸ ਸਿੱਪ ਇੱਕੋ ਦੇ ਨਾਲ?

ਲੈ ਤਲਾਸ਼ ਉਹ ਸੋਮਾ ਜਿੱਥੋਂ
ਵਹਿੰਦੀ ਰਹੇ ਸ਼ਰਾਬ , ਨਾ ਮੁੱਕੇ ਕਦੇ ਵੀ।

ਅਨੁ: -ਪੂਨਮ ਸਿੰਘ

ਸਰਵਣ ਪਾਪਾ

ਭੁਪਿੰਦਰ ਸਿੰਘ ਪੰਛੀ
9855991055

ਗੁੜੀਆ ਦੀ ਸਮੱਸਿਆ ਸ਼ੁਰੂ ਵਿੱਚ ਤਾਂ ਆਮ ਜਿਹੀ ਲੱਗੀ ਸੀ ਪਰ ਹੁਣ ਉਹ ਸਮੱਸਿਆ ਕਾਫ਼ੀ ਗੰਭੀਰ ਲੱਗਣ ਲੱਗ ਪਈ ਸੀ। ਬੱਚਿਆਂ ਦਾ ਬਿਸਤਰਾ ਗਿੱਲਾ ਕਰਨ ਦਾ ਕੁਦਰਤੀ ਸਿਲਸਿਲਾ ਲਗਭਗ ਡੇਢ ਸਾਲ ਚੱਲਦਾ ਹੀ ਰਹਿੰਦਾ ਹੈ ਪਰ ਗੁੜੀਆ ਦੀ ਉਮਰ ਹੁਣ ਚਾਰ ਪੰਜ ਸਾਲ ਦੇ ਕਰੀਬ ਹੋ ਚੁੱਕੀ ਸੀ।

ਮੈਂ ਸਵੇਰ ਸਾਰ ਉਸ ਦਾ ਬਿਸਤਰਾ ਚੰਗੀ ਤਰ੍ਹਾਂ ਧੋ, ਡਿਟੋਲ ਵਿੱਚੋਂ ਕੱਢ, ਤਿਆਰ ਹੋਣ ਲਈ ਧੁੱਪੇ ਸੁੱਕਣੇ ਪਾ ਦਿੰਦਾ। ਇਹ ਮੇਰੇ ਰੋਜ਼ਮੱਰਾ ਦੇ ਕੰਮਾਂ ਦਾ ਸਭ ਤੋਂ ਵੱਡਾ ਕਾਰਜ ਸੀ।

ਉਸਦੇ ਸੌਣ ਦਾ ਬਿਸਤਰਾ ਵੀ ਮੈਂ ਹੀ ਲਗਾਤਾਰ ਧੋਂਦਾ ਅਤੇ ਸੁਕਾਉਂਦਾ। ਉਸਨੂੰ ਮੇਰੀ ਛਾਤੀ ਉੱਪਰ ਲੇਟ ਕੇ ਹੀ ਨੀਂਦ ਆਉਂਦੀ ਸੀ ਤੇ ਮੇਰੇ ਮਾੜਾ ਜਿਹਾ ਹਿਲਣ 'ਤੇ ਵੀ ਉਹ ਜਾਗ ਜਾਂਦੀ ਸੀ। ਜਦੋਂ ਉਹ ਗੂੜ੍ਹੀ ਨੀਂਦ ਵਿੱਚ ਹੁੰਦੀ, ਫਿਰ ਮੈਂ ਉਸਨੂੰ ਆਪਣੀ ਛਾਤੀ ਤੋਂ ਉਤਾਰਦਾ, ਪਰ ਅਕਸਰ ਉਹ ਮੇਰੇ ਢਿੱਡ ਉੱਤੇ ਹੀ ਸੂਸੂ ਕਰ ਦਿੰਦੀ ਸੀ। ਉਸਦਾ ਬਿਸਤਰ 'ਤੇ ਪਿਸ਼ਾਬ ਕਰਨਾ ਵੀ ਉਸਦੀ ਗੂੜ੍ਹੀ ਨੀਂਦ ਦੀ ਹੀ ਨਿਸ਼ਾਨੀ ਸੀ। ਕਈ ਵਾਰ ਮੈਨੂੰ ਦਸੰਬਰ ਜਨਵਰੀ ਵਿੱਚ ਵੀ ਅੱਧੀ ਰਾਤ ਨੂੰ ਨਹਾਉਣਾ ਪੈਂਦਾ ਸੀ।

ਉਸਦੀ ਮਾਂ ਨੇ ਘੰਟੇ ਘੰਟੇ ਦੇ ਫ਼ਰਕ ਨਾਲ ਆਪਣੇ ਮੋਬਾਇਲ 'ਤੇ ਅਲਾਰਮ ਵੀ ਲਾਇਆ ਹੋਇਆ ਸੀ- ਏਨਾ ਕੁਝ ਕਰਨ ਵਾਸਤੇ ਉਸਦੀ ਨੀਂਦ ਖਰਾਬ ਹੋਣ ਲੱਗ ਪਈ ਸੀ, ਉਸਦੀ ਸਿਹਤ ਵੀ ਖਰਾਬ ਰਹਿਣ ਲੱਗ ਪਈ ਸੀ।

ਕਿਸੇ ਵੀ ਓਹੜ-ਪੋਹੜ ਨੇ ਕੰਮ ਨਾ ਕੀਤਾ। ਕਈ ਡਾਕਟਰਾਂ ਉਸਦੇ ਸਿਰ ਦੀ ਟੈਸਟਿੰਗ ਵੀ ਕੀਤੀ ਸੀ। ਈਈਜੀ ਦਾ ਟੈਸਟ ਤਿੰਨ ਚਾਰ ਵਾਰ ਕਰਵਾਇਆ, ਪਰ ਗੁੜੀਆ ਦੀ ਸਮੱਸਿਆ ਠੀਕ ਨਹੀਂ ਸੀ ਹੋਈ।

ਹੁਣ ਉਹ ਸਕੂਲ ਜਾਣ ਲੱਗ ਪਈ ਸੀ। ਕਈ ਸਾਲਾਂ ਤੋਂ ਮੈਨੂੰ ਵੀ ਉਸਦਾ ਬਿਸਤਰਾ ਧੋ-ਸੁਕਾਉਣ ਦੀ ਆਦਤ ਹੀ ਹੋ ਗਈ ਸੀ- ਕਈ ਵਾਰ ਮੈਂ ਮਾਨਸਿਕ ਸੰਕਟ ਦਾ ਸ਼ਿਕਾਰ ਹੋ ਜਾਂਦਾ ਕਿਉਂਕਿ ਜਿਸ ਦਿਨ ਉਹ ਬਿਸਤਰਾ ਗਿੱਲਾ ਨਹੀਂ ਸੀ ਕਰਦੀ, ਮੈਂ ਉਸ ਦਿਨ ਵੀ ਉਸਦਾ ਬਿਸਤਰਾ ਧੋ ਲੈਂਦਾ!

ਮੈਂ ਪਾਪਾ ਹੋਣ ਦਾ ਫਰਜ਼ ਅਦਾ ਕਰ ਰਿਹਾ ਸੀ। ਮੇਰੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕਈ ਵਾਰ ਮੇਰੇ ਸ਼੍ਰੀਮਤੀ ਜੀ ਮੈਨੂੰ ਸਰਵਣ ਪਾਪਾ ਦਾ ਖਿਤਾਬ ਦਿੱਤਾ.. ਉਹ ਅਕਸਰ ਕਹਿੰਦੇ...''ਜਿਵੇਂ ਸਰਵਣ ਆਪਣੇ ਮੰਮੀ-ਪਾਪਾ ਦਾ ਖਿਆਲ ਰੱਖਦਾ ਸੀ... ਤੁਸੀਂ ਬਿਲਕੁਲ ਉਸੇ ਤਰ੍ਹਾਂ ਹੀ ਆਪਣੀ ਬੇਟੀ ਦੀ ਸੇਵਾ ਕਰ ਰਹੇ ਹੋ..."।

"...ਤੁਸੀਂ ਤਾਂ ਸਰਵਣ ਪਾਪਾ ਹੋ, ਸਰਵਣ ਪੁੱਤਰ ਤਾਂ ਆਪਾਂ ਦੇਖੇ ਨਹੀਂ, ਸਰਵਣ ਪਾਪਾ ਜ਼ਰੂਰ ਵੇਖ ਲਏ ਤੇ ਸਰਵਣ ਪਤੀ ਵੀ..."!

ਓਧਰ, ਜਦੋਂ ਛੋਟੂ ਉਸ ਨਾਲ ਲੜਦਾ ਤਾਂ ਉਸਨੂੰ 'ਸੂਸੂ ਵਾਲੀ ਗੁੜੀਆ' ਕਹਿ ਕੇ ਬੁਲਾਉਂਦਾ ਤੇ ਓਨੀ ਵਾਰੀ ਹੀ ਉਹ ਮੇਰੇ ਕੋਲੋਂ ਮਾਰ ਤੱਕ ਖਾਂਦਾ।

ਹੁਣ ਗੁੜੀਆ ਦੀ ਉਮਰ ਦਸ-ਬਾਰਾਂ ਸਾਲ ਦੀ ਹੋ ਚੁੱਕੀ ਸੀ ਪਰ ਮਸਲਾ ਜਿਉਂ ਦੀ ਤਿਉਂ ਸੀ। ਸਾਰਾ ਰੋਜ਼ਮੱਰਾ ਦਾ ਕੰਮ ਉਸੇ ਹੀ ਤਰ੍ਹਾਂ ਜਾਰੀ ਸੀ।

ਉਸਦੀ ਦਾਦੀ ਨੇ ਵੀ ਆਪਣੇ ਕਈ ਨੁਸਖੇ ਅਜ਼ਮਾਅ ਕੇ ਵੇਖ ਲਏ ਸਨ... ਦਾਦੀ ਦੀ ਉਮਰ ਵੀ ਉਨਾਸੀ-ਅੱਸੀ ਸਾਲ ਦੀ ਸੀ। ਮੇਰੀ ਮਾਂ ਮੇਰੇ ਤੋਂ ਖ਼ੁਸ਼ ਸੀ। ਮੇਰੀ ਘਰਵਾਲੀ ਤਾਂ ਬਹੁਤ ਹੀ ਖ਼ੁਸ਼ ਸੀ ਕਿਉਂਕਿ ਮੈਂ ਗੁੜੀਆ ਦੇ ਗੰਦੇ ਕੱਪੜੇ ਉਸਨੂੰ ਕਦੀ ਵੀ ਧੋਣ ਨਹੀਂ ਸੀ ਦਿੱਤੇ। ਗੁੜੀਆ ਦਾ ਤਾਂ ਮੈਂ ਸਭ ਤੋਂ ਪਿਆਰਾ ਮਿੱਤਰ ਸਾਂ। ਉਹ ਪੰਜਵੀਂ ਜਮਾਤ ਵਿੱਚ ਪੜ੍ਹਨ ਦੇ ਬਾਵਜੂਦ ਮੈਨੂੰ ਘੋੜਾ ਬਣਾਅ ਕੇ ਮੇਰੇ ਉੱਪਰ ਸਵਾਰੀ ਕਰ ਲੈਂਦੀ ਸੀ। ਹੱਥ ਵਿੱਚ ਟੀਚਰਾਂ ਵਾਂਗ ਸੋਟੀ ਫੜ ਕੇ ਮੇਰੇ ਉੱਪਰ ਹੁਕਮ ਚਲਾਅ ਲੈਂਦੀ ਸੀ, ''ਚੱਲ ਮੇਰੇ ਘੋੜੇ... ਚੱਲ... ਚੱਲ... ਹੌਰਸ ਰਾਇਡਿੰਗ.. ਹੌਰਸ ਰਾਈਡਿੰਗ...''। ਮੈਂ ਵੀ ਘੋੜਾ ਬਣ ਉਸ ਨੂੰ ਸਾਰਾ ਘਰ ਘੁੰਮਾਉਂਦਾ ਸਾਂ... ਜੇ ਘੋੜਾ ਥੱਕ ਜਾਂਦਾ ਤਾਂ ਉਹ ਘੋੜੇ ਨੂੰ ਸੋਟੀਆਂ ਨਾਲ ਕੁੱਟਦੀ... ਘੋੜਾ ਵੀ ਹੱਸ-ਹੱਸ ਸੋਟੀਆਂ ਖਾਈ ਜਾਂਦਾ। ਉਸਦੀ ਮਾਂ ਪਿਆਰ ਭਰਿਆ ਮਿਹਣਾ ਦਿੰਦੀ, ''..ਤੁਸੀਂ ਆਪਣੇ ਘੋੜ ਸਵਾਰ ਨੂੰ ਭੂਏ ਚੜ੍ਹਾਇਆ ਹੋਇਐ...ਧੀਆਂ ਨਾਲ ਬਹੁਤਾ ਮੋਹ ਨਹੀਂ ਪਾਈਦਾ..."। ਉਸਦੀ ਡੋਲੀ ਤੁਰਨ ਦਾ ਦ੍ਰਿਸ਼ ਵੀ ਜਦੋਂ ਮੈਂ ਕਲਪਨਾ ਵਿੱਚ ਲਿਆਉਂਦਾ ਹਾਂ ਤਾਂ ਅੱਖਾਂ ਛਲਕਣ ਲੱਗ ਪੈਂਦੀਆਂ ਹਨ।

ਕੋਈ ਬਾਰਾਂ ਸਾਲ ਬਾਅਦ ਉਸਦੀ ਸਮੱਸਿਆ ਹੱਲ ਹੋ ਗਈ ਸੀ। ਹੁਣ ਮੈਂ ਵੀ ਖ਼ੁਸ਼ ਹਾਂ... ਉਸਦੀ ਮਾਂ ਵੀ ਬਹੁਤ ਖ਼ੁਸ਼ ਸੀ।

ਘਰ ਦੇ ਮਹੌਲ ਵਿੱਚ ਪਰ ਤਨਾਅ ਆ ਗਿਆ ਸੀ ਕਿਉਂਕਿ ਇਸ ਬਿਮਾਰੀ ਨੇ ਜਿੱਥੇ ਮੇਰੀ ਗੁੜੀਆ ਨੂੰ ਛੱਡਿਆ, ਉੱਥੇ ਇਸਨੇ ਮੇਰੀ ਅੱਸੀ-ਬਿਆਸੀ ਸਾਲ ਦੀ ਮਾਂ ਨੂੰ ਫੜ ਲਿਆ ਸੀ!

ਹੁਣ ਮੈਂ ਪਹਿਲੇ ਕੰਮਾਂ ਵਾਂਗ ਆਪਣੀ ਮਾਂ ਦਾ ਬਿਸਤਰਾ ਵੀ ਧੋ ਕੇ ਡਿਟੋਲ ਵਿੱਚੋਂ ਕੱਢਦਾ ਸਾਂ।

ਪਹਿਲਾਂ ਮੈਂ ਆਪਣੀ ਬੇਟੀ ਨਾਲ ਸੌਂਦਾ ਸੀ, ਹੁਣ ਮੈਂ ਆਪਣੀ ਮਾਂ ਦੇ ਬੈੱਡ ਤੇ ਮਾਂ ਨਾਲ ਹੀ ਸੌਂਦਾ ਹਾਂ। ਬਾਥਰੂਮ ਸੌਣ ਵਾਲੇ ਕਮਰੇ ਦੇ ਨਾਲ ਹੀ ਸੀ। ਮੈਂ ਮਾਂ ਨੂੰ ਇੱਕ ਦੋ ਵਾਰੀ ਪੇਸ਼ਾਬ ਕਰਾਉਣ ਲਈ ਉਠਾਅ ਲੈਂਦਾ ਸਾਂ। ਮਾਂ ਨੇ ਸਵੇਰੇ ਚਾਰ ਵਜੇ ਨਹਾਅ ਕੇ ਪਾਠ ਕਰਨਾ ਹੁੰਦਾ ਤੇ ਕਈ ਵਾਰੀ ਮਾਂ ਦਾ ਪਾਠ ਕਰਦਿਆਂ ਵੀ ਪਿਸ਼ਾਬ ਨਿਕਲ ਜਾਂਦਾ।

ਮੇਰੀ ਮਾਂ ਮੇਰੀਆਂ ਸੇਵਾਵਾਂ ਤੋਂ ਖ਼ੁਸ਼ ਸੀ। ਉਹ ਸੌਣ ਲੱਗਿਆਂ ਮੈਨੂੰ ਅਕਸਰ ਕਹਿੰਦੀ, "... ਵੇ ਪੁੱਤ, ਜਾ ਜਾ ਕੇ ਆਪਣੇ ਟੱਬਰ ਨਾਲ ਸੌਂ... ਮੇਰਾ ਕੀ ਹੈ, ਮੈਂ ਤਾਂ ਹੁਣ ਬੁੱਢੀ ਠੇਰੀ ਆਂ, ਮੈਂ ਕਿਹੜੀਆਂ ਮੱਝਾਂ ਚੋਣੀਆਂ ਨੇ...'' ਬੀਜੀ ਮੈਨੂੰ ਪੂਰਾ ਜ਼ੋਰ ਲਾ ਕੇ ਇਹ ਆਖਦੇ ਕਿ ਤੂੰ ਆਪਣੇ ਬੱਚਿਆਂ ਵਾਲੇ ਕਮਰੇ ਵਿੱਚ ਜਾ ਕੇ ਸੌਂ ਪਰ ਮੈਂ ਮਾਂ ਦੀ ਸੇਵਾ ਕਰਨ ਲਈ ਬਜ਼ਿਦ ਸੀ।

"...ਬੀਜੀ ਕਾਹਦੇ ਬਿਮਾਰ ਨੇ... ਤੁਸੀਂ ਤਾਂ ਸਾਡਾ ਕਮਰਾ ਹੀ ਛੱਡ ਦਿੱਤਾ!!! ਹੱਦ ਹੋ ਗਈ ਤੁਹਾਡੀ!!! ਬੱਚੇ ਵੀ ਤੁਹਾਨੂੰ ਮਿਸ ਕਰਦੇ ਨੇ... ਤੁਸੀਂ ਬੀਜੀ ਵਾਸਤੇ ਕੋਈ ਕੇਅਰ ਟੇਕਰ ਰੱਖ ਲਓ... ਪੈਸੇ ਮੈਂ ਆਪਣੀ ਤਨਖਾਹ 'ਚੋਂ ਦੇ ਦਿਆਂਗੀ...," ਸਤਿਕਾਰਯੋਗ ਧਰਮ ਪਤਨੀ ਜੀ ਨੇ ਆਪਣਾ ਹੁਕਮ ਸੁਣਾਅ ਦਿੱਤਾ ਸੀ।

ਸ਼੍ਰੀਮਤੀ ਜੀ ਨੂੰ ਵੀ ਸਰਕਾਰੀ ਨੌਕਰੀ ਦਾ ਮਾਣ ਜਾਂ ਸ਼ਾਇਦ ਹੰਕਾਰ ਸੀ। ਜਦੋਂ ਮੈਂ ਇਹ ਕਿਹਾ ਕਿ ਗੁੜੀਆ ਲਈ ਤਾਂ ਕੋਈ ਕੇਅਰ ਟੇਕਰ ਨਹੀਂ ਸੀ ਰੱਖਿਆ, ਤਾਂ ਜਨਾਬ ਨੇ ਤਿੰਨ ਚਾਰ ਦਿਨਾਂ ਲਈ ਮੂੰਹ ਸੁਜਾਅ ਲਿਆ ਸੀ।

"...ਤੂੰ ਬੁੱਢੀ ਵਾਸਤੇ ਕੋਈ ਨੌਕਰਾਣੀ ਰੱਖ ਲੈ... ਉਸਦੇ ਗੰਦ-ਮੰਦ ਨੂੰ ਹੱਥ ਲਾਉਣ ਦੀ ਕੋਈ ਲੋੜ ਨਹੀਂ... ਉਸਦਾ ਗੰਦਾ ਬਿਸਤਰਾ ਧੋਣ ਦੀ ਕੋਈ ਲੋੜ ਨਹੀਂ... ਇਸ ਉਮਰ ਵਿੱਚ ਵੀ ਆਪਣੀਆਂ ਮਰਜ਼ੀਆਂ ਕਰਦੀ ਹੈ... ਡਾਇਪਰ ਵੀ ਨਹੀਂ ਲਾਉਣ ਦਿੰਦੀ...ਸਾਡੇ ਮਾਪਿਆਂ ਸਾਨੂੰ ਪੜ੍ਹਾਇਆ-ਲਿਖਾਇਆ.. ਸਰਕਾਰੀ ਨੌਕਰੀਆਂ 'ਤੇ ਲਵਾਇਆ... ਅਸੀਂ ਇਨ੍ਹਾਂ ਕੰਮਾਂ ਲਈ ਨਹੀਂ ਬਣੀਆਂ ਹੋਈਆਂ..."- ਮੇਰੇ ਸਤਿਕਾਰਯੋਗ ਸਾਲੀ ਸਾਹਿਬਾ ਵੱਲੋਂ ਫ਼ੋਨ ਉੱਪਰ ਇਹ ਪ੍ਰਵਚਨ ਸੁਣਾਇਆ ਜਾ ਰਿਹਾ ਸੀ।

ਮੁੱਕਦੀ ਗੱਲ, ਸ਼੍ਰੀਮਤੀ ਜੀ ਜੋ ਮੈਨੂੰ ਸਰਵਣ ਪਾਪਾ ਦਾ ਖਿਤਾਬ ਤਾਂ ਹਿੱਕ ਤਾਣ ਕੇ ਦਿੰਦੇ ਸੀ... ਸਰਵਣ ਪਤੀ ਵੀ ਕਹਿੰਦੇ ਸੀ... ਹੁਣ ਜਦੋਂ ਮੇਰੀ ਸਰਵਣ ਪੁੱਤਰ ਬਣਨ ਦੀ ਵਾਰੀ ਆਈ ਸੀ ਤਾਂ ਉਹ ਮੈਨੂੰ ਸਰਵਣ ਪੁੱਤਰ ਬਣਨ ਤੋਂ ਹਰ ਹੀਲੇ ਰੋਕ ਰਹੇ ਸਨ।

ਮੈਂ ਹਾਂ ਹੱਕੀ ਹਿੰਦੋਸਤਾਨ ਦੀ

ਮੈਂ ਹਾਂ ਹੱਕੀ ਹਿੰਦੋਸਤਾਨ ਦੀ,
ਮੇਰਾ ਵਿਰਸਾ ਬੜਾ ਮਹਾਨ।
ਮੇਰੇ ਸੁਨਹਿਰੀ ਯੁੱਗ ਦੇ ਸੱਚ ਨੂੰ,
ਜਾਣੇ ਕੁੱਲ ਜਹਾਨ।
ਮੈਂ ਅੱਠ ਉਲੰਪਿਕ ਜਿੱਤ ਕੇ,
ਕੀਤੀ ਦੇਸ਼ ਦੀ ਉੱਚੀ ਸ਼ਾਨ।
ਮੇਰੇ ਲਾਸਾਨੀ ਅੰਦਾਜ਼ ਨੇ,
ਦਿੱਤਾ ਕੌਮੀ ਖੇਡ ਦਾ ਮਾਣ।
ਮੈਂ ਬਲਿਹਾਰੇ ਜਾਵਾਂ ਉਨ੍ਹਾਂ ਤੋਂ,
ਜਿਨ੍ਹਾਂ ਛੱਡੇ ਦੁਨੀਆ ਵਿੱਚ ਨਿਸ਼ਾਨ।
"ਜੈਪਾਲ", "ਬੁਖਾਰੀ", "ਧਿਆਨ ਚੰਦ",
ਮੇਰੀਆਂ ਟੀਮਾਂ ਦੇ ਕਪਤਾਨ।
ਮੇਰੇ ਕਿਸ਼ਨ, "ਬਾਬੂ", "ਬਲਬੀਰ" ਨੇ,
ਸਾਂਭੀ ਦੇਸ਼ ਦੀ ਆਣ ਕਮਾਨ।
ਇਨ੍ਹਾਂ ਮੈਡਲ ਜਿੱਤੇ ਸੋਨੇ ਦੇ,
ਕੀਤਾ ਦੁਨੀਆ ਨੂੰ ਹੈਰਾਨ।
ਚਮਕਿਆ "ਚਰਨਜੀਤ ਸਿੰਘ ਡੋਗਰਾ",
ਬਣ ਕੇ ਭਾਰਤ ਦਾ ਕਪਤਾਨ।
ਉਸ 1964 ਉਲੰਪਿਕ ਖੇਡ ਕੇ,
ਜਿੱਤਿਆ ਸੋਨੇ ਵਿਚ ਇਨਾਮ।
1980 ਉਲੰਪਿਕ ਆਉਣ 'ਤੇ,
ਬਣਿਆ "ਭਾਸਕਰਨ" ਕਪਤਾਨ।
ਉਸ ਅੱਠਵਾਂ ਗੋਲਡ ਜਿੱਤ ਕੇ,
ਧੁੰਮਾਂ ਪਾਈਆਂ ਵਿਚ ਜਹਾਨ।
ਇਸ ਵਿਰਸੇ ਨੂੰ ਨਾ ਭੁੱਲ ਜਾਇਓ,
ਖਿਡਾਰੀਓ, ਜਾ ਕੇ ਵਿਚ ਮੈਦਾਨ।
ਤੁਸੀਂ ਜ਼ਿੰਦਾਦਿਲੀ ਨਾਲ ਖੇਡਿਓ,
ਲੈ ਕੇ ਖ਼ੁਦਾ ਦਾ ਨਾਮ।
ਲਿਆਵੋ "ਨੌਵਾਂ ਗੋਲਡ" ਜਿੱਤ ਕੇ,
ਮੇਰੇ ਪੂਰੇ ਕਰੋ ਅਰਮਾਨ।
ਮੈਂ ਹਾਂ ਹੱਕੀ ਹਿੰਦੋਸਤਾਨ ਦੀ,
ਮੇਰਾ ਵਿਰਸਾ ਬੜਾ ਮਹਾਨ।

ਇਕਬਾਲ ਸਿੰਘ ਸਰੋਆ,
8 /11/ 2025 ਮੋਹਾਲੀ 99140 22101

ਭਾਰਤੀ ਹੱਕੀ ਦੇ 100 ਸਾਲ!!

ਮੇਜਰ ਧਿਆਨ ਚੰਦ
ਜਨਮ: (ਪ੍ਰਯਾਗਰਾਜ)
29 ਅਗਸਤ 1905 –
3 ਦਸੰਬਰ 1979)

7 ਨਵੰਬਰ , 2025 ਨੂੰ ਭਾਰਤ ਦੀ ਹਾਕੀ ਦੇ 100 ਸਾਲ ਹੋਣ ਦਾ ਜਸ਼ਨ ਮਨਾਇਆ ਗਿਆ ਹੈ। 1925 ਨੂੰ ਇਸੇ ਦਿਨ ਭਾਰਤੀ ਹੱਕੀ ਫ਼ੈਡਰੇਸ਼ਨ ਕਾਇਮ ਹੋਈ ਸੀ। ਨਵੀਂ ਦਿੱਲੀ ਵਿਚ ਹੱਕੀ ਹੀਰੋ ਦੇ ਨਾਂ 'ਤੇ ਬਣੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਜਸ਼ਨ ਨੂੰ ਪ੍ਰਮੁੱਖ ਤੌਰ 'ਤੇ ਮਨਾਇਆ ਗਿਆ। ਸਾਰੇ ਦੇਸ਼ ਵਿਚ 550 ਜ਼ਿਲ੍ਹਿਆਂ ਵਿਚ 36000 ਖਿਡਾਰੀਆਂ ਵੱਲੋਂ 1400 ਤੋਂ ਵੱਧ ਹੱਕੀ ਦੇ ਮੈਚ ਨਾਲੋ ਨਾਲ ਖੇਡੇ ਗਏ।
ਪਿਛਲੀਆਂ ਮਹਾਨ ਹੱਕੀ ਹਸਤੀਆਂ ਦੀ ਇੱਜ਼ਤ ਵਿਚ ਪ੍ਰੋਗ੍ਰਾਮ ਹੋਏ ਅਤੇ ਇਸ ਖੇਡ ਦੇ ਭਵਿੱਖ ਲਈ ਮੁੜ ਵਚਨਬੱਧਤਾ ਕੀਤੀ ਗਈ।
1850ਵਿਆਂ ਵਿਚ ਅੰਗ੍ਰੇਜ਼ ਰਾਜ ਵੇਲੇ ਹੱਕੀ ਭਾਰਤ ਆਈ ਸੀ। ਇਹ ਖੇਡ ਬਹੁਤ ਛੇਤੀ ਹਰਮਨਪਿਆਰੀ ਹੁੰਦੀ ਗਈ। ਬੇਟਨ ਕੱਪ ਅਤੇ ਆਗ਼ਾ ਖ਼ਾਨ ਦੀਆਂ ਘਰੋਗੀ ਟੂਰਨਾਮੈਂਟਾਂ ਨੇ ਹੋਰ ਮਸ਼ਹੂਰ ਕੀਤਾ।
ਭਾਰਤ ਪਹਿਲਾ ਗ਼ੈਰ-ਯੂਰਪੀ ਦੇਸ਼ ਸੀ ਜੋ ਇੰਟਰਨੈਸ਼ਨਲ ਹੱਕੀ ਫ਼ੈਡਰੇਸ਼ਨ ਨਾਲ ਜੁੜਿਆ। ਪਹਿਲਾ ਅੰਤਰਰਾਸ਼ਟਰੀ ਟੂਅਰ ਨਿਊ ਜ਼ੀਲੈਂਡ ਦਾ 1926 ਵਿੱਚ ਹੋਇਆ ਸੀ, ਜਿੱਥੇ ਵੱਡੀ ਸਫ਼ਲਤਾ ਮਿਲੀ ਸੀ ਅਤੇ ਇੱਕ ਨੌਜਵਾਨ ਖਿਡਾਰੀ, ਧਿਆਨ ਚੰਦ, ਵੱਲ ਦੁਨੀਆ ਦਾ ਧਿਆਨ ਹੋਇਆ ਸੀ।

1928 ਤੋਂ ਲੈ ਕੇ ਹੁਣ ਤੱਕ ਦੇ ਉਹ 8 ਕਪਤਾਨ ਜਿਨ੍ਹਾਂ 8 ਗੋਲਡ ਮੈਡਲ ਜਿੱਤੇ ਹਨ–

ਜੈਪਾਲ ਸਿੰਘ *(ਭਾਰਤ ਦੇ ਪਹਿਲੇ ਉਲੰਪਿਕ ਹਾਕੀ ਕਪਤਾਨ, 1928)*
ਲਾਲ ਸ਼ਾਹ ਬੁਖ਼ਾਰੀ *(ਭਾਰਤ ਦੇ 1932 ਦੇ ਕਪਤਾਨ)*
ਧਿਆਨ ਚੰਦ *(ਭਾਰਤ ਦੇ 1936 ਦੇ ਕਪਤਾਨ)*
ਕਿਸ਼ਨ ਲਾਲ *(ਭਾਰਤ ਦੇ 1948 ਦੇ ਕਪਤਾਨ)*
ਕੇ ਡੀ ਸਿੰਘ 'ਬਾਬੂ' *(ਭਾਰਤ ਦੇ 1952 ਦੇ ਕਪਤਾਨ)*
ਬਲਬੀਰ ਸਿੰਘ ਸੀਨੀਅਰ *(ਭਾਰਤ ਦੇ 1956 ਦੇ ਕਪਤਾਨ)*
ਚਰਨਜੀਤ ਸਿੰਘ *(ਭਾਰਤ ਦੇ 1964 ਦੇ ਕਪਤਾਨ)*
ਵੀ. ਭਾਸਕਰਨ *(ਭਾਰਤ ਦੇ 1980 ਦੇ ਕਪਤਾਨ)*

ਬਲੋਚਿਸਤਾਨ ਦੀਆਂ ਛੇ ਯਾਦਾਂ

ਗੁਰਬਖ਼ਸ਼ ਸਿੰਘ

1927 - (ਦੋਹਾਦ ਤੋਂ ਬਲੋਚਿਸਤਾਨ ਜਾਣਾ- ਸੰ.)

ਦੋਹਾਦ ਵਿਚ ਕੰਮਾਂ ਦੀ ਗਹਿਮਾ-ਗਹਿਮ ਹੀ ਨਹੀਂ ਮਾਰੋ-ਮਾਰ ਸੀ। ਪੜ੍ਹਾਈ ਲਈ ਕੋਈ ਸਮਾਂ ਮੈਨੂੰ ਮਿਲਦਾ ਨਹੀਂ ਸੀ। ਆਲੇ-ਦੁਆਲੇ ਦੇ ਜਿਨ੍ਹਾਂ ਲੋਕਾਂ ਨਾਲ ਮੇਰਾ ਬਹੁਤਾ ਵਾਹ ਪੈਂਦਾ ਸੀ, ਉਹਨਾਂ ਦੀ ਖੁਸ਼ੀ ਮੈਂ ਲੈ ਨਾ ਸਕਿਆ। ਬਹੁਤਾ ਵਾਹ ਮੇਰਾ ਪੈਂਦਾ ਸੀ ਠੇਕੇਦਾਰਾਂ, ਮੇਟਾਂ, ਮਿਸਤਰੀਆਂ, ਓਵਰਸੀਅਰਾਂ ਤੇ ਕਲਰਕਾਂ ਨਾਲ, ਜਾਂ ਥੋੜਾ ਸਾਥੀ ਇੰਜੀਨੀਅਰਾਂ ਨਾਲ ਜਿਨ੍ਹਾਂ 'ਚੋਂ ਬਹੁਤੇ ਅੰਗਰੇਜ਼ ਸਨ। ਪਤਾ ਨਹੀਂ ਮੁਖੀ ਇੰਜੀਨੀਅਰ ਨੇ ਭੱਠਿਆਂ ਦਾ, ਬੰਗਲਿਆਂ ਦੀ ਉਸਾਰੀ ਦਾ, ਪਾਣੀ ਦਾ ਸਾਰਾ ਕੰਮ ਮੈਨੂੰ ਕਿਉਂ ਸੌਂਪ ਦਿੱਤਾ ਸੀ। ਮੈਨੂੰ ਇਹ ਆਪਣੇ ਨਾਲ ਜ਼ਿਆਦਤੀ ਪਰ ਦੂਜਿਆਂ ਨੂੰ ਇਹ ਮੁਖੀ ਇੰਜੀਨੀਅਰ ਦੀ ਮੇਰੇ ਉਤੇ ਸਵੱਲੀ ਨਜ਼ਰ ਜਾਪਦੀ ਸੀ। ਪਰ ਮੇਰੇ ਨਾਲੋਂ ਵਧੇਰੇ ਤਜਰਬੇ ਵਾਲੇ ਇੱਕ ਇੰਜੀਨੀਅਰ ਨੂੰ ਉਨ੍ਹਾਂ ਆਪਣਾ ਖ਼ਾਸ ਸਹਾਇਕ ਲਾਇਆ ਹੋਇਆ ਸੀ। ਇਹ ਸੱਜਣ ਓਵਰਸੀਅਰ ਤੋਂ ਤਰੱਕੀ ਕਰਨ ਕਰਕੇ ਬੜੇ ਤਜਰਬੇਕਾਰ ਸਨ। ਇਨ੍ਹਾਂ ਦੀ ਇੱਛਾ ਦਫ਼ਤਰ ਦੀ ਥਾਂ ਉਸਾਰੀ ਦੇ ਕੰਮਾਂ ਉਤੇ ਲੱਗਣ ਦੀ ਸੀ। ਏਸ ਲਈ ਮੇਰੇ ਨਾਲ ਇਹ ਖ਼ਾਮੋਸ਼ ਜਿਹੀ ਈਰਖਾ ਆਪਣੀ ਲੁਕਾ ਕੇ ਨਹੀਂ ਸਨ ਰਖਦੇ। ਜਦੋਂ ਕਦੇ ਮਿਲਦੇ, ਕੋਈ ਟਕੋਰ ਕਰ ਜਾਂਦੇ, "ਕਿੱਥੋਂ ਆਏ ਹੋ?"

"ਭੱਠੇ ਦੀਆਂ ਇੱਟਾਂ ਪਾਸ ਕਰ ਕੇ ਆਇਆਂ।"

"ਉਹਦੇ ਵਿਚੋਂ ਕਿੰਨੀਆਂ ਇੱਟਾਂ ਸੋਨੇ ਦੀਆਂ ਨਿਕਲੀਆਂ?" ਉਹ ਅੱਖ ਭੰਗਾ ਕੇ ਪੁੱਛਦੇ।

ਮੈਨੂੰ ਸਮਝ ਆਉਂਦੀ ਨਾ ਵੇਖ ਕੇ ਉਹ ਮੇਰੇ ਕੰਨ ਦੀ ਪਾਪੜੀ ਉਤੇ ਤਿਲ ਵਲ ਇਸ਼ਾਰਾ ਕਰ ਕੇ ਆਖਦੇ, "ਏਸ ਤਿਲ ਵਾਲੇ ਨੂੰ ਸੋਨੇ ਦੀ ਇੱਕ ਇੱਟ ਰੋਜ਼ਾਨਾ ਮਿਲਣੀ ਹੁੰਦੀ ਹੈ!"

ਮੇਰੇ ਮਿੱਤਰ ਪਲੇਟੀਅਰ ਨੇ ਦਿਆਨਤਦਾਰ ਅਫ਼ਸਰਾਂ ਦੀ ਫੋਕੀ ਆਕੜ ਤੋਂ ਮੈਨੂੰ ਸੁਚੇਤ ਕਰ ਦਿਤਾ ਸੀ। ਮਤੇ ਮੇਰਾ ਰਵੱਈਆ ਵੀ ਵਿਖਾਲਾ ਸਮਝਿਆ ਜਾਏ, ਮੈਂ ਠੇਕੇਦਾਰਾਂ ਦੀਆਂ ਅਨੇਕਾਂ ਛੋਟੀਆਂ ਮੋਟੀਆਂ ਤਰੁਟੀਆਂ ਅੱਖ ਪਰੋਖੇ ਕਰ ਛੱਡਦਾ ਸਾਂ, ਕੰਮਾਂ ਦੇ ਨਾਪ ਕਰਨ ਲੱਗਿਆਂ ਵੀ ਦਿਲ ਚੌੜਾ ਰੱਖਦਾ ਸਾਂ, ਰਿਆਇਤਾਂ ਦੇਣ ਵਿਚ ਵੀ ਸੰਕੋਚ ਨਹੀਂ ਸਾਂ ਵਰਤਦਾ, ਬੋਲਦਾ ਵੀ ਨਰਮ ਸਾਂ, ਤਾਂ ਵੀ ਮੈਂ ਉਨ੍ਹਾਂ ਦਾ ਚਾਹਤਾ ਇੰਜੀਨੀਅਰ ਨਹੀਂ ਸਾਂ ਬਣ ਸਕਿਆ। ਕਈ ਅਣਕੀਤੇ ਕੰਮ ਵੀ ਠੇਕੇਦਾਰ ਨਪਵਾਣਾ ਮੰਗਦੇ ਹਨ। ਇਹ "ਝੂਠੋ-ਝੂਠ-ਚੁਤਾਲ-ਸੌ" ਕੰਮ ਹੁੰਦੇ ਹਨ। ਰੋੜੀ ਦੀ ਇੱਕ ਢੀਮ ਕਿਧਰੇ ਪਈ ਨਹੀਂ, ਸੀਮੈਂਟ ਦਾ ਇੱਕ ਥੈਲਾ ਕਿਧਰੇ ਲੱਗਾ ਨਹੀਂ। ਪਰ ਹੜ੍ਹ ਆਇਆਂ ਸੈਂਕੜੇ ਥੈਲਿਆਂ ਤੇ ਹਜ਼ਾਰਾਂ ਘਣ ਫੁਟ ਰੋੜੀ ਦਾ ਕੰਮ ਰੁੜ੍ਹ ਗਿਆ। ਇਹਦੇ ਵਿਚ ਅੱਧ ਠੇਕੇਦਾਰਾਂ ਦਾ ਤੇ ਅੱਧ ਪਾਸ ਕਰਨ ਵਾਲੇ ਦਾ। ਮੇਰੇ ਹੁੰਦਿਆਂ ਠੇਕੇਦਾਰ ਸਮਝ ਰਹੇ ਸਨ ਕਿ ਆਪਣੀ ਬਰਕਤਾਂ ਵਾਲੀ ਮੱਦ ਤੋਂ ਉਹ ਵਾਂਝੇ ਰਖੇ ਜਾ ਰਹੇ ਸਨ।

ਅੰਗਰੇਜ਼ ਅਫ਼ਸਰ ਹੱਸ-ਦੰਦਾਂ ਦੀ ਪ੍ਰੀਤ ਤਾਂ ਠੀਕ ਮੇਰੇ ਨਾਲ ਰਖਦੇ ਸਨ, ਪਰ ਦੋਸਤੀ ਦੀ ਮੇਰੀ ਭੁੱਖ ਕਿਸੇ ਲਾਹੀ ਨਾ। ਇੱਕ ਦੋ ਪਾਰਸੀ ਸੇਠਾਂ ਨੇ ਇੱਕ ਅੱਧ ਵਾਰੀ ਮੈਨੂੰ ਬੁਲਾਇਆ, ਪਰ ਮਾਸ ਸ਼ਰਾਬ ਵੱਲੋਂ ਮੈਨੂੰ ਬੇ-ਬਰਕਤਾ ਜਿਹਾ ਵੇਖ ਕੇ ਉਹਨਾਂ ਵੀ ਬਹੁਤਾ ਮੂੰਹ ਨਾ ਲਾਇਆ।

ਦੋ ਵਰ੍ਹੇ ਮੈਂ ਬੜਾ ਕੰਮ ਕੀਤਾ, ਪਰ ਮੇਰਾ ਦਿਲ ਓਥੇ ਚੰਗੀ ਤਰ੍ਹਾਂ ਲੱਗਾ ਨਾ। ਅੰਦਰਲਾ ਖੇੜਾ ਦਿਨੋ ਦਿਨ ਘਟਦਾ ਗਿਆ, ਬਾਹਰੋਂ ਕੁਝ ਪੈਂਦਾ ਜਾਪਿਆ ਨਾ। ਦੋ ਮਹੀਨੇ ਕਸ਼ਮੀਰ ਜਾ ਕੇ ਰੂਹ ਤਾਜ਼ਾ ਕਰਨ ਦੀ ਤਜਵੀਜ਼ ਬਣਾਈ, ਮੇਰੀ ਛੁੱਟੀ ਵੀ ਮੇਰੇ ਮੁਖੀ ਇੰਜੀਨੀਅਰ ਨੇ ਮਨਜ਼ੂਰ ਕਰ ਲਈ। ਪਾਸ ਬਣ ਕੇ ਆਉਣ ਵਾਲੇ ਹੀ ਸਨ ਕਿ ਅਚਾਨਕ ਲਾਹੌਰੋਂ ਐਨ.ਡਬਲਯੂ. ਆਰ ਦੇ ਮੁਖੀ ਇੰਜੀਨੀਅਰ ਦੀ ਚਿੱਠੀ ਆ ਗਈ। ਉਨ੍ਹਾਂ ਨੇ ਵੀ ਉਸਾਰੀ ਦਾ ਕੰਮ ਵੱਡੇ ਪੈਮਾਨੇ ਉਤੇ ਸ਼ੁਰੂ ਕਰਨਾ ਸੀ। ਉਹ ਚਾਹੁੰਦੇ ਸਨ ਕਿ ਆਪਣੇ ਪੁਰਾਣੇ ਇੰਜੀਨੀਅਰਾਂ ਨੂੰ ਉਹ ਉਸਾਰੀ ਉਤੇ ਘਲਣ ਤੇ ਨਵਿਆਂ ਨੂੰ ਚਾਲੂ ਲਾਈਨ ਉਤੇ ਲੈ ਲੈਣ। ਆਪਣੀ ਫ਼ਾਈਲ ਵਿਚੋਂ ਮੇਰੇ ਸੰਬੰਧੀ ਐਲਨ ਸਾਹਿਬ ਦੀ ਚਿੱਠੀ ਉਨ੍ਹਾਂ ਨੂੰ ਮਿਲ ਗਈ। ਮੈਨੂ ਇੰਟਰਵਿਊ ਲਈ ਉਨ੍ਹਾਂ ਲਾਹੌਰ ਬੁਲਾਇਆ , ਉਨ੍ਹਾਂ ਮੈਨੂੰ ਚੁਣ ਲਿਆ। ਪਰ ਮੈਨੂੰ ਸਲਾਹ ਦੇਣ ਵਾਲੇ ਕਹਿੰਦੇ ਸਨ ਕਿ ਜਿਸ ਕੰਮ ਉਤੇ ਮੈਂ ਲੱਗਾ ਸਾਂ ਉਹ ਬੜੀ ਤਰੱਕੀ ਤੇ ਆਮਦਨੀ ਵਾਲਾ ਸੀ। ਚਾਲੂ ਲਾਈਨ ਉਤੇ ਇੰਜੀਨੀਅਰੀ ਤਾਂ ਨਿਰੀ ਗੱਦੀ-ਨਸ਼ੀਨੀ ਹੀ ਹੁੰਦੀ ਹੈ।

ਆਪਣੇ ਮੁਖੀ ਇੰਜੀਨੀਅਰ ਨਾਲ ਮੈਂ ਗੱਲ ਕੀਤੀ। ਉਨ੍ਹਾਂ ਨੇ ਮੇਰੇ ਚਲੇ ਜਾਣ ਦੇ ਖਿਲਾਫ਼ ਕਈ ਦਲੀਲਾਂ ਦਿੱਤੀਆਂ। ਮੇਰਾ ਇਹ ਖ਼ਿਆਲ ਨਹੀਂ ਸੀ ਕਿ ਉਹ ਮੇਰੇ ਲਈ ਕੋਈ ਚੰਗੀ ਰਾਏ ਰੱਖਦੇ ਹੋਣਗੇ। ਇੱਕ ਵਾਰੀ ਆਪਣਾ ਬੰਗਲਾ ਸਜਾਣ ਵਿਚ ਉਨ੍ਹਾਂ ਮੇਰੀ ਮਦਦ ਮੰਗੀ ਸੀ। ਉਹ ਖ਼ਬਤ ਦੀ ਹੱਦ ਤੱਕ ਪਹੁੰਚੇ ਸਫ਼ਾਈ-ਪਸੰਦ ਆਦਮੀ ਸਨ। ਜਦੋਂ ਉਨ੍ਹਾਂ ਦਾ ਬੰਗਲਾ ਤਿਆਰ ਹੋ ਗਿਆ ਤਾਂ ਉਹ ਮੈਲੇ ਹੱਥਾਂ ਪੈਰਾਂ ਵਾਲੇ ਕਿਸੇ ਮਜ਼ਦੂਰ ਨੂੰ ਅੰਦਰ ਨਹੀਂ ਵਾੜਨਾ ਚਾਹੁੰਦੇ। ਸਾਰਾ ਫ਼ਰਨੀਚਰ ਉਨ੍ਹਾਂ ਆਪਣੀ ਪਤਨੀ, ਆਪਣੇ ਬਹਿਰੇ ਤੇ ਮੇਰੀ ਮਦਦ ਨਾਲ ਕਮਰਿਆਂ ਵਿਚ ਟਿਕਾਇਆ। ਇੱਕ ਪਲੰਘ ਜਿਸ ਪਾਸੇ ਉਨ੍ਹਾਂ ਰਖਾਇਆ, ਮੈਂ ਦੂਜੇ ਪਾਸੇ ਰਖਾਣ ਦਾ ਸੁਝਾਓ ਉਨ੍ਹਾਂ ਨੂੰ ਦਿੱਤਾ, ਮੇਰਾ ਸੁਝਾਓ ਉਨ੍ਹਾਂ ਨੂੰ ਪਸੰਦ ਆ ਗਿਆ । ਤੇ ਇੱਕ ਪਾਸਾ

ਬਲੋਚਿਸਤਾਨ ਦੀਆਂ ਛੇ ਯਾਦਾਂ

1927 -

ਮੈਨੂੰ ਫੜਾ ਕੇ ਉਨ੍ਹਾਂ ਪਲੰਘ ਦੂਜੀ ਕੰਧ ਨਾਲ ਜਾ ਰੱਖਿਆ। ਪਰ ਉਨ੍ਹਾਂ ਵਾਲੇ ਪਾਸੇ ਪਲੰਘ ਦੀ ਇੱਕ ਨੁੱਕਰ ਕੰਧ ਨੂੰ ਜਾ ਲੱਗੀ ਤੇ ਪਲਸਤਰ ਦਾ ਖੜੋਪਾ ਲਹਿ ਗਿਆ। ਉਹ ਰੋਣ-ਹਾਕੇ ਹੋ ਗਏ, "ਓ ਹੁਣ ਫੇਰ ਉਹ ਜਹਨਮੀ ਰਾਜ ਏਸ ਕਮਰੇ ਵਿਚ ਆਵੇਗਾ - ਚੰਗਾ ਭਲਾ ਓਸ ਕੰਧ ਨਾਲ ਪਲੰਘ ਪਿਆ ਸੀ, ਤੁਸਾਂ ਕਿਉਂ ਪੁੱਠੀ ਸਲਾਹ ਦੇ ਦਿੱਤੀ- ਓਹ- ਓਹ-!"
ਮੈਂ ਸ਼ਰਮਿੰਦਾ ਹੋ ਗਿਆ ਉਨ੍ਹਾਂ ਦੀ ਬੇ-ਵਸੀ ਦੇ ਏਸ ਇਜ਼ਹਾਰ ਉਤੇ, ਪਰ ਅੰਦਰੇ ਅੰਦਰ ਮੈਨੂੰ ਉਨ੍ਹਾਂ ਦੀ ਬੇ-ਦਲੀਲ ਨਾਰਾਜ਼ਗੀ ਉਤੇ ਹਾਸਾ ਆ ਰਿਹਾ ਸੀ। ਸਜਾਵਟ ਦਾ ਕੰਮ ਇਕਦਮ ਠੱਪ ਹੋ ਗਿਆ, "ਪਹਿਲਾਂ ਮੁਰੰਮਤ ਦਾ ਚੰਦਰਾ ਕੰਮ ਮੁੱਕ ਲਵੇ।"
ਜੇ ਮੇਰੇ ਮੁਖੀ ਇੰਜੀਨੀਅਰ ਨੇ ਮੈਨੂੰ ਪਹਿਲਾਂ ਕਿਤੇ ਦੱਸਿਆ ਹੁੰਦਾ ਜੀਕਰ ਉਨ੍ਹਾਂ ਹੁਣ ਦੱਸਿਆ, ਕਿ ਮੈਨੂੰ ਬਹੁਤਾ ਤੇ ਰੁਪਈਆਂ ਦੀ ਬਹੁਤੀ ਅਦਾਇਗੀ ਵਾਲਾ ਕੰਮ ਮੇਰੇ ਬਾਰੇ ਉਨ੍ਹਾਂ ਦੀ ਚੰਗੀ ਰਾਏ ਕਰਕੇ ਦਿੱਤਾ ਗਿਆ ਸੀ- ਤਾਂ ਮੈਂ ਕਦੇ ਜਾਣ ਦਾ ਖ਼ਿਆਲ ਨਾ ਕਰਦਾ। ਪਰ ਹੁਣ ਮੈਂ ਫ਼ੈਸਲਾ ਕਰ ਚੁੱਕਾ ਸਾਂ। ਮੁਖੀ ਇੰਜੀਨੀਅਰ ਨਰਾਜ਼ ਹੋ ਗਏ। ਉਨ੍ਹਾਂ ਆਖ ਦਿੱਤਾ, ਮੇਰੀ ਮਨਜ਼ੂਰ ਹੋਈ ਛੁੱਟੀ ਮਨਸੂਖ ਹੋ ਜਾਏਗੀ। ਹਾਲਾਂ ਕਿ ਇੱਕ ਅੰਗਰੇਜ਼ ਕਾਰਜ ਸਾਧਕ ਇੰਜੀਨੀਅਰ ਨੂੰ ਕਿਸੇ ਹੋਰ ਥਾਂ ਚੰਗੇਰੀ ਨੌਕਰੀ ਮਿਲਣ ਉਤੇ ਵੀ ਦੋ ਮਹੀਨੇ ਦੀ ਛੁੱਟੀ ਦੇ ਦਿੱਤੀ ਗਈ ਸੀ। ਛੁੱਟੀ ਕੱਟ ਕੇ ਆਉਣ ਤੋਂ ਦੋ ਹਫ਼ਤਿਆਂ ਬਾਅਦ ਉਹਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਸੀ, ਪਰ ਇਹ ਰਿਆਇਤ ਮੈਨੂੰ ਨਾ ਦਿੱਤੀ ਗਈ।
"ਏਥੇ ਤੁਹਾਡੀ ਕੋਈ ਥਾਂ ਨਹੀਂ," ਮੇਰੇ ਚੰਗੇ ਮਿੱਤਰ ਪਲੇਟੀਅਰ ਨੇ ਆਖਿਆ "ਏਡਾ ਸਸਤਾ ਇੰਜੀਨੀਅਰ ਇਹਨਾਂ ਨੂੰ ਲੱਭਣਾ ਕਿਥੇ ਏ, ਜਿਹੜਾ ਪੰਜ ਸੌ ਰੁਪਈਏ ਮਹੀਨੇ ਪਿਛੇ ਦਿਨ ਰਾਤ ਟੁੱਟ ਟੁੱਟ ਪਿਆ ਮਰੇ- ਤੁਸੀਂ ਜਾਓ- ਚਾਲੂ ਲਾਈਨ ਉਤੇ- ਓਥੇ ਆਰਾਮ ਤੇ ਵਿਹਲ ਤਾਂ ਤੁਹਾਨੂੰ ਮਿਲਣਗੇ।"
ਮੇਰੇ ਉਥੋਂ ਜਾਣ ਲਗਿਆਂ ਕੁਝ ਘਾਟ ਮੁਖੀ ਇੰਜੀਨੀਅਰ ਨੂੰ ਮਹਿਸੂਸ ਹੋਈ ਹੋਵੇਗੀ ਤੇ ਕੁੱਝ ਮਿੱਤਰ ਪਲੇਟੀਅਰ ਨੂੰ ਤੇ ਸ਼ਾਇਦ ਕੁਝ ਜੋਤੀਏ ਜੋਤਿਸਨੀ ਨੂੰ ਵੀ ਹੋਈ ਹੋਵੇ। ਬਾਕੀ ਅਮਲੇ ਤੇ ਠੇਕੇਦਾਰਾਂ ਨੂੰ ਕਿਸੇ ਵਧੇਰੇ ਮਿਲਵਰਤਣੀਏਂ ਇੰਜੀਨੀਅਰ ਦੀ ਝਾਕ ਲੱਗ ਗਈ।
ਦੋਹਾਦ ਤੋਂ ਸਿੱਧਾ ਮੈਨੂੰ ਕੋਇਟੇ ਆਉਣਾ ਪਿਆ। ਦਸ ਦਿਨ ਦੀ ਛੁਟੀ ਵੀ ਮੈਨੂੰ ਨਾ ਦਿੱਤੀ ਗਈ। ਬੜੀ ਗਰਮੀ ਤੋਂ ਬੜੀ ਠੰਢ ਵਿਚ ਆ ਡਿੱਗਾ। ਭਾਵੇਂ ਮਹੀਨਾ ਜਨਵਰੀ ਦਾ ਸੀ, ਪਰ ਦੋਹਾਦ ਵਿਚ ਕਿਸੇ ਦਿਨ ਕੰਮ ਉਤੇ ਠੰਢੇ ਕਪੜੀਂ ਵੀ ਵਟ ਲੱਗਦਾ ਸੀ, ਕੋਇਟੇ ਦੇ ਨੇੜੇ ਪਹੁੰਚਦਿਆਂ ਗਰਮ ਕਪੜਿਆਂ ਵਿਚ ਵੀ ਕਾਂਬਾ ਛਿੜ ਰਿਹਾ ਸੀ। ਬਲੋਚਿਸਤਾਨ ਦੇ ਹਰ ਸਟੇਸ਼ਨ ਉਤੇ ਉਤਰ ਕੇ, ਪਲੇਟਫ਼ਾਰਮ ਉਪਰ ਪੈਰ ਮਾਰ ਕੇ ਮੈਂ ਲੋੜੀਂਦਾ ਨਿੱਘ ਹਾਸਲ ਕਰਦਾ ਸਾਂ। ਪੈਰ ਨਾਲੋਂ ਲਹਿੰਦੇ ਜਾਦੇ ਜਾਪਦੇ ਸਨ।
ਮੇਰੀ ਨੌਕਰੀ ਕੋਇਟੇ ਤੋਂ ਚਾਲੀ ਕੁ ਮੀਲ ਉਤੇ ਖਨਾਈ ਉਪ-ਖੰਡ ਵਿਚ ਲੱਗੀ। ਬੜੀ ਛੋਟੀ ਜਿਹੀ ਥਾਂ ਸੀ। ਪਹਾੜੀ ਉਤੇ ਗਿਣਤੀ ਦੇ ਥੋੜੇ ਜਿੰਨੇ ਬਲੋਚੀਆਂ ਦੇ ਘਰ ਸਨ। ਕਦੇ ਕਦਾਈਂ ਸੈਰ ਕਰਨ ਉਹਨਾਂ ਵੱਲ ਨਿਕਲ ਜਾਂਦਾ ਸੀ।
ਏਥੇ ਆਰਾਮ ਮੈਨੂ ਕਾਫ਼ੀ ਮਿਲਿਆ। ਇੱਕ ਸੈਲੂਨ ਛੋਟੀ ਲਾਈਨ ਵਾਸਤੇ ਤੇ ਇੱਕ ਵੱਡੀ ਲਾਈਨ ਵਾਸਤੇ ਮਿਲੀ ਹੋਈ ਸੀ। ਛੋਟੀ ਲਾਈਨ ਉਤੇ ਹਿੰਦੂ ਬਾਗ ਤੇ ਵੱਡੀ ਲਾਈਨ ਉਤੇ ਸ਼ਾਰਗ ਤੱਕ ਮੇਰਾ ਇਲਾਕਾ ਸੀ, ਦੂਸਰੇ ਪਾਸੇ ਬੋਸਤਾਨ ਤਕ। ਸ਼ਾਰਗ ਬੜੀ ਗਰਮ ਤੇ ਹਿੰਦੂ ਬਾਗ ਬੜੀ ਠੰਢੀ ਥਾਂ ਸੀ। ਗਰਮੀਆਂ ਵਿਚ ਸ਼ਾਰਗ ਦਾ ਤਾਪਮਾਨ ਹਿੰਦੁਸਤਾਨ ਦੀ ਸਭ ਤੋਂ ਵਧ ਗਰਮ ਥਾਂ ਦੇ ਲੱਗਪਗ ਹੋ ਜਾਂਦਾ ਸੀ।
ਪਰ ਏਥੇ ਵੀ ਮੈਂ ਕੋਈ ਜਿਗਰੀ ਵਾਕਫ਼ੀਅਤ ਨਾ ਬਣਾ ਸਕਿਆ। ਲੋਕ ਅਨਪੜ੍ਹ ਤੇ ਗਰੀਬ ਸਨ, ਤੇ ਜ਼ਬਾਨ ਦੀ ਸਾਂਝ ਨਹੀਂ ਸੀ। ਏਸ ਸਮੇਂ ਦੀਆਂ ਸਿਰਫ਼ ਛੇ ਯਾਦਾਂ ਮੇਰੇ ਦਿਮਾਗ ਵਿੱਚ ਹਨ। ਇਹਨਾਂ ਦੀ ਕੋਈ ਨਾ ਕੋਈ ਲਕੀਰ ਮੇਰੇ ਜੀਵਨ-ਪੱਟ ਉਤੇ ਪੱਕੀ ਪਈ ਹੈ।

1. ਭਗਨ ਹਿਰਦਾ

ਪਹਿਲੀ ਯਾਦ ਦੋ ਕੁੱਤਿਆਂ ਦੀ ਹੈ। ਇਹਨਾਂ ਦੀ ਕਹਾਣੀ "ਭਗਨ ਹਿਰਦਾ" ਦੇ ਸਿਰਲੇਖ ਹੇਠਾਂ ਨਵਤੇਜ ਦੀ ਜ਼ਬਾਨੀ ਮੈਂ ਅਕਾਲੀ ਫੂਲਾ ਸਿੰਘ ਦੀ ਸਮਾਧ ਉਤੇ "ਪ੍ਰੀਤਾਂਲੜੀ" ਵਿਚ ਲਿਖੀ ਸੀ। ਨਵਤੇਜ ਉਦੋਂ ਉਮਰ ਦੇ ਨੌਵੇਂ ਵਰ੍ਹੇ ਵਿਚ ਸੀ, ਤੇ ਇਹਦੀ ਕਹਾਣੀ ਦੀ ਯੋਗਤਾ ਨੇ ਮੇਰੇ ਉਤੇ ਅਨੋਖਾ ਅਸਰ ਪਾਇਆ ਸੀ।
ਸ਼ਾਗਰ ਦੇ ਖੰਡਰਾਂ ਵਿਚ ਇੱਕ ਲਾ-ਵਾਰਸ ਐਲਸੈਸ਼ੀਅਨ ਕੁੱਤਾ ਮੇਰੇ ਮਗਰ ਮਗਰ ਤੁਰਦਾ ਡਾਕ-ਬੰਗਲੇ ਆ ਗਿਆ, ਤੇ ਏਨਾ ਪਿਆਰ ਉਸ ਨੇ ਸਾਡੇ ਨਾਲ ਕੀਤਾ ਕਿ ਮੇਰੀ ਪਤਨੀ ਉਹਨੂੰ ਨਾਲ ਖਨਾਈ ਲੈ ਆਈ। ਉਥੇ ਨਵਤੇਜ ਦਾ ਨਿੱਕਾ ਵਿਕਟਰ ਹੁੰਦਾ ਸੀ, ਜਿਸ ਨੂੰ ਅਸਾਂ ਦੋਹਾਦ ਵਿੱਚ ਇੱਕ ਅੰਗਰੇਜ਼ ਸਾਥੀ ਕੋਲੋਂ ਲੈ ਕੇ ਪਾਲਿਆ ਸੀ। ਨਵਤੇਜ ਤੇ ਵਿਕਟਰ ਇਕੋ ਉਮਰ ਦੇ ਸਨ, ਕੋਈ ਸਵਾ ਦੋ ਸਾਲਾਂ ਦੇ, ਵਿਕਟਰ ਦਾ ਨਵਤੇਜ ਨਾਲ ਬੜਾ ਪਿਆਰ ਸੀ। ਵੱਡੇ ਕੁੱਤੇ ਦਾ ਨਾ ਅਸਾਂ "ਸੈਮ" ਰੱਖ ਦਿੱਤਾ। ਸੈਮ ਨੂੰ ਵੇਖ ਕੇ ਵਿਕਟਰ ਅੱਗ ਬਗੋਲਾ ਹੋ ਗਿਆ, ਸਾਰੀ ਕੋਠੀ ਉਸ ਨੇ ਆਪਣੇ ਨਿੱਕੇ ਜਿੰਨੇ ਸਿਰ ਉਤੇ ਚੁੱਕ ਲਈ।
ਸੈਮ ਬੜੇ ਜਿਗਰੇ ਵਾਲਾ ਕੁੱਤਾ ਸੀ। ਜ਼ਰਾ ਛਿੱਥਾ ਨਹੀਂ ਸੀ ਪੈਂਦਾ। ਨਵਤੇਜ ਉਹਦੇ ਉਤੇ ਚੜ੍ਹ ਜਾਂਦਾ ਸੀ, ਉਹਦੀ ਪੂਛਲ ਨਾਲ ਕਿੰਨੇ ਹੀ ਖਿਡੌਣੇ ਬੰਨ੍ਹ ਦੇਂਦਾ ਸੀ। ਵਿਕਟਰ ਤੇ ਨਵਤੇਜ ਹਾਣੀਆਂ ਵਾਂਗ ਗੁੱਸੇ ਰਾਜ਼ੀ ਹੋ ਜਾਂਦੇ ਸਨ, ਪਰ ਸੈਮ ਆਪਣੇ ਵੱਡੇ ਜੁੱਸੇ ਦੇ ਮਾਣ ਵਿਚ ਨਾ ਵਿਕਟਰ ਤੇ ਨਾ ਨਵਤੇਜ ਨਾਲ ਨਾਰਾਜ਼ ਹੁੰਦਾ ਸੀ। ਵਿਕਟਰ ਕੋਲੋਂ ਰਿਹਾ ਨਹੀਂ ਸੀ ਜਾਂਦਾ, ਜਦੋਂ ਉਹ ਨਵਤੇਜ ਤੇ ਸੈਮ

ਨੂੰ ਸੰਤੁਸ਼ਟ ਖੇਡਦਿਆਂ ਜਾਂ ਹਾਓ ਭਾਓ ਕਰਦਿਆਂ ਵੇਖ ਲੈਂਦਾ ਤਾਂ ਭੌਂਕ ਭੌਂਕ ਕੇ ਪਾਗਲ ਹੋ ਜਾਂਦਾ, ਨਵਤੇਜ ਦੇ ਪਿਆਰ ਕੀਤਿਆਂ ਵੀ ਕਾਬੂ ਨਾ ਆਉਂਦਾ। ਮੂੰਹੋਂ ਝੱਗ ਡਿੱਗਦੀ, ਉਹ ਕਿਸੇ ਹੋਰ ਵਲ ਵੇਖਦਾ ਹੀ ਨਾ, ਸੈਮ ਵਲ ਝਈਆਂ ਲਈ ਜਾਂਦਾ।

ਵਿਕਟਰ ਦਿਨ ਦਿਨ ਕਮਜ਼ੋਰ ਹੁੰਦਾ ਗਿਆ। ਸੈਮ ਨੇ ਵੀ ਘਰ ਵਿਚ ਥਾਂ ਬਣਾ ਲਈ ਸੀ, ਉਹਨੂੰ ਵੀ ਘਰੋਂ ਕੱਢ ਦੇਣ ਉਤੇ ਜੀਅ ਨਹੀਂ ਸੀ ਕਰਦਾ। ਅਸੀਂ ਵਿਕਟਰ ਦੇ ਸਾਹਮਣੇ ਨਵਤੇਜ ਨੂੰ ਸੈਮ ਨਾਲ ਖੇਡਣ ਨਹੀਂ ਸਾਂ ਦੇਂਦੇ। ਪਰ ਇੱਕ ਦਿਨ ਅਚਾਨਕ ਨਵਤੇਜ ਦਾ ਮੂੰਹ ਚੁੰਮਦਿਆਂ ਸੈਮ ਨੂੰ ਵਿਕਟਰ ਨੇ ਵੇਖ ਲਿਆ। ਫੇਰ ਕੀ ਸੀ, ਵਿਕਟਰ ਨੇ ਆਪਣਾ ਸੀਨਾ ਚਾਕ ਕਰ ਲਿਆ, ਉਹਦੇ ਮੂੰਹੋਂ ਖ਼ੂਨ ਵਗ ਪਿਆ, ਮੈਂ ਬੜਾ ਪਿਆਰ ਕੀਤਾ, ਨਵਤੇਜ ਉਹਨੂੰ ਗਲ ਨਾਲ ਲਾਵੇ, ਉਹ ਨੱਠ ਜਾਵੇ। ਅਸਾਂ ਓੜਕ ਨਵਤੇਜ ਨੂੰ ਉਹਦੇ ਨਾਲ ਲਿਟਾ ਦਿੱਤਾ, ਪਰ ਵਿਕਟਰ ਦੇ ਉੱਭੇ ਸਾਹ ਫਿਰ ਵੀ ਬੰਦ ਨਾ ਹੋਏ।

ਰਾਤੀਂ ਉਹ ਨਵਤੇਜ ਦੀ ਮੰਜੀ ਹੇਠ ਸੰਵਿਆ ਕਰਦਾ, ਤੇ ਸਵੇਰੇ ਨਵਤੇਜ ਤੋਂ ਪਹਿਲਾਂ ਉਠ ਕੇ ਉਹਦੀ ਮੰਜੀ ਉਤੇ ਪੈਰ ਰੱਖ ਦਿੰਦਾ ਤੇ ਉਹਨੂੰ ਜਗਾਇਆ ਕਰਦਾ, ਜਾਗ ਕੇ ਨਵਤੇਜ ਉਹਨੂੰ ਆਪਣੇ ਨਾਲ ਵੀ ਪਾ ਲੈਂਦਾ ਸੀ। ਉਹ ਕੱਦ ਕਾਠ ਵਿਚ ਵੀ ਨਵਤੇਜ ਜੇਡਾ ਹੀ ਸੀ। ਅਗਲੇ ਦਿਨ ਨਵਤੇਜ ਮੰਜੀ ਤੋਂ ਉਠ ਕੇ ਚਲਾ ਆਇਆ, ਵਿਕਟਰ ਅਜੇ ਜਾਗਿਆ ਨਹੀਂ ਸੀ। ਬਹੁਤੀ ਦੇਰ ਹੋ ਗਈ, ਅਸਾਂ ਨਜ਼ਰ ਮਾਰੀ, ਵਿਕਟਰ ਅਜੇ ਉਸੇ ਤਰ੍ਹਾਂ ਲੇਟਿਆ ਪਿਆ ਸੀ। ਗਹੁ ਨਾਲ ਤਕਿਆ, ਉਹਦੇ ਮੂੰਹ ਅਗੇ ਲਹੂ ਦੀ ਛੱਪੜੀ ਸੀ। ਉਹ ਮਰ ਚੁੱਕਾ ਸੀ। ਨਵਤੇਜ ਚੀਕਾਂ ਮਾਰਨ ਲੱਗ ਪਿਆ , ਸੈਮ ਚੁੱਪ ਕਰ ਕੇ ਕੋਲ ਆ ਖਲੋਤਾ। ਉਹ ਬਿਨ ਬੁਲਾਇਆਂ ਅਗੇ ਕਦੇ ਕੋਠੀ ਦੇ ਕਿਸੇ ਕਮਰੇ ਵਿਚ ਨਹੀਂ ਸੀ ਆਉਂਦਾ।

ਸਾਰਾ ਟੱਬਰ ਅਸੀਂ ਵਿਕਟਰ ਦੇ ਜਨਾਜ਼ੇ ਨਾਲ ਗਏ। ਸੈਮ ਵੀ ਗਿਆ। ਇੱਕ ਪਹਾੜੀ ਦੇ ਪੈਰਾਂ ਵਿਚ ਡੂੰਘੀ ਕਬਰ ਪੁੱਟ ਕੇ ਅਸਾਂ ਉਹਨੂੰ ਦਫ਼ਨਾਇਆ । ਇੱਕ ਟੀਨ ਦੀ ਨਲਕੀ ਵਿਚ ਉਹਦੇ ਟੁੱਟੇ ਦਿਲ ਦੀ ਕਹਾਣੀ ਮੈਂ ਲਿਖ ਕੇ ਪਾ ਦਿੱਤੀ, ਉਹਦੇ ਨਾਲ ਉਹਦਾ ਗੇਂਦ ਵਿਚ ਧਰ ਦਿੱਤਾ, ਇੱਕ ਨਿੱਕੀ ਜਿਹੀ ਕਬਰ ਵੀ ਉਤੇ ਉਸਰਵਾ ਦਿਤੀ।

2. ਮੌਤ ਦੇ ਰੂ-ਬ-ਰੂ ਬਦਲੀਆਂ ਕੀਮਤਾਂ

ਦੂਜੀ ਯਾਦ ਮੌਤ ਦੇ ਰੂ-ਬਰੂ ਸਾਥ ਦੀਆਂ ਕੀਮਤਾਂ ਬਦਲ ਜਾਣ ਦੀ ਹੈ। ਇੱਕ ਬੜੇ ਵੱਡੇ ਅਹੁਦੇ ਵਾਲਾ ਸਾਥੀ ਅਫ਼ਸਰ ਮੇਰੇ ਨਾਲ ਕਾਨ-ਮਹਿਤਰ-ਜ਼ਾਈ ਦੇ ਡਾਕ ਬੰਗਲੇ ਵਿਚ ਉਤਰਿਆ ਹੋਇਆ ਸੀ। ਉਨ੍ਹੇ ਸ਼ੌਕ ਦੱਸਿਆ ਕਿ ਓਸ ਇਲਾਕੇ ਦੀ ਸਭ ਤੋਂ ਉੱਚੀ ਚੋਟੀ ਉਤੇ ਚੜ੍ਹਿਆ ਜਾਏ, ਕੋਈ ਸਾਢੇ ਸੱਤ ਹਜ਼ਾਰ ਫੁਟ ਦੀ ਬੁਲੰਦੀ ਉਤੇ। ਦੁਪਹਿਰ ਦਾ ਖਾਣਾ ਖਾ ਕੇ ਅਸੀਂ ਤੁਰ ਪਏ। ਚਾਰ ਖ਼ਲਾਸੀ ਅਸਾਂ ਨਾਲ ਲੈ ਲਏ। ਉਹਨਾਂ ਸਾਨੂੰ ਦੱਸਿਆ ਵੀ ਕਿ ਰਾਹ ਬਿਖੜਾ ਏ, ਪਰ ਸਾਨੂੰ ਉਹ ਕੋਈ ਵੱਡੀ ਉਚਾਈ ਨਹੀਂ ਸੀ ਦਿੱਸਦੀ। "ਹਨੇਰਾ ਹੋਣ ਤੋਂ ਪਹਿਲਾਂ ਅਸੀਂ ਥੱਲੇ ਮੁੜ ਆਵਾਂਗੇ," ਮੇਰੇ ਸਾਥੀ ਨੇ ਆਖਿਆ, ਤੇ ਮੇਰੇ ਹੱਥੋਂ ਮੇਰੀ ਸੋਟੀ ਲੈ ਕੇ ਉਸ ਉਹਦੀ ਤਾਰੀਫ਼ ਕੀਤੀ।

ਅਸੀਂ ਚੜ੍ਹਦੇ ਗਏ, ਚੜ੍ਹਦੇ ਗਏ। ਪੈਂਡਾ ਮੁੱਕਣ ਵਿਚ ਨਾ ਆਵੇ। ਕਈ ਵਾਰੀ ਸੋਟੀ ਦੀ ਮਦਦ ਲਈ ਮੇਰਾ ਵੀ ਜੀਅ ਕਰ ਆਇਆ, ਪਰ ਮੇਰੇ ਸਾਥੀ ਨੇ ਮੰਗਿਆਂ ਵੀ ਮੇਰੀ ਸੋਟੀ ਮੈਨੂੰ ਨਾ ਦਿੱਤੀ। ਪਾਣੀ ਦੀ ਮਸ਼ਕ ਆਪਣੀ ਮੈਂ ਖ਼ਲਾਸੀ ਨੂੰ ਫੜਾ ਦਿੱਤੀ ਸੀ। ਉਹਦੀ ਸੌਂਪਣਾ ਵੀ ਮੇਰੇ ਸਾਥੀ ਨੇ ਲੈ ਲਈ। ਥੋੜੇ ਥੋੜੇ ਘੁੱਟ ਮੇਰੇ ਹਿੱਸੇ ਆਏ।

ਚੜ੍ਹਦਿਆਂ ਚੜ੍ਹਦਿਆਂ ਹੀ ਸ਼ਾਮਾਂ ਉਤਰ ਆਈਆਂ। ਵਾਪਸੀ ਅਸੰਭਵ ਜਾਪ ਪਈ। ਉਤਰਾਈ ਚੜ੍ਹਾਈ ਨਾਲੋਂ ਵਧੇਰੇ ਇਹਤਿਆਤ ਤੇ ਚਾਨਣ ਮੰਗਦੀ ਸੀ। ਠੰਢ ਵੀ ਛਪਾ-ਛਪ ਉਤਰਦੀ ਆ ਰਹੀ ਸੀ। ਸਾਰਿਆਂ ਰਲ ਕੇ ਕਈ ਘੰਟੇ ਲੱਕੜਾਂ ਇਕੱਠੀਆਂ ਕੀਤੀਆਂ। ਚੋਖਾ ਸਾਰਾ ਢੇਰ ਇੱਕ ਪੱਧਰੇ ਥਾਂ ਉਤੇ ਅਸਾਂ ਲਾ ਲਿਆ। ਇੱਕ ਖ਼ਲਾਸੀ ਦੇ ਝੋਲੇ ਵਿਚ ਛੇ ਮਕੱਈ ਦੀਆਂ ਛੱਲੀਆਂ ਸਨ। ਉਹ ਅਸਾਂ ਭੁੰਨੀਆਂ। ਇੱਕ ਇੱਕ ਸਾਡੇ ਹਿੱਸੇ ਆ ਸਕਦੀ ਸੀ, ਪਰ ਮੇਰੇ ਸਾਥੀ ਨੇ ਦੱਸਿਆ ਕਿ ਉਸ ਦੁਪਹਿਰਾਂ ਦਾ ਖਾਣਾ ਰੱਜ ਕੇ ਨਹੀਂ ਸੀ ਖਾਧਾ। ਏਸ ਲਈ ਖਲਾਸੀਆਂ ਨੇ ਅੱਧੀ ਅੱਧੀ, ਮੈਂ ਸਾਰੀ ਤੇ ਉਹਨੇ ਤਿੰਨ ਖਾ ਲਈਆਂ।

ਅੱਗ ਦਾ ਭਾਂਬੜ ਬਾਲ ਕੇ ਅਸੀਂ ਦੁਆਲੇ ਬਹਿ ਗਏ, ਥੋੜ੍ਹੀਆਂ ਥੋੜ੍ਹੀਆਂ ਕਰ ਕੇ ਹੋਰ ਲੱਕੜਾਂ ਵਿਚ ਪਾਂਦੇ ਰਹੇ। ਖਲਾਸੀਆਂ ਨੇ ਚਾਰ ਗਜ਼ ਥਾਂ ਨਿੱਘੀ ਕਰ ਕੇ ਸਾਨੂੰ ਸੌਂ ਜਾਣ ਲਈ ਆਖਿਆ। ਇਕ ਵਜੇ ਤੱਕ ਅਸੀਂ ਸੁੱਤੇ ਰਹੇ । ਫੇਰ ਲੱਕੜਾਂ ਮੁੱਕ ਗਈਆਂ, ਅੱਗ ਹਿਸ ਗਈ। ਦੋ ਵਜੇ ਤਕ ਮੈਂ ਠਰੂੰ ਠਰੂੰ ਕਰਨ ਲੱਗ ਪਿਆ। ਮੇਰੇ ਕਪੜੇ ਖ਼ਾਕੀ ਜੀਨ ਦੇ ਸਨ, ਹੇਠਾਂ ਨਿੱਕਰ ਸੀ, ਗੋਡੇ ਮੇਰੇ ਬਰਫ਼ ਦੇ ਢੇਲੇ ਬਣ ਗਏ। ਮੇਰੇ ਸਾਥੀ ਦੇ ਗਲ ਗਰਮ ਕੋਟ ਤੇ ਫਲਾਲੈਣ ਦੀ ਪਤਲੂਨ ਸੀ। ਸਿਰੋਂ ਪੱਗ ਲਾਹ ਕੇ ਅੱਧੀ ਮੈਂ ਇੱਕ ਗੋਡੇ ਉਤੇ ਵਲ੍ਹੇਟ ਲਈ ਤੇ ਅੱਧੀ ਦੂਜੇ ਉਤੇ । ਪਰ ਕਦੇ ਕਦੇ ਜਾਪੇ ਕਿ ਮੈਂ ਸਾਰਾ ਸੁੰਨ ਹੁੰਦਾ ਜਾ ਰਿਹਾ ਸਾਂ। ਓਦੋਂ ਮੈਨੂੰ ਟਾਲਸਟਾਏ ਦੀ ਕਹਾਣੀ ਯਾਦ ਆਈ, ਮਾਲਕ ਤੇ ਨੌਕਰ ਦੀ। ਬਰਫ਼ ਦੇ ਇੱਕ ਝੱਖੜ ਵਿਚ ਇੱਕ ਰਾਤ ਇਹ ਦੋਵੇਂ ਘਿਰ ਗਏ ਸਨ। ਮਾਲਕ ਦੇ ਕਪੜੇ ਚੰਗੇ ਭਾਰੇ ਸਨ, ਪਰ ਨੌਕਰ ਦੇ ਬੜੇ ਹੌਲੇ ਸਨ। ਨੌਕਰ ਨੂੰ ਗਰਮਾਈ ਰੱਖਣ ਲਈ ਮਾਲਕ ਨੇ ਉਹਨੂੰ ਜੱਫੀ ਪਾਈ ਰੱਖੀ। ਪਰ ਉਹਨੂੰ ਫੇਰ ਵੀ ਕਿਸੇ ਨਾ ਕਿਸੇ ਪਾਸਿਓਂ ਵਾਢਵੀਂ ਠੰਢ ਪੈਂਦੀ ਰਹੀ, ਓੜਕ ਮਾਲਕ ਨੇ ਨੌਕਰ ਨੂੰ ਲਿਟਾ ਲਿਆ ਤੇ ਆਪ ਉਹਦੇ ਉਤੇ ਪੈ

ਗਿਆ, ਤੇ ਅੰਗ ਅੰਗ ਉਹਦਾ ਉਸ ਨੇ ਆਪਣੀ ਪੋਸਤੀਨ ਨਾਲ ਢੱਕ ਲਿਆ। ਉਪਰੋਂ ਬਰਫ਼ ਦੇ ਗੋੜ੍ਹੇ ਮਾਲਕ ਉਤੇ ਪੈਂਦੇ ਰਹੇ। ਹੇਠਾਂ ਨੌਕਰ ਨਿੱਘਾ ਰਿਹਾ। ਜਦੋਂ ਦਿਨ ਚੜ੍ਹਿਆ ਤਾਂ ਨੌਕਰ ਜੀਉਂਦਾ ਤੇ ਮਾਲਕ ਮਰ ਰਿਹਾ ਸੀ। ਨੌਕਰ ਕੋਲੋਂ ਜੋ ਬਣਿਆ ਉਸ ਕੀਤਾ ਪਰ ਮਾਲਕ ਬਚ ਨਾ ਸਕਿਆ।

ਜਦੋਂ ਜਾਨ ਸੁੰਨ ਹੁੰਦੀ ਵੇਖੀ, ਮੈਂ ਆਪਣੇ ਸਾਥੀ ਨੂੰ ਜੱਫੀ ਪਾਈ। ਪਰ ਉਸ ਮੇਰੀ ਬਾਂਹ ਛਿਣਕ ਕੇ ਸੁੱਟ ਪਾਈ, "ਆਹ ਬਰਫ਼ ਕਿਧਰੋਂ ਆ ਡਿੱਗੀ ਏ?"

ਜਦੋਂ ਕਦੇ ਮੇਰਾ ਠੰਢਾ ਹੱਥ ਉਹਨੂੰ ਛੁਹ ਜਾਂਦਾ, ਉਹ ਭੁਆਂ ਕੇ ਪਰ੍ਹਾਂ ਸੁੱਟ ਪਾਂਦਾ। ਤਿੰਨ ਕੁ ਵਜੇ ਨਾਲ ਮੈਨੂੰ ਜਾਪਿਆ ਕਿ ਲੇਟਿਆਂ ਲੇਟਿਆਂ ਮੈਂ ਜੰਮ ਜਾਵਾਂਗਾ। ਮੈਂ ਉਠ ਖੜੋਤਾ, ਤੇ ਸਾਥੀ ਨੂੰ ਜਗਾ ਕੇ ਆਖਿਆ ਕਿ ਮੈਂ ਜਾ ਰਿਹਾ ਹਾਂ।

"ਹਨੇਰਾ ਕਿੰਨਾ ਏ! ਰਿੜ੍ਹ ਪਏਂਗਾ, ਮਰ ਜਾਏਂਗਾ! "

"ਉਹ ਜਾਣੇ, ਹਿਲਦਾ ਜੁਲਦਾ ਤਾਂ ਮਰਾਂਗਾ- ਲੇਟਿਆਂ ਤਾਂ ਮੈਂ ਜੰਮ ਜਾਵਾਂਗਾ।"

ਇੱਕ ਖ਼ਲਾਸੀ, ਸ਼ਾਇਦ ਮੇਰੇ ਉਤੇ ਤਰਸ ਖਾ ਕੇ ਮੇਰੇ ਨਾਲ ਤੁਰ ਪਿਆ। ਮੈਂ ਉਹਨੂੰ ਆਖਣ ਦਾ ਹੀਆ ਨਹੀਂ ਸਾਂ ਕਰ ਸਕਦਾ- ਮੌਤ ਦਾ ਖ਼ਤਰਾ ਕੀ ਪਤੈ ਉਹ ਸਹੇੜਨਾ ਨਾ ਹੀ ਚਾਹੇ। ਪਰ ਉਹਦੇ ਨਾਲ ਹੋਣ ਦੀ ਰਜ਼ਾਮੰਦੀ ਨੇ ਮੇਰੇ ਹੌਸਲਾ ਵਧਾ ਦਿੱਤਾ। ਸਾਥੀ ਅਫ਼ਸਰ ਮੇਰਾ ਠੰਢਾ ਹੱਥ ਵੀ ਸਹਾਰ ਨਹੀਂ ਸੀ ਸਕਿਆ, ਨਾ-ਸਾਥੀ ਖ਼ਲਾਸੀ ਨੇ ਮੌਤ ਦਾ ਖ਼ਤਰਾ ਵੀ ਸਾਂਝਾ ਕਰ ਲਿਆ। ਡਿੱਗਦੇ ਢਹਿੰਦੇ, ਇੱਕ ਦੂਜੇ ਨੂੰ ਹੁਸ਼ਿਆਰ ਕਰਦੇ, ਹੱਥ ਦੇਂਦੇ ਲੈਂਦੇ, ਦਿਨ ਚੜ੍ਹਦਿਆਂ ਤਕ ਅਸੀਂ ਸਟੇਸ਼ਨ ਉਤੇ ਪਹੁੰਚ ਗਏ। ਸਾਡੀ ਢੂੰਡ ਕੀਤੀ ਜਾ ਰਹੀ ਸੀ, ਕੋਇਟਿਓਂ ਪੁਛਾਂ ਕੀਤੀਆਂ ਜਾ ਰਹੀਆਂ ਸਨ।

ਸਿੰਘ ਬ੍ਰਦਰਜ਼ 9915048001 ਤੋਂ ਇਸ ਆਤਮਕਥਾ ਦੀਆਂ ਪੁਸਤਕਾਂ ਮਿਲ ਸਕਦੀਆਂ ਹਨ। -ਸੰ.

ਉਹ ਪ੍ਰਿੰਸੀਪਲ ਜੋ ਮੇਰੇ ਲਈ ਪ੍ਰੇਰਣਾ ਹਨ-ਵਿਜੈ ਗਰਗ!

ਐੱਸ ਪੀ ਸਿੰਘ

ਦਿਲੋਂ ਪ੍ਰਸ਼ੰਸਾ ਵੱਖਰੇ ਹੀ ਮਾਣ ਅਤੇ ਸਨਮਾਨ ਵਾਲੀ ਗੱਲ ਹੁੰਦੀ ਹੈ- ਸ਼੍ਰੀ ਵਿਜੈ ਗਰਗ ਇੱਕ ਅਜਿਹੇ ਪ੍ਰਸਿੱਧ ਸਿੱਖਿਆ ਸ਼ਾਸਤਰੀ, ਸੇਵਾਮੁਕਤ ਪ੍ਰਿੰਸੀਪਲ ਹਨ, ਜਿਨ੍ਹਾਂ ਦੀ ਸੇਵਾ ਦੀ ਅਸਾਧਾਰਨ ਯਾਤਰਾ ਕਈ ਪੀੜ੍ਹੀਆਂ ਵਾਸਤੇ ਪ੍ਰੇਰਣਾ ਦਾ ਚਾਨਣ ਮੁਨਾਰਾ ਬਣੀ ਦਿਸਦੀ ਹੈ।

ਆਪਣੇ ਪੂਰੇ ਕਰੀਅਰ ਦੌਰਾਨ ਅਤੇ ਸੇਵਾਮੁਕਤੀ ਤੋਂ ਬਾਅਦ ਵੀ, ਸ਼੍ਰੀ ਗਰਗ ਨੇ ਵਿਦਿਆਰਥੀਆਂ ਦੇ ਵਿਕਾਸ ਅਤੇ ਸਿੱਖਿਆ ਦੇ ਕਾਰਜ ਲਈ ਆਪਣੇ ਆਪ ਨੂੰ ਅਣਥੱਕ ਸਮਰਪਤ ਕੀਤਾ ਹੈ।

ਗਿਆਨ ਦਾ ਲੋਕਤੰਤਰੀਕਰਨ ਕਰਨ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਡਿਜੀਟਲ ਲਾਇਬ੍ਰੇਰੀ ਸਥਾਪਤ ਕਰਨ ਨਾਲ ਇੱਕ ਸ਼ਾਨਦਾਰ ਪ੍ਰਗਟਾਵਾ ਮਿਲਿਆ ਹੈ, ਜੋ ਸਿੱਖਿਆ ਦਾ ਖਜ਼ਾਨਾ ਹੈ- ਅਣਗਿਣਤ ਉਮੀਦਵਾਰਾਂ ਲਈ ਅਗਾਂਹ ਦੀ ਸਿੱਖਿਆ ਦੇ ਦਰਵਾਜ਼ੇ ਖੋਲ੍ਹਣ ਵਾਲਾ। ਵਿਰਲੇ ਲੱਭਦੇ ਵੱਡੇ ਦਿਲ ਨਾਲ ਉਨ੍ਹਾਂ ਨਾ ਸਿਰਫ਼ ਅਕਾਦਮਕ ਸਰੋਤਾਂ ਤੱਕ ਪਹੁੰਚ ਹਾਸਲ ਕਰਾਈ ਹੈ, ਸਗੋਂ, ਵਟਸਐਪ ਸਮੂਹਾਂ, ਟੈਲੀਗ੍ਰਾਮ ਚੈਨਲ ਰਾਹੀਂ ਜੇਈਈ, ਨੀਟ, ਐਨਆਈਆਈਐਮਐਸ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਮਹਿੰਗੇ ਨੋਟ ਵੀ ਨਿੱਜੀ ਤੌਰ 'ਤੇ ਤਿਆਰ ਕੀਤੇ ਅਤੇ ਸਾਂਝੇ ਕੀਤੇ ਹਨ, ਇਹ ਯਕੀਨੀ ਬਣਾਉਂਦਿਆਂ ਕਿ ਕੋਈ ਵੀ ਵਿਦਿਆਰਥੀ ਵਿੱਤੀ-ਮਾਇਕ ਥੁੜ੍ਹਾਂ ਦੀ ਪਰਵਾਹ ਕੀਤੇ ਬਿਨਾਂ ਅਗਵਾਈ ਤੋਂ ਵਾਂਝਾ ਨਾ ਰਹੇ। ਇਸ ਨੇਕ ਪਹਿਲਕਦਮੀ ਨੇ ਪੇਂਡੂ ਅਤੇ ਸ਼ਹਿਰੀ ਵਿਦਿਆਰਥੀਆਂ ਵਿਚਲੇ ਪਾੜੇ ਨੂੰ ਪੂਰਾ ਕੀਤਾ ਅਤੇ ਹਜ਼ਾਰਾਂ ਲੋਕਾਂ ਲਈ ਸਫ਼ਲਤਾ ਦਾ ਰਾਹ ਰੌਸ਼ਨ ਰੱਖਿਆ।

ਓਨੀ ਹੀ ਪ੍ਰਸ਼ੰਸਾਯੋਗ ਹੈ - ਸ਼੍ਰੀ ਗਰਗ ਦੀ ਲਿਖਤੀ ਸ਼ਬਦਾਵਲੀ ਉੱਤੇ ਮੁਹਾਰਤ। ਉਨ੍ਹਾਂ ਦੀ ਕਲਮ ਸੋਚ, ਨੀਤੀ ਅਤੇ ਜਾਗਰੂਕਤਾ ਨੂੰ ਸ਼ਕਲ ਦੇਣ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਰਹੀ ਹੈ। ਉਨ੍ਹਾਂ ਦੇ ਅਕਾਦਮਕ ਅਤੇ ਸੂਝਵਾਨ ਲੇਖ ਪ੍ਰਮੁੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਖਬਾਰਾਂ ਅਤੇ ਰਸਾਲਿਆਂ ਵਿੱਚ ਸਾਹਮਣੇ ਆਏ ਹਨ, ਜਿਸ ਨਾਲ ਉਨ੍ਹਾਂ ਨੂੰ ਇੱਕ ਵਿਦਵਾਨ-ਲੇਖਕ ਵਜੋਂ ਵਿਆਪਕ ਮਾਨਤਾ ਮਿਲੀ ਹੈ। ਡੂੰਘੇ ਗਿਆਨ ਰਾਹੀਂ ਅਤੇ ਪ੍ਰਗਟਾਵੇ ਦੀ ਸਪੱਸ਼ਟਤਾ ਵਾਲੇ ਉਨ੍ਹਾਂ ਦੇ ਸ਼ਬਦ -ਬੌਧਿਕ ਡੂੰਘਿਆਈ ਅਤੇ ਨੈਤਿਕ ਪਕਿਆਈ- ਦੋਵ੍ਹਾਂ ਨਾਲ ਮਾਲਾਮਾਲ ਹਨ।

ਉਸਦੀ ਵਿਰਾਸਤ ਵਿੱਚ ਉਸਦੀਆਂ ਪ੍ਰਕਾਸ਼ਿਤ ਕਿਤਾਬਾਂ ਸ਼ਾਮਲ ਹਨ, ਹਰ ਇੱਕ ਵਿਦਿਅਕ ਸਾਹਿਤ ਦੇ ਭੰਡਾਰ ਵਿੱਚ ਯੋਗਦਾਨ ਹੈ। ਇਹ ਰਚਨਾਵਾਂ ਨਾ ਸਿਰਫ਼ ਉਸਦੀ ਅਕਾਦਮਿਕ ਬੁੱਧੀ ਨੂੰ ਮਜ਼ਬੂਤ ਕਰਦੀਆਂ ਹਨ ਬਲਕਿ ਸਮਾਜ ਅਤੇ ਸਿੱਖਿਆ ਪ੍ਰਤੀ ਉਸਦੀ ਜੀਵਨ ਭਰ ਦੀ ਵਚਨਬੱਧਤਾ ਦੇ ਸਥਾਈ ਸਮਾਰਕਾਂ ਵਜੋਂ ਵੀ ਖੜ੍ਹੀਆਂ ਹਨ।

ਸ਼੍ਰੀ ਵਿਜੈ ਗਰਗ ਵਿੱਚ ਸਾਨੂੰ ਇੱਕ ਦੂਰਦਰਸ਼ੀ ਅਧਿਆਪਕ, ਇੱਕ ਹਮਦਰਦ ਗਾਈਡ, ਇੱਕ ਡਿਜੀਟਲ ਮੋਢੀ ਅਤੇ ਇੱਕ ਉੱਘੇ ਲੇਖਕ ਦਾ ਦੁਰਲੱਭ ਸੁਮੇਲ ਮਿਲਦਾ ਹੈ। ਉਨ੍ਹਾਂ ਦਾ ਜੀਵਨ ਇਸ ਵਿਚਾਰ ਦਾ ਪ੍ਰਮਾਣ ਹੈ ਕਿ ਸਿੱਖਿਆ ਸਿਰਫ਼ ਇੱਕ ਪੇਸ਼ਾ ਨਹੀਂ ਹੈ, ਸਗੋਂ ਇੱਕ ਪਵਿੱਤਰ ਫ਼ਰਜ਼ ਅਤੇ ਮਨੁੱਖਤਾ ਦੀ ਨਿਰੰਤਰ ਸੇਵਾ ਹੈ।

ਮੈਂ ਨਿੱਜੀ ਤੌਰ 'ਤੇ ਉਨ੍ਹਾਂ ਦੀ ਅਣਥੱਕ ਸ਼ਰਧਾ ਨੂੰ ਸਲਾਮ ਕਰਦਾ ਹਾਂ, ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦਾ ਹਾਂ ਅਤੇ ਸਿੱਖਿਆ ਅਤੇ ਸਮਾਜ ਵਿੱਚ ਉਨ੍ਹਾਂ ਦੇ ਬੇਅੰਤ ਯੋਗਦਾਨ ਲਈ ਡੂੰਘਾ ਧੰਨਵਾਦ ਪ੍ਰਗਟ ਕਰਦਾ ਹਾਂ।

ਸ਼੍ਰੀ ਅੰਮ੍ਰਿਤਸਰ ਸਾਹਿਬ ਪੰਜਾਬ

ਯੂਟਿਊਬ:
21ਵੀਂ ਸਦੀ ਦਾ ਨਵਾਂ ਕਰੀਅਰ

ਵਿਜੈ ਗਰਗ

ਪਹਿਲਾਂ, ਕਰੀਅਰ ਦੇ ਸੁਪਨੇ ਅਕਸਰ ਰਵਾਇਤੀ ਪੇਸ਼ਿਆਂ ਤੱਕ ਸੀਮਤ ਹੁੰਦੇ ਸਨ - ਡਾਕਟਰ, ਇੰਜੀਨੀਅਰ, ਅਧਿਆਪਕ, ਜਾਂ ਵਕੀਲ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ, "ਕਰੀਅਰ" ਦੀ ਪਰਿਭਾਸ਼ਾ ਨਾਟਕੀ ਢੰਗ ਨਾਲ ਬਦਲ ਗਈ ਹੈ। ਸਭ ਤੋਂ ਦਿਲਚਸਪ ਨਵੀਆਂ ਸਰਹੱਦਾਂ ਵਿੱਚੋਂ ਇੱਕ ਯੂਟਿਊਬ ਹੈ, ਉਹ ਪਲੇਟਫਾਰਮ ਜੋ ਇੱਕ ਸਧਾਰਨ ਵੀਡੀਓ-ਸ਼ੇਅਰਿੰਗ ਸਾਈਟ ਤੋਂ ਦੁਨੀਆ ਭਰ ਦੇ ਲੱਖਾਂ ਲੋਕਾਂ ਲਈ ਹੋਣ ਕਰਕੇ ਇੱਕ ਪੂਰੀ ਕਰੀਅਰ-ਮੰਜ਼ਿਲ ਵਿੱਚ ਬਦਲ ਗਿਆ ਹੈ।

ਸਾਰਿਆਂ ਲਈ ਪਲੇਟਫ਼ਾਰਮ

ਯੂਟਿਊਬ ਹਰ ਕਿਸੇ ਨੂੰ ਇੱਕ ਮੰਚ ਦਿੰਦਾ ਹੈ। ਭਾਵੇਂ ਤੁਸੀਂ ਗਾਇਕ, ਅਧਿਆਪਕ, ਗੇਮਰ, ਰਸੋਈਆ, ਜਾਂ ਕਾਮੇਡੀਅਨ ਹੋ, ਇਹ ਪਲੇਟਫ਼ਾਰਮ ਤੁਹਾਡੀ ਪ੍ਰਤਿਭਾ ਨੂੰ ਦੁਨੀਆ ਨਾਲ ਸਾਂਝਾ ਕਰਨ ਲਈ ਇੱਕ ਜਗ੍ਹਾ ਪ੍ਰਦਾਨ ਕਰਦਾ ਹੈ। ਸਭ ਤੋਂ ਵਧੀਆ ਗੱਲ ਕੀ ਹੈ? ਸ਼ੁਰੂਆਤ ਕਰਨ ਲਈ ਤੁਹਾਨੂੰ ਰਸਮੀ ਯੋਗਤਾਵਾਂ ਜਾਂ ਵੱਡਾ ਪੈਸਾ ਲਾਉਣ ਦੀ ਲੋੜ ਨਹੀਂ। ਤੁਹਾਨੂੰ ਸਿਰਫ਼ ਇੱਕ ਸਮਾਰਟਫ਼ੋਨ, ਰਚਨਾਤਮਕਤਾ ਅਤੇ ਲਗਨ ਦੀ ਲੋੜ ਹੈ।

ਸ਼ੌਕ ਤੋਂ ਪੇਸ਼ੇ ਤੱਕ

ਜੋ ਬਹੁਤ ਸਾਰੇ ਸਿਰਜਣਹਾਰਾਂ ਲਈ ਸ਼ੌਕ ਵਜੋਂ ਸ਼ੁਰੂ ਹੋਇਆ ਸੀ ਉਹ ਹੁਣ ਪੂਰੇ ਸਮੇਂ ਦਾ ਪੇਸ਼ਾ ਬਣ ਗਿਆ ਹੈ। ਸਫ਼ਲ ਯੂਟਿਊਬ ਕਈ ਚੈਨਲਾਂ ਰਾਹੀਂ ਕਮਾਈ ਕਰਦੇ ਹਨ—ਵਿਗਿਆਪਨ ਆਮਦਨ, ਬ੍ਰਾਂਡ ਭਾਈਵਾਲੀ, ਮੈਂਬਰਸ਼ਿਪ, ਵਪਾਰਕ ਮਾਲ, ਅਤੇ ਲਾਈਵ ਸਟ੍ਰੀਮਿੰਗ। ਕੁਝ ਸਿਰਜਕ ਆਪਣੇ ਖ਼ੁਦ ਦੇ ਸਟੂਡੀਓ ਬਨਾਉਣ, ਟੀਮਾਂ ਰੱਖਣ ਨਾਲ-ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਕਾਫ਼ੀ ਕਮਾਈ ਕਰ ਰਹੇ ਹਨ।

ਪ੍ਰਭਾਵ ਦੀ ਸ਼ਕਤੀ

ਯੂਟਿਊਬ ਨੂੰ ਕੰਮ ਲਈ ਵਰਤਣ ਵਾਲੇ, ਜਾਂ "ਯੂਟਿਊਬਰ", ਅੱਜ ਦੀਆਂ ਮਸ਼ਹੂਰ ਹਸਤੀਆਂ ਬਣੇ ਹੋਏ ਹਨ। ਉਹ ਵਿਚਾਰਾਂ, ਰੁਝਾਨਾਂ ਅਤੇ ਖਪਤਕਾਰਾਂ ਦੀਆਂ ਚੋਣਾਂ ਨੂੰ ਸ਼ਕਲ ਦਿੰਦੇ ਹਨ। ਬਹੁਤ ਸਾਰੇ ਬ੍ਰਾਂਡ ਹੁਣ ਰਵਾਇਤੀ ਇਸ਼ਤਿਹਾਰਬਾਜ਼ੀ ਨਾਲੋਂ ਯੂਟਿਊਬਰ ਨਾਲ ਸਹਿਯੋਗ ਕਰਨਾ ਪਸੰਦ ਕਰ ਰਹੇ ਹਨ ਕਿਉਂਕਿ ਦਰਸ਼ਕ ਉਹਨਾਂ ਨੂੰ ਵਧੇਰੇ ਕੰਮ ਦੇ ਅਤੇ ਸੱਚੇ-ਅਖ਼ਤਿਆਰੀ ਸਮਝ ਰਹੇ ਹਨ। ਇਸ ਨੇ ਇੱਕ ਪੂਰੀ ਇੰਡੱਸਟ੍ਰੀ ਬਣਾਈ ਹੈ ਜਿਸਨੂੰ "ਇਨਫ਼ਲੂਐਂਸਰ ਮਾਰਕੀਟਿੰਗ" ਕਿਹਾ ਜਾਂਦਾ ਹੈ।

ਸਿੱਖਿਆ ਅਤੇ ਸਸ਼ਕਤੀਕਰਨ

ਯੂਟਿਊਬ ਸਿਰਫ਼ ਮਨੋਰੰਜਨ ਲਈ ਨਹੀਂ - ਇਹ ਇੱਕ ਸ਼ਕਤੀਸ਼ਾਲੀ ਵਿਦਿਅਕ ਸਾਧਨ ਵੀ ਹੈ। ਬਹੁਤ ਸਾਰੇ ਅਧਿਆਪਕ ਅਤੇ ਪੇਸ਼ੇਵਰ ਇਸ ਪਲੇਟਫ਼ਾਰਮ ਦੀ ਵਰਤੋਂ ਗਿਆਨ ਸਾਂਝਾ ਕਰਨ, ਟਿਊਟੋਰਿਅਲ ਪੇਸ਼ ਕਰਨ ਅਤੇ ਵਿਸ਼ਵਵਿਆਪੀ ਦਰਸ਼ਕਾਂ ਨੂੰ ਕੋਈ ਹੁਨਰ ਸਿਖਾਉਣ ਲਈ ਕਰਦੇ ਹਨ। ਕੋਡਿੰਗ ਤੋਂ ਲੈ ਕੇ ਖਾਣਾ ਪਕਾਉਣ ਤੱਕ, ਵਿਦਿਆਰਥੀ, ਲਗਭਗ ਕੁਝ ਵੀ, ਮੁਫ਼ਤ ਵਿੱਚ ਸਿੱਖ ਸਕਦੇ ਹਨ। ਇਸ ਨੇ ਸਿੱਖਿਆ ਦਾ ਲੋਕਤੰਤਰੀਕਰਨ ਕੀਤਾ ਹੈ ਅਤੇ ਸਿੱਖਿਆ (ਸਿੱਖਿਆ+ਮਨੋਰੰਜਨ) ਦੇ ਨਵੇਂ ਕਰੀਅਰ ਮਾਰਗ ਬਣਾਏ ਹਨ।

ਯੂਟਿਊਬ ਕਰੀਅਰ-ਚੁਣੌਤੀਆਂ

ਹਾਲਾਂਕਿ, ਹਰੇਕ ਯੂਟਿਊਬ ਯਾਤਰਾ ਅਸਾਨ ਨਹੀਂ ਹੈ। ਇਸ ਲਈ ਸਬਰ, ਅਨੁਸ਼ਾਸਨ ਅਤੇ ਰਚਨਾਤਮਕਤਾ ਦੀ ਲੋੜ ਹੁੰਦੀ ਹੈ। ਮੁਕਾਬਲਾ ਬਹੁਤ ਤੇਜ਼ ਹੈ, 'ਐਲਗੋਰਿਦਮ' ਬਦਲਦੇ ਰਹਿੰਦੇ ਹਨ, ਅਤੇ ਸਫ਼ਲਤਾ ਲਈ ਅਕਸਰ ਸਾਲਾਂ ਦੀ ਮਿਹਨਤ ਦੀ ਲੋੜ ਹੁੰਦੀ ਹੈ। ਮਾਨਸਿਕ ਸਿਹਤ ਦੇ ਮੁੱਦੇ, ਔਨਲਾਈਨ ਟਿੱਚਰਾਂ, ਅਤੇ ਸਮੱਗਰੀ ਵੱਲੋਂ ਖਾਲੀ ਹੋ ਜਾਣਾ ਸਿਰਜਕਾਂ ਲਈ ਅਸਲ ਚੁਣੌਤੀਆਂ ਹਨ।

ਚੁਣੌਤੀਆਂ ਦੇ ਬਾਵਜੂਦ

ਯੂਟਿਊਬ ਉਨ੍ਹਾਂ ਸੁਫ਼ਨਿਆਂ ਨੂੰ ਧੂਹਣਾ ਜਾਰੀ ਰੱਖਦਾ ਹੈ ਜੋ ਜਨੂੰਨ ਨੂੰ ਪੇਸ਼ੇ ਵਿੱਚ ਬਦਲਣਾ ਚਾਹੁੰਦੇ ਹਨ। ਇਹ ਕੰਮਕਾਰ ਨੂੰ ਦੇਖਣ ਦੇ ਸਾਡੇ ਤਰੀਕੇ ਵਿੱਚ ਤਬਦੀਲੀ ਦਾ ਚਿੰਨ੍ਹ ਹੈ - ਇਹ ਕੋਈ ਨੌਕਰੀ ਨਹੀਂ ਜੋ ਅਸੀਂ ਸੁਰੱਖਿਆ-ਬਚਾਅ ਲਈ ਕਰਦੇ ਹਾਂ, ਸਗੋਂ ਇੱਕ ਅਜਿਹੀ ਚੀਜ਼ ਹੈ ਜੋ ਸਵੈ-ਪ੍ਰਗਟਾਵੇ, ਅਜ਼ਾਦੀ ਅਤੇ ਅਸਰ ਪਾਉਣ ਦੀ ਆਗਿਆ ਦਿੰਦੀ ਹੈ।

21ਵੀਂ ਸਦੀ ਵਿੱਚ, ਯੂਟਿਊਬ ਸਿਰਫ਼ ਇੱਕ ਪਲੇਟਫ਼ਾਰਮ ਨਹੀਂ - ਇਹ ਇੱਕ "ਕਰੀਅਰ-ਕ੍ਰਾਂਤੀ" ਹੈ; ਜੋ-ਵਿਅਕਤੀਆਂ ਨੂੰ ਅਜਿਹੇ ਤਰੀਕਿਆਂ ਨਾਲ ਸਿਰਜਣ, ਸੰਚਾਰ ਕਰਨ ਅਤੇ ਕਮਾਉਣ ਦਾ ਅਧਿਕਾਰ ਦਿੰਦੀ ਹੈ ਜੋ ਇੱਕ ਦਹਾਕਾ ਪਹਿਲਾਂ ਸੁਫ਼ਨੇ ਵਿਚ ਵੀ ਨਹੀਂ ਸਨ। ਅੱਜ ਦੀ ਪੀੜ੍ਹੀ ਲਈ, ਇਹ ਸਪੱਸ਼ਟ ਹੈ: ਸਫ਼ਲਤਾ ਸਿਰਫ਼ ਦਫ਼ਤਰਾਂ ਅਤੇ ਡਿਗਰੀਆਂ ਤੋਂ ਹੀ ਨਹੀਂ ਆਉਂਦੀ - ਇਹ ਇੱਕ ਕੈਮਰੇ, ਇੱਕ ਵਿਚਾਰ ਅਤੇ "ਅੱਪਲੋਡ" ਦਾ ਬਟਨ ਨੱਪਣ ਦੀ ਹਿੰਮਤ ਤੋਂ ਵੀ ਆ ਸਕਦੀ ਹੈ।

ਸੇਵਾਮੁਕਤ ਪ੍ਰਿੰਸੀਪਲ, ਉੱਘੇ ਸਿੱਖਿਆ ਸ਼ਾਸਤਰੀ, ਮਲੋਟ, ਪੰਜਾਬ

ਜਦੋਂ ਕਲਰਕ ਬਾਦਸ਼ਾਹ ਨੇ ਸਿੱਖਿਆ ਮੰਤਰੀ ਨੂੰ ਟਿੱਚ ਜਾਣਿਆ

ਬਲਰਾਜ ਸਿੰਘ ਸਿੱਧੂ

2012 ਤੋਂ ਲੈ ਕੇ 2017 ਵਾਲੀ ਅਕਾਲੀ ਸਰਕਾਰ ਵੇਲੇ ਮੇਰੀ ਪੋਸਟਿੰਗ ਤਕਰੀਬਨ 4 ਸਾਲ ਬਤੌਰ ਐਸ.ਪੀ. ਸਬ ਡਵੀਜ਼ਨ ਮਲੋਟ ਜਿਲ੍ਹਾ ਮੁਕਤਸਰ ਸਾਹਿਬ ਵਿਖੇ ਰਹੀ ਸੀ। ਇਸ ਤੋਂ ਪਹਿਲਾਂ ਮੈਂ ਐਸ.ਪੀ. ਡਿਟੈੱਕਟਿਵ ਬਰਨਾਲਾ ਸੀ। ਬਰਨਾਲੇ ਤੋਂ ਮੇਰੀ ਬਦਲੀ ਇੱਕ ਘਟੀਆ ਬੰਦੇ ਨੇ ਜਾਣ ਬੁੱਝ ਕੇ ਮਲੋਟ ਕਰਵਾਈ ਸੀ। ਮਲੋਟ ਸਬ ਡਵੀਜ਼ਨ ਵਿਖੇ ਐਸ.ਪੀ. ਦੀ ਸੈਂਕਸ਼ਨਡ ਪੋਸਟ ਤਾਂ ਸੀ ਪਰ ਉਸ ਵਾਸਤੇ ਕੋਈ ਰਿਹਾਇਸ਼ ਜਾਂ ਦਫ਼ਤਰ ਨਹੀਂ ਸੀ। ਮੇਰੇ ਤੋਂ ਪਹਿਲਾਂ ਵੀ ਦੋ ਤਿੰਨ ਐਸ.ਪੀਜ਼ ਦੀ ਪੋਸਟਿੰਗ ਉਥੇ ਹੋਈ ਸੀ ਪਰ ਉਹ ਦੋ ਚਾਰ ਹਫ਼ਤਿਆਂ ਵਿੱਚ ਹੀ ਬਦਲੀ ਕਰਵਾਅ ਕੇ ਦੌੜ ਗਏ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਬਾਦਲ ਪਿੰਡ ਦਾ ਮਲੋਟ ਸਬ ਡਵੀਜ਼ਨ ਵਿੱਚ ਹੋਣਾ ਅਤੇ ਦਿਨ ਰਾਤ ਪੈਣ ਵਾਲੀ ਵੀਆਈਪੀ ਡਿਊਟੀ ਸੀ। ਮੈਂ ਵੀ ਬਦਲੀ ਕਰਾਉਣ ਵਾਸਤੇ ਬਹੁਤ ਯਤਨ ਕੀਤੇ ਪਰ ਗੱਲ ਨਾ ਬਣੀ।

ਮਹੀਨੇ ਡੇਢ ਮਹੀਨੇ ਵਿੱਚ ਮੈਂ ਥਾਣਾ ਲੰਬੀ ਦੇ ਕਵਾਟਰਾਂ ਵਿੱਚ ਰਿਹਾਇਸ਼ ਅਤੇ ਥਾਣਾ ਸਦਰ ਮਲੋਟ ਦੇ ਅੰਦਰ ਦਫ਼ਤਰ ਤਿਆਰ ਕਰ ਲਿਆ। ਇਸ ਕੰਮ ਵਿੱਚ ਮੇਰੀ ਥਾਣਾ ਲੰਬੀ ਦੇ ਐਸ.ਐਚ.ਉ. ਗੁਰਪ੍ਰੀਤ ਸਿੰਘ ਬੈਂਸ (ਹੁਣ ਡੀ.ਐਸ.ਪੀ) ਨੇ ਬਹੁਤ ਮਦਦ ਕੀਤੀ ਸੀ।

ਘਟੀਆ ਬੰਦੇ ਨੇ ਆਪਣੀ ਜਾਚੇ ਮੈਨੂੰ ਉਥੇ ਫਸਾਇਆ ਸੀ ਪਰ ਇਹ ਪੋਸਟਿੰਗ ਮੇਰੇ ਬਹੁਤ ਕੰਮ ਆਈ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਉੱਪ ਮੁੱਖ ਮੰਤਰੀ ਤੱਕ ਮੇਰੀ ਸਿੱਧੀ ਪਹੁੰਚ ਬਣ ਗਈ।

ਉਸ ਵੇਲੇ ਹਲਾਤ ਅਜਿਹੇ ਸਨ ਕਿ ਲੰਬੀ ਹਲਕੇ ਦਾ ਕੋਈ ਆਮ ਬੰਦਾ ਵੀ ਪੰਜਾਬ ਦੇ ਕਿਸੇ ਡੀ.ਸੀ. ਜਾਂ ਐਸ.ਐਸ.ਪੀ. ਨੂੰ ਫ਼ੋਨ ਕਰ ਦਿੰਦਾ ਸੀ ਜਾਂ ਕਿਸੇ ਕੰਮ ਚਲਾ ਜਾਂਦਾ ਸੀ ਤਾਂ ਤਰਥੱਲੀ ਮਚ ਜਾਂਦੀ ਸੀ। ਅਫ਼ਸਰ ਖ਼ੁਦ ਉਸ ਨੂੰ ਬਾਹਰੋਂ ਲੈਣ ਲਈ ਆਉਂਦੇ ਸਨ।

ਮੋਹਾਲੀ ਇੱਕ ਅਜਿਹਾ ਸ਼ਹਿਰ ਹੈ ਜਿੱਥੇ ਸਰਕਾਰੀ ਸਕੂਲ ਟੀਚਰ ਦੀ ਪੋਸਟਿੰਗ ਕਰਾਉਣੀ ਡੀ.ਸੀ. ਲੱਗਣ ਨਾਲੋਂ ਵੀ ਔਖੀ ਹੈ। ਉੱਚ ਅਫ਼ਸਰਾਂ ਦੀਆਂ ਪਤਨੀਆਂ ਜਾਂ ਵੱਡੇ ਸਿਫ਼ਾਰਸ਼ੀ ਹੀ ਇਥੇ ਪੋਸਟਿੰਗ ਕਰਾਅ ਸਕਦੇ ਹਨ।

ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਸੀ ਜਿਸ ਦੀ ਪਤਨੀ ਮੋਹਾਲੀ ਤੋਂ ਕਾਫ਼ੀ ਦੂਰ ਰਾਜਪੁਰੇ ਨੇੜਲੇ ਕਿਸੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਲੱਗੀ ਹੋਈ ਸੀ। ਲਿੰਕ ਸੜਕ ਦੀ ਹਾਲਤ ਬਹੁਤ ਭੈੜੀ ਸੀ ਜਿਸ ਕਾਰਨ ਆਉਣ ਜਾਣ ਵਿੱਚ ਹੀ ਦੋ ਢਾਈ ਘੰਟੇ ਲੱਗ ਜਾਂਦੇ ਸਨ।

ਇੱਕ ਦਿਨ ਮੈਂ ਛੁੱਟੀ ਲੈ ਕੇ ਮੋਹਾਲੀ ਆਇਆ ਹੋਇਆ ਸੀ ਤਾਂ ਉਹ ਵੀ ਆ ਗਿਆ। ਚਾਹ ਪਾਣੀ ਛਕਣ ਤੋਂ ਬਾਅਦ ਉਸ ਨੇ ਮੈਨੂੰ ਆਪਣੀ ਸਮੱਸਿਆ ਦੱਸੀ ਅਤੇ ਵੰਗਾਰਿਆ ਕਿ ਤੇਰੇ ਬਾਦਲ ਸਾਹਿਬ ਦੇ ਹਲਕੇ ਵਿੱਚ ਲੱਗਣ ਦਾ ਕੀ ਫ਼ਾਇਦਾ ਹੈ ਜੇ ਤੇਰੀ ਭਾਬੀ ਦੀ ਬਦਲੀ ਮੋਹਾਲੀ ਨਾ ਹੋਈ ਤਾਂ।

ਇਥੇ ਇਹ ਦੱਸਣਾ ਬਣਦਾ ਹੈ ਕਿ ਟੀਚਰਾਂ ਦੀ ਬਦਲੀ ਉਦੋਂ ਹੀ ਹੁੰਦੀ ਹੈ ਜੇ ਅੱਗੇ ਪੋਸਟ ਖਾਲੀ ਹੋਵੇ। ਪੁਲਸ ਵਾਂਗ ਨਹੀਂ ਕਿ ਜਿਸ ਦਾ ਜ਼ੋਰ ਚੱਲਦਾ ਹੈ ਉਹ ਦੂਸਰੇ ਨੂੰ ਪੁੱਟ ਕੇ ਆਪ ਲੱਗ ਜਾਂਦਾ ਹੈ!

ਉਸ ਦੀ ਪਤਨੀ ਸਾਇੰਸ ਟੀਚਰ ਸੀ ਅਤੇ ਉਸ ਨੇ ਮੈਨੂੰ ਦੱਸਿਆ ਕਿ ਫ਼ਲਾਣੇ ਸਕੂਲ ਵਿੱਚ ਇੱਕ ਪੋਸਟ ਖਾਲੀ ਹੈ।

ਮੇਰੀ ਸਵਰਗੀ ਜੱਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨਾਲ ਬਹੁਤ ਬਣਦੀ ਸੀ। ਸੋਮਵਾਰ ਨੂੰ ਮੈਂ ਵਾਪਸ ਚਲਾ ਗਿਆ ਤੇ ਸਿੱਧਾ ਜੱਥੇਦਾਰ ਸਾਹਿਬ ਕੋਲ ਪਹੁੰਚ ਗਿਆ।

ਉਨ੍ਹੀਂ ਦਿਨੀਂ ਸ. ਦਲਜੀਤ ਸਿੰਘ ਚੀਮਾ ਨਵੇਂ ਨਵੇਂ ਹੀ ਸਿੱਖਿਆ ਮੰਤਰੀ ਬਣੇ ਸਨ ਤੇ ਉਨ੍ਹਾਂ ਦੀ ਕੋਲਿਆਂਵਾਲੀ ਨਾਲ ਚੰਗੀ ਮਿੱਤਰਤਾ ਸੀ। ਮੈਂ ਉਨ੍ਹਾਂ ਨੂੰ ਸਾਰੇ ਹਾਲਾਤ ਦੱਸ ਦਿੱਤੇ ਅਤੇ ਟੀਚਰ ਦਾ ਨਾਮ ਅਤੇ ਕਿੱਥੋਂ ਕਿੱਥੇ ਬਦਲੀ ਕਰਾਉਣੀ ਹੈ, ਇੱਕ ਚਿੱਟ 'ਤੇ ਲਿਖ ਕੇ ਫੜਾਅ ਦਿੱਤਾ।

ਕੁਦਰਤੀ ਜੱਥੇਦਾਰ ਸਾਹਿਬ ਚੰਡੀਗੜ੍ਹ ਹੀ ਜਾ ਰਹੇ ਸਨ। ਦੁਪਹਿਰੇ 2 ਕੁ ਵਜੇ ਉਨ੍ਹਾਂ ਦਾ ਫ਼ੋਨ ਆਇਆ ਕਿ ਮੈਂ ਚੀਮਾ ਸਾਹਿਬ ਦੇ ਦਫ਼ਤਰ ਬੈਠਾ ਹਾਂ। ਉਨ੍ਹਾਂ ਨੇ ਡੀਈਓ ਮੋਹਾਲੀ ਨੂੰ ਇਸ ਬਦਲੀ ਸਬੰਧੀ ਫ਼ੋਨ ਕੀਤਾ ਹੈ, ਜਿਸ ਨੇ ਸਬੰਧਤ ਕਲਰਕ ਤੋਂ ਪੁੱਛ ਕੇ ਦੱਸਿਆ ਹੈ ਕਿ ਉਸ ਸਕੂਲ ਵਿੱਚ ਤਾਂ ਕੀ, ਸਾਰੇ ਮੋਹਾਲੀ ਸ਼ਹਿਰ ਵਿੱਚ ਸਾਇੰਸ ਟੀਚਰ ਦੀ ਕੋਈ ਪੋਸਟ ਖਾਲੀ ਨਹੀਂ ਹੈ!

ਮੈਂ ਜਥੇਦਾਰ ਸਾਹਿਬ ਨੂੰ ਕਿਹਾ ਕਿ ਕੋਈ ਗੱਲ ਨਹੀਂ, ਅੱਜ ਤੁਸੀਂ ਰਹਿਣ ਦਿਉ; ਮੈਂ ਕੱਲ੍ਹ ਤੱਕ ਤੁਹਾਨੂੰ ਇਸ ਸਬੰਧੀ ਲਿਖਤੀ ਦਸਤਾਵੇਜ਼ ਮੁਹੱਈਆ ਕਰਵਾਅ ਦੇਵਾਂਗਾ।

ਮੈਂ ਆਪਣੇ ਦੋਸਤ ਨੂੰ ਫ਼ੋਨ ਕੀਤਾ ਕਿ ਭਰਾਵਾ ਡੀਈਓ ਦਫ਼ਤਰ ਨੇ ਤਾਂ ਨਾਂਹ ਕਰ ਦਿੱਤੀ ਹੈ, ਜੇ ਤੇਰੇ ਕੋਲ ਇਸ ਸਬੰਧੀ ਕੋਈ ਦਸਤਾਵੇਜ਼ ਹਨ ਤਾਂ ਮੈਨੂੰ ਵਾਟ੍ਹਸਐਪ ਕਰ ਦੇ।

ਉਹ ਉਸੇ ਵੇਲੇ ਸਰਗਰਮ ਹੋ ਗਿਆ ਅਤੇ ਕਿਸੇ ਤਰਾਂ ਢਾਹ-ਭੰਨ ਕਰ ਕੇ ਉਸ ਚਿੱਠੀ ਦੀ ਕਾਪੀ ਮੈਨੂੰ ਭੇਜ ਦਿੱਤੀ, ਜਿਹੜੀ ਉਸ ਸਕੂਲ ਦੇ ਪ੍ਰਿੰਸੀਪਲ ਨੇ ਡੀਈਓ ਨੂੰ ਲਿਖੀ ਹੋਈ ਸੀ- ਕਿ ਸਾਡੇ ਸਕੂਲ ਵਿੱਚ ਸਾਇੰਸ ਟੀਚਰ ਦੀ ਇੱਕ ਪੋਸਟ ਖਾਲੀ ਹੈ, ਕਿਰਪਾ ਕਰ ਕੇ ਕਿਸੇ ਟੀਚਰ ਨੂੰ ਇਥੇ ਨਿਯੁੱਕਤ ਕੀਤਾ ਜਾਵੇ।

ਅਸਲ ਵਿੱਚ ਉਹ ਚਿੱਠੀ ਸਬੰਧਤ ਕਲਰਕ ਨੇ ਘੁੱਟ ਲਈ ਸੀ, ਕਿਉਂਕਿ ਉਹ ਉਥੇ ਰੋਪੜ ਤੋਂ ਆਪਣੀ ਸਾਲੀ ਦੀ ਬਦਲੀ ਕਰਵਾਉਣੀ ਚਾਹੁੰਦਾ ਸੀ।

ਸ਼ਾਮ ਨੂੰ ਮੈਨੂੰ ਜੱਥੇਦਾਰ ਸਾਹਿਬ ਦਾ ਫ਼ੋਨ ਆ ਗਿਆ ਕਿ ਮੈਂ ਘਰ ਆ ਗਿਆ ਹਾਂ ਅਤੇ ਜੇ ਦਸਤਾਵੇਜ਼ ਮਿਲ ਗਏ ਹਨ ਤਾਂ ਆ ਜਾਉ।

ਮੈਂ ਉਸੇ ਵੇਲੇ ਕੋਲਿਆਂਵਾਲੀ ਪਹੁੰਚ ਗਿਆ ਅਤੇ ਚਿੱਠੀ ਉਨ੍ਹਾਂ ਨੂੰ ਦਿਖਾਅ ਦਿੱਤੀ। ਉਹ ਕਿੰਨਾ ਚਿਰ ਹੈਰਾਨੀ ਨਾਲ ਉਸ ਚਿੱਠੀ ਵੱਲ ਵੇਖਦੇ ਰਹੇ ਤੇ ਫਿਰ ਬੋਲੇ -ਕਿ ਲੋਕ ਵਾਕਿਆ ਹੀ ਸਹੀ ਕਹਿੰਦੇ ਹਨ ਕਿ ਕਲਰਕ ਜੋ ਚਾਹੇ ਕਰ ਸਕਦੇ ਹਨ।

ਉਨ੍ਹਾਂ ਨੇ ਚੀਮਾ ਸਾਹਿਬ ਨੂੰ ਫੋਨ ਕਰ ਕੇ ਸਾਰੀ ਗੱਲ ਦੱਸ ਕੇ ਨਿਹੋਰਾ ਮਾਰਿਆ, ''ਹੱਦ ਹੋ ਗਈ ਚੀਮਾ ਸਾਹਿਬ, ਤੁਸੀਂ ਕਰ ਲਿਆ ਮੰਤਰੀਪੁਣਾ। ਤੁਹਾਨੂੰ ਤਾਂ ਤੁਹਾਡੇ ਮਹਿਕਮੇ ਦੇ ਕਲਰਕ ਹੀ ਕੁਝ ਨਹੀਂ ਸਮਝਦੇ।''

ਇਹ ਸੁਣ ਕੇ ਚੀਮਾ ਸਾਹਿਬ ਦੇ ਤਨ ਬਦਨ ਨੂੰ ਅੱਗ ਗਈ ਅਤੇ ਕਿਹਾ ਕਿ ਫ਼ੌਰਨ ਚਿੱਠੀ ਮੈਨੂੰ ਵੱਟਸਐਪ ਕਰ ਦਿਉ। ਮੈਂ ਚਿੱਠੀ ਜਥੇਦਾਰ ਸਾਹਿਬ ਦੇ ਫ਼ੋਨ 'ਤੇ ਭੇਜ ਦਿੱਤੀ ਅਤੇ ਉਨ੍ਹਾਂ ਨੇ ਚੀਮਾ ਸਾਹਿਬ ਨੂੰ ਭੇਜ ਦਿੱਤੀ।

ਹੁਣ ਚੰਡੀਗੜ੍ਹ ਚੀਮਾ ਸਾਹਿਬ ਨੇ ਕਿਸ ਕਿਸ ਅਫ਼ਸਰ ਦੀ ਕੀ ਕੀ ਕਲਾਸ ਲਾਈ ਅਤੇ ਉਸ ਕਲਰਕ ਦਾ ਕੀ ਬਣਿਆ, ਇਹ ਤਾਂ ਮੈਨੂੰ ਪਤਾ ਨਹੀਂ ਪਰ ਸਵੇਰੇ ਅੱਠ ਵਜੇ ਮੇਰੇ ਦੋਸਤ ਦਾ ਫ਼ੋਨ ਆ ਗਿਆ ਕਿ ਬਦਲੀ ਹੋ ਗਈ ਹੈ। ਮੈਂ ਸੋਚਿਆ ਕਿ ਐਵੇਂ ਟਿੱਚਰਾਂ ਕਰ ਰਿਹਾ ਹੈ। ਸਰਕਾਰੀ ਦਫ਼ਤਰ ਤਾਂ ਦਸ ਵਜੇ ਖੁਲ੍ਹਦੇ ਹਨ, ਇਹ ਅੱਠ ਵਜੇ ਆਰਡਰ ਕਿਵੇਂ ਆ ਗਏ? ਮੈਂ ਥੋੜ੍ਹਾ ਜਿਹਾ ਖਿਝ ਕੇ ਕਿਹਾ ਕਿ ਮੈਂ ਕੋਸ਼ਿਸ਼ ਤਾਂ ਕਰ ਹੀ ਰਿਹਾ ਹਾਂ, ਦੋ ਚਾਰ ਦਿਨ ਸਬਰ ਤਾਂ ਕਰ ਲੈ। ਪਰ ਉਹ ਖੁਸ਼ੀ ਨਾਲ ਖੀਵਾ ਹੋਇਆ ਉੱਚੀ ਉੱਚੀ ਬੋਲਣ ਲੱਗਾ ਕਿ ਸੱਚੀਂ ਹੋ ਗਈ ਹੈ; ਮੈਨੂੰ ਹੁਣੇ ਡੀਈਓ ਦਫ਼ਤਰ ਦਾ ਮੁਲਾਜ਼ਮ ਆਰਡਰ ਫੜਾਅ ਕੇ ਗਿਆ ਹੈ।
ਜਦੋਂ ਤੱਕ ਉਸ ਨੇ ਮੈਨੂੰ ਆਰਡਰਾਂ ਦੀ ਕਾਪੀ ਵੱਟ੍ਹਸਐਪ ਨਾ ਕੀਤੀ, ਮੈਨੂੰ ਯਕੀਨ ਨਾ ਆਇਆ।

ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

''ਪੁਸ਼-ਅੱਪ ਮੈਨ ਆਫ਼ ਪੰਜਾਬ''- ਕੁੰਵਰ ਅੰਮ੍ਰਿਤਬੀਰ ਸਿੰਘ

ਪੰਜਾਬ ਦੇ 'ਪੁਸ਼-ਅੱਪ ਮੈਨ' ਵਜੋਂ ਜਾਣੇ ਜਾਂਦੇ ਕੁਵਰ ਅੰਮ੍ਰਿਤਬੀਰ ਸਿੰਘ ਦਾ ਜਨਮ 4 ਨਵੰਬਰ, 2001 ਵਿੱਚ ਪਿੰਡ ਉਮਰਵਾਲਾ,ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਨਿਸ਼ਾਨ ਸਿੰਘ ਅਤੇ ਮਾਤਾ ਦਾ ਨਾਮ ਸਿਮਰਨਜੀਤ ਕੌਰ ਹੈ। ਉਹਨਾਂ ਨੇ ਮੁੱਢਲੀ ਪੜ੍ਹਾਈ ਨਰਸਰੀ ਤੋਂ ਪਹਿਲੀ ਜਮਾਤ ਤੱਕ ਸੇਂਟ ਫ਼ਰਾਂਸੀਸ ਕੌਨਵੈਂਟ ਸਕੂਲ ਪੋਟਲੀ ਸੂਰਤ ਮਾਲਹੀ ਤੋਂ, ਦੂਸਰੀ ਤੋਂ ਅੱਠਵੀਂ ਜਮਾਤ ਮਾਡਰਨ ਸੰਦੀਪਨੀ ਸਕੂਲ ਪਠਾਨਕੋਟ ਤੋਂ, ਨੌਵੀਂ-ਦਸਵੀਂ ਜਮਾਤ ਕੈਮਬ੍ਰਿਜ ਇੰਟਰਨੈਸ਼ਨਲ ਸਕੂਲ ਬਟਾਲਾ ਤੋਂ,ਬਾਰ੍ਹਵੀਂ ਸ੍ਰੀ ਦਸ਼ਮੇਸ਼ ਅਕੈਡਮੀ ਆਨੰਦਪੁਰ ਸਾਹਿਬ ਤੋਂ, ਗਰੈਜੂਏਸ਼ਨ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਹੁਣ ਉਹ ਰਾਜਨੀਤੀ ਸ਼ਾਸਤਰ ਦੇ ਵਿੱਚ ਐੱਮ.ਏ. ਕਰ ਰਿਹਾ ਹੈ।
ਉਨ੍ਹਾਂ ਨੇ ਕਈ ਗਿੰਨੀਜ਼ ਵਰਲਡ ਰਿਕਾਰਡ ਅਤੇ ਹੋਰ ਵਿਸ਼ਵ ਰਿਕਾਰਡ ਕਾਇਮ ਕੀਤੇ ਹਨ। ਉਨ੍ਹਾਂ ਦੇ ਕੁੱਝ ਮੁੱਖ ਰਿਕਾਰਡ ਅਤੇ ਪ੍ਰਾਪਤੀਆਂ ਇਸ ਤਰ੍ਹਾਂ ਹਨ:-

1.ਗਿੰਨੀਜ਼ ਵਰਲਡ ਰਿਕਾਰਡ:- ਉਨ੍ਹਾਂ ਨੇ ਇੱਕ ਮਿੰਟ ਵਿੱਚ ਸਭ ਤੋਂ ਵੱਧ ਉਂਗਲਾਂ ਦੇ ਪੋਟਿਆਂ 'ਤੇ ਪੁਸ਼-ਅੱਪ ਕਰਨ ਦਾ ਰਿਕਾਰਡ ਬਣਾਇਆ, ਜਿਸ ਵਿੱਚ ਉਨ੍ਹਾਂ ਨੇ 20 ਪਾਉਂਡ ਦਾ ਬੈਕਪੈਕ ਵੀ ਚੁੱਕਿਆ ਹੋਇਆ ਸੀ।
2. ਵਰਲਡ ਰਿਕਾਰਡ 2025:- ਉਨ੍ਹਾਂ ਨੇ 'ਇੱਕ ਮਿੰਟ ਵਿੱਚ ਇੱਕ ਲੱਤ ਉਠਾ ਕੇ ਸਭ ਤੋਂ ਵੱਧ ਡਿਕਲਾਈਨ ਪੁਸ਼-ਅੱਪਸ' ਕਰਨ ਦਾ ਰਿਕਾਰਡ ਬਣਾਇਆ।
3. ਨੌਜਵਾਨਾਂ ਲਈ ਪ੍ਰੇਰਨਾ:-ਕੁਵਰ ਅੰਮ੍ਰਿਤਬੀਰ ਸਿੰਘ ਜਿੰਮ ਤੋਂ ਬਿਨਾਂ ਘਰ ਵਿੱਚ ਹੀ ਕਸਰਤ ਕਰਕੇ ਨੌਜਵਾਨਾਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਨੇ ਨਸ਼ਿਆਂ ਵਿਰੁੱਧ ਵੀ ਮੁਹਿੰਮ ਚਲਾਈ ਹੈ।
4. ਸੋਸ਼ਲ ਮੀਡੀਆ:- ਉਹ ਫ਼ਿਟਨੈੱਸ ਰੁਟੀਨ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੇ ਹਨ ਅਤੇ ''ਫ਼ਿਟਨੈੱਸ ਗੁਰੂ'' ਦੇ ਤੌਰ 'ਤੇ ਵੀ ਜਾਣੇ ਜਾਂਦੇ ਹਨ।
5. 'ਸਵਾਭਿਮਾਨ' ਪੁਰਸਕਾਰ ਅਵਾਰਡੀ। 6. TEDx ਅਤੇ ਜੋਸ਼ ਟਾਕਸ ਸਪੀਕਰ
7. ਕਰਮਵੀਰ ਚੱਕਰ ਅਵਾਰਡੀ
8. ਯੂਨਾਈਟਿਡ ਸਿੱਖਸ ਸੰਸਥਾ ਦੇ"ਫਿਟਨੈਸ ਆਈਕਨ"।
9. ਚੋਣ ਕਮਿਸ਼ਨ ਵੱਲੋਂ ਨਿਯੁਕਤ ਜ਼ਿਲ੍ਹਾ ਗੁਰਦਾਸਪੁਰ ਦਾ ਸਵੀਪ ਆਈਕਨ।
10. ਪੰਜਾਬ ਪੁਲਿਸ ਵੱਲੋਂ ਨਿਯੁਕਤ ਕੀਤੇ ਗਏ ਨਸ਼ਾ ਵਿਰੋਧੀ ਬ੍ਰਾਂਡ ਅੰਬੈਸਡਰ।
11. 'ਜ਼ੀ ਪੰਜਾਬੀ 'ਤੇ ਹਰਭਜਨ ਸਿੰਘ ਜੀ ਦੁਆਰਾ ਹੋਸਟ ਕੀਤੇ ਗਏ ਸ਼ੋਅ "ਪੰਜਾਬੀਆਂ ਦੀ ਦਾਦਾਗਿਰੀ" ਦਾ ਦੂਜਾ ਰਨਰ ਅੱਪ।
12. ਐਕਸ਼ਨ ਹੀਰੋ ਵਜੋਂ ਫਿਲਮ ਇੰਡਸਟਰੀ ਵਿੱਚ ਡੈਬਿਊ ਕੀਤਾ।
13. ''ਵੈਰੀਫ਼ਾਈਡ ਸੋਸ਼ਲ ਮੀਡੀਆ ਫ਼ਿਟਨੈਸ ਇਨਫ਼ਲੂਐਂਸਰ'' ਜੋ ਹੁਣ ਤੱਕ ਜਿੰਮ ਨਹੀਂ ਗਿਆ! ਉਸ ਆਪਣਾ ਅਭਿਆਸ ਕਰਨ ਲਈ ਪਲਾਸਟਿਕ ਦੀਆਂ ਬੋਤਲਾਂ, ਇੱਟਾਂ, ਟਾਇਰਾਂ, ਟਾਇਰਾਂ ਵਿੱਚ ਟਿਊਬਾਂ ਅਤੇ ਸੀਮਿੰਟ ਦੀਆਂ ਟਾਈਲਾਂ, ਆਦਿ, ਨਾਲ ਆਪਣੇ ਘਰੇਲੂ ਬਣੇ ਦੇਸੀ ਕਸਰਤ ਉਪਕਰਣ ਬਣਾਏ ਹਨ। ਸਿਰਫ਼ ਸਾਜ਼ੋ-ਸਾਮਾਨ ਅਤੇ ਸਰੀਰ ਦੇ ਭਾਰ ਵਾਲੇ ਹੋਰ ਅਭਿਆਸ।

ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਨ ਵਾਲਾ ਇਹ ਨੌਜਵਾਨ ਅਜੋਕੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ। ਮੈਂ ਕਾਮਨਾ ਕਰਦਾ ਹਾਂ ਕਿ ਇਹ ਨੌਜਵਾਨ ਭਵਿੱਖ ਵਿੱਚ ਹੋਰ ਵੀ ਵੱਡੀਆਂ-ਵੱਡੀਆਂ ਪ੍ਰਾਪਤੀਆਂ ਕਰੇ ਅਤੇ ਆਪਣੇ ਮਾਤਾ-ਪਿਤਾ, ਪੰਜਾਬ ਅਤੇ ਪੰਜਾਬੀਅਤ ਦਾ ਨਾਮ ਰੌਸ਼ਨ ਕਰੇ।

ਜੋ. ਐੱਸ. ਮਹਿਰਾ 9592430420

ਸੋਫ਼ੀ ਦਾ ਸੰਸਾਰ



ਪੂਰਕ-ਸੁਆਦ

ਐਲਬਰਟ ਨੇ ਦੋ ਕੁ ਨੌਰਵੀਜੀ ਭਾਸ਼ਾ ਦੇ ਅਖ਼ਬਾਰ ਖ਼ਰੀਦੇ, ਬਾਰ ਵਿਚ ਇੱਕ ਖ਼ਾਲੀ ਮੇਜ਼ ਲੱਭਿਆ, ਅਤੇ ਆਪਣੇ ਲਈ ਇੱਕ ਕੌਫ਼ੀ ਦੇ ਕੱਪ ਦਾ ਆੱਰਡਰ ਦਿੱਤਾ। ਅਜੇ ਉਸ ਮਸਾਂ ਹੀ ਖ਼ਬਰਾਂ ਦੇ ਸਿਰਲੇਖ ਦੇਖੇ ਸਨ ਕਿ ਲਾਊਡਸਪੀਕਰਾਂ ਉੱਤੇ ਇੱਕ ਐਲਾਨ ਸੁਣਿਆ: "ਇਹ ਐਲਬਟਰ ਨੈੱਗ ਲਈ ਇੱਕ ਨਿੱਜੀ ਸੱਦਾ ਹੈ। ਐਲਬਰਟ ਨੈੱਗ ਨੂੰ ਬੇਨਤੀ ਹੈ ਕਿ ਉਹ ਐੱਸਏਐੱਸ ਸੂਚਨਾ ਡੈਸਕ ਨਾਲ ਰਾਬਤਾ ਕਰਨ।"

ਹੁਣ ਇਹ ਕੀ ਹੈ? ਉਸ ਨੂੰ ਆਪਣੀ ਰੀੜ੍ਹ ਵਿਚ ਇੱਕ ਅਜੀਬ ਜਿਹਾ ਅਹਿਸਾਸ ਥੱਲੇ ਵੱਲ ਨੂੰ ਉੱਤਰਦਾ ਮਹਿਸੂਸ ਹੋਇਆ। ਕਿਤੇ ਉਸਨੂੰ ਫੇਰ ਲੈਬਨਾਨ ਵਾਪਸ ਜਾਣ ਦਾ ਹੁਕਮ ਤਾਂ ਨਹੀਂ ਹੋਇਆ? ਕੀ ਘਰ ਵਿਚ ਕੁਝ ਵਿਗੜ ਗਿਆ ਹੈ?

ਉਹ ਝੱਟਪਟ ਐੱਸਏਐੱਸ ਸੂਚਨਾ ਡੈਸਕ ਪੁੱਜਾ।

"ਮੈਂ ਐਲਬਰਟ ਨੈੱਗ ਹਾਂ।"

"ਇਹ ਤੁਹਾਡੇ ਲਈ ਇੱਕ ਸੁਨੇਹਾ ਹੈ। ਇਹ ਅਤਿਜ਼ਰੂਰੀ ਹੈ।"

ਉਸ ਨੇ ਲਿਫ਼ਾਫ਼ਾ ਖੋਲ੍ਹਿਆ। ਅੰਦਰ ਇੱਕ ਹੋਰ ਨਿੱਕਾ ਲਿਫ਼ਾਫ਼ਾ ਸੀ। ਉੱਤੇ ਪਤਾ ਲਿਖਿਆ ਸੀ- ਮੇਜਰ ਐਲਬਰਟ ਨੈੱਗ, ਮਾਰਫ਼ਤ ਐੱਸਏਐੱਸ ਸੂਚਨਾ, ਕਾਸਤਰੂਪ ਹਵਾਈ ਅੱਡਾ, ਕੋਪਨਹੈਗਨ। ਐਲਬਰਟ ਨੇ ਕੁਝ ਘਬਰਾਹਟ ਨਾਲ ਨਿੱਕਾ ਲਿਫ਼ਾਫ਼ਾ ਖੋਲ੍ਹਿਆ। ਅੰਦਰ ਇੱਕ ਨਿੱਕਾ ਜਿਹਾ ਰੁੱਕਾ ਸੀ:

ਪਿਆਰੇ ਡੈਡ, ਲੈਬਨਾੱਨ ਤੋਂ ਘਰ ਆਉਣ ਲਈ ਜੀ ਆਇਆਂ ਨੂੰ। ਜਿਵੇਂ ਤੁਸੀਂ ਚੰਗੀ ਤਰ੍ਹਾਂ ਸਮਝ ਸਕਦੇ ਹੋ, ਤੁਸੀਂ ਕਦੋਂ ਘਰ ਪਹੁੰਚੋਗੇ, ਮੈਂ ਬਹੁਤ ਉਤਾਵਲ ਨਾਲ ਉਡੀਕ ਕਰ ਰਹੀ ਹਾਂ। ਮਾਫ਼ ਕਰਨਾ ਕਿ ਮੈਂ ਤੁਹਾਨੂੰ ਲਾਊਡਸਪੀਕਰਾਂ ਰਾਹੀਂ ਬੁਲਵਾਇਆ। ਇਹੀ ਸਭ ਤੋਂ ਸੌਖਾ ਰਾਹ ਸੀ।

ਪਿੱਛੋਂ ਸੁੱਝੀ: ਬਦਕਿਸਮਤੀ ਨਾਲ, ਵਿੱਤੀ-ਮਾਲੀ ਸਲਾਹਕਾਰ ਇੰਗੇ ਬ੍ਰਿਗਸਟਨ ਨੇ ਨੁਕਸਾਨ ਦੀ ਭਰਪਾਈ ਲਈ ਇੱਕ ਨੋਟਿਸ ਭੇਜਿਆ ਹੈ, ਚੁਰਾਈ ਅਤੇ ਪੂਰੀ ਤਰ੍ਹਾਂ ਭੰਨੀ ਇੱਕ ਮਰਸਿਡੀਜ਼ ਬਾਰੇ।

ਹੋਰ ਪਿੱਛੋਂ ਸੁੱਝੀ: ਤੁਸੀਂ ਇੱਥੇ ਪਹੁੰਚੋਗੇ ਤਾਂ ਮੈਂ ਬਗੀਚੇ ਵਿਚ ਬੈਠੀ ਹੋ ਸਕਦੀ ਹਾਂ। ਪਰ ਸ਼ਾਇਦ ਤੁਸੀਂ ਉਸ ਤੋਂ ਪਹਿਲਾਂ ਹੀ ਮੇਰੇ ਵੱਲੋਂ ਕੋਈ ਸੁਨੇਹਾ ਸੁਣੋ।

ਹੋਰ ਵੀ ਪਿੱਛੋਂ ਸੁੱਝੀ: ਮੈਨੂੰ ਬਗੀਚੇ ਵਿਚ ਇੱਕੋ ਵਾਰ ਵਿਚ ਬਹੁਤਾ ਹੀ ਚਿਰ ਰਹਿਣ ਤੋਂ ਡਰ ਲੱਗਦਾ ਹੈ। ਇਹੋ ਜਿਹੀਆਂ ਥਾਵਾਂ ਵਿਚ ਜ਼ਮੀਨ ਵਿਚ ਹੀ ਧਸ ਜਾਣ ਦਾ ਕਿੰਨਾ ਖ਼ਤਰਾ ਹੁੰਦਾ ਹੈ।

ਹਿਲਡੇ ਵੱਲੋਂ ਪਿਆਰ, ਜਿਸ ਕੋਲ ਤੁਹਾਡੇ ਘਰ-ਪਰਤਣ ਲਈ ਤਿਆਰੀਆਂ ਕਰਨ ਲਈ ਖੁੱਲ੍ਹਾ ਸਮਾਂ ਰਿਹਾ ਹੈ।

ਪਹਿਲਾਂ ਤਾਂ ਮੇਜਰ ਐਲਬਰਟ ਮੁਸਕ੍ਰਾਉਣ ਲੱਗੇ ਸੀ। ਪਰ ਉਨ੍ਹਾਂ ਨੂੰ ਇਸ ਤਰ੍ਹਾਂ ਵਰਤਿਆਂ ਜਾਣਾ ਪਸੰਦ ਨਹੀਂ ਸੀ। ਉਨ੍ਹਾਂ ਨੂੰ ਹਮੇਸ਼ਾ ਤੋਂ ਆਪਣੀ ਜ਼ਿੰਦਗੀ ਦੇ ਆਪ ਮਾਲਿਕ ਹੋਣਾ ਹੀ ਚੰਗਾ ਲੱਗਦਾ ਆਇਆ ਸੀ। ਹੁਣ ਲਿੱਲੇਸੈਂਡ ਵਿਚ ਇਹ ਨਿੱਕੀ ਲੂੰਬੜੀ ਕਾਸਤਰੂਪ ਹਵਾਈ ਅੱਡੇ 'ਤੇ ਉਸਦੀ ਹਿੱਲਜੁਲ ਨੂੰ ਚਲਾਅ ਰਹੀ ਸੀ! ਇਸਦਾ ਉਸਨੇ ਕਿਵੇਂ ਇੰਤਜ਼ਾਮ ਕਰ ਲਿਆ?

ਉਨ੍ਹਾਂ ਲਿਫ਼ਾਫ਼ਾ ਆਪਣੀ ਛਾਤੀ ਵਾਲੀ ਜੇਬ ਵਿੱਚ ਪਾਇਆ ਅਤੇ ਹੌਲੀ ਹੌਲੀ ਨਿੱਕੀ ਜਿਹੀ ਸ਼ਾੱਪਿੰਗ ਮਾੱਲ ਵੱਲ ਨੂੰ ਤੁਰ ਪਏ। ਉਹ ਡੈਨਿਸ਼ ਫੂਡ ਡੈਲੀ ਦੇ ਅੰਦਰ ਜਾਣ ਹੀ ਵਾਲੇ ਸਨ ਕਿ ਉਨ੍ਹਾਂ ਨੂੰ ਉਸ ਸਟੋਰ ਦੀ ਖਿੜਕੀ ਨਾਲ ਇੱਕ ਨਿੱਕਾ ਜਿਹਾ ਲਿਫ਼ਾਫ਼ਾ ਚੇਪਿਆ ਹੋਇਆ ਦਿਸਿਆ। ਉਸ ਉੱਤੇ ਮੋਟੇ ਮਾਰਕਰ ਪੈੱਨ ਨਾਲ **ਮੇਜਰ ਨੈੱਗ** ਲਿਖਿਆ ਹੋਇਆ ਸੀ। ਐਲਬਰਟ ਨੇ ਇਹ ਲਾਹਿਆ ਅਤੇ ਖੋਲ੍ਹਿਆ:

ਮੇਜਰ ਐਲਬਰਟ ਨੈੱਗ ਲਈ ਨਿੱਜੀ ਸੁਨੇਹਾ, ਮਾਰਫ਼ਤ ਡੈਨਿਸ਼ ਫੂਡ, ਕਾਸਤਰੂਪ ਹਵਾਈ ਅੱਡਾ। ਪਿਆਰੇ ਡੈਡ, ਕਿਰਪਾ ਇੱਕ ਵੱਡੀ ਸਾਰੀ ਡੈਨਿਸ਼ ਸਲਾਮੀ ਖ਼ਰੀਦ ਲੈਣਾ, ਹੋ ਸਕੇ ਤਾਂ ਦੋ ਕਿੱਲੋ ਵਾਲੀ, ਅਤੇ ਮਾਂ ਇੱਕ ਕੋਨਿਐਕ ਸੌਸੇਜ ਚਾਹੁੰਦੀ ਹੈ।

ਪਿੱਛੋਂ ਸੁੱਝੀ: ਡੈਨਿਸ਼ ਕੈਵੀਆਰ (ਖ਼ਾਸ ਮੱਛੀਆਂ ਦੇ ਲੂਣ ਨਾਲ ਸੰਵਾਰੇ ਆਂਡੇ-ਸੰ.) ਵੀ ਮਾੜਾ ਨਹੀਂ ਰਹੇਗਾ।

ਪਿਆਰ ਨਾਲ, ਹਿਲਡੇ।

ਐਲਬਰਟ ਨੇ ਘੁੰਮ ਕੇ ਵੇਖਿਆ। ਉਹ ਇੱਥੇ ਕਿਤੇ ਹੀ ਤਾਂ ਨਹੀਂ ਸੀ,ਨਾ? ਮਾਰਕ ਉਸਨੂੰ ਕੋਪਨਹੇਗਨ ਲੈ ਆਇਆ ਹੋਏ ਤਾਂ ਕਿ ਉਹ ਉਸਨੂੰ ਇੱਥੇ ਹੀ ਮਿਲ ਸਕੇ? ਲਿਖਾਈ ਤਾਂ ਹਿਲਡੇ ਦੀ ਸੀ…

ਅਚਾਨਕ ਇਸ ਯੂਐੱਨ ਨਿਗਾਹ-ਰੱਖੂ ਨੂੰ ਇਓਂ ਲੱਗਣ ਲੱਗਾ ਜਿਵੇਂ ਉਸ 'ਤੇ ਨਿਗਾਹ ਰੱਖੀ ਜਾ ਰਹੀ ਹੋਏ। ਇਸ ਤਰ੍ਹਾਂ ਸੀ ਜਿਵੇਂ ਉਹ ਜੋਕੁਝ ਵੀ ਕਰ ਰਿਹਾ ਸੀ ਉਸਦਾ ਰਿਮੋਟ ਕੰਟ੍ਰੋਲ ਕਿਸੇ ਦੇ ਹੱਥ ਵਿਚ ਹੋਏ। ਉਨ੍ਹਾਂ ਨੂੰ ਇਓਂ ਲੱਗਾ ਜਿਵੇਂ ਉਹ ਕਿਸੇ ਬੱਚੇ ਦੇ ਹੱਥ ਵਿਚ ਗੁੱਡਾ ਹੋਣ।

ਉਹ ਦੁਕਾਨ ਵਿਚ ਵੜੇ ਅਤੇ ਦੋ ਕਿੱਲੋ ਦੀ ਸਲਾਮੀ, ਇੱਕ ਕੋਨਿਐਕ ਸੌਸੇਜ ਅਤੇ ਤਿੰਨ ਬੋਤਲਾਂ ਕੈਵਿਆਰ ਦੀਆਂ ਖਰੀਦੀਆਂ। ਫੇਰ ਉਹ ਦੁਕਾਨਾਂ ਦੀ ਕਤਾਰ ਵਿਚ ਅੱਗੇ ਵਧਦੇ ਗਏ। ਉਨ੍ਹਾਂ ਮਨ ਹੀ ਮਨ ਧਾਰਿਆ ਕਿ ਉਹ ਹਿਲਡੇ ਲਈ ਚੰਗਾ ਜਿਹਾ ਤੋਹਫ਼ਾ ਲੈ ਕੇ ਜਾਣਗੇ। ਕੈਲਕੁਲੇਟਰ, ਸ਼ਾਇਦ? ਜਾਂ ਇੱਕ ਨਿੱਕਾ ਜਿਹਾ ਰੇਡੀਓ- ਹਾਂ, ਇਹੀ ਲੈ ਕੇ ਜਾਣਗੇ।

ਜਦੋਂ ਉਹ ਬਿਜਲੀ ਦਾ ਸਮਾਨ ਵੇਚਦੀ ਦੁਕਾਨ ਪੁੱਜੇ, ਉਨ੍ਹਾਂ ਵੇਖਿਆ ਕਿ ਓਥੇ ਵੀ ਖਿੜਕੀ 'ਤੇ ਇੱਕ ਨਿੱਕਾ ਲਿਫ਼ਾਫ਼ਾ ਚੇਪਿਆ ਹੋਇਆ ਸੀ। ਇਸ 'ਤੇ ਪਤਾ ਲਿਖਿਆ ਸੀ "ਮੇਜਰ ਐਲਬਰਟ ਨੈੱਗ, ਮਾਰਫ਼ਤ ਕੈਸਤਰੂਪ ਦੀ ਸਭ ਤੋਂ ਦਿਲਚਸਪ ਦੁਕਾਨ"। ਇਸਦੇ ਅੰਦਰ ਇਹ ਰੁੱਕਾ ਸੀ:

ਪਿਆਰੇ ਡੈਡ, ਸੋਫ਼ੀ ਹੈਲੋ ਕਹਿੰਦੀ ਹੈ ਅਤੇ ਧੰਨਵਾਦ ਕਰਦੀ ਹੈ ਉਸ

ਹਿੰਦੀ ਵਿਚ ਡੇਢ ਘੰਟੇ ਦੀ ਔਡੀਓ ਬੁੱਕ ਨੈੱਟ 'ਤੇ ਮਿਲ ਰਹੀ ਹੈ। ਯੂ ਟਿਊਬ ਉੱਤੇ ਵੀ https://www.youtube.com/watch?v=zsXO6Uu-n-A!- ਸੰ.

ਮਿਨੀ-ਟੀਵੀ ਅਤੇ ਐੱਫ਼ਅੱਮ ਰੇਡੀਓ ਲਈ ਜੋ ਉਸਨੂੰ ਆਪਣੇ ਬਹੁਤ ਹੀ ਫ਼ਿਰਾਖ਼ਦਿਲ ਪਿਤਾ ਤੋਂ ਮਿਲਿਆ। ਇਹ ਬਹੁਤ ਚੰਗਾ ਸੀ, ਪਰ ਵੇਖਿਆ ਜਾਏ ਤਾਂ ਇਹ ਕਿਹੜੀ ਗੱਲਾਂ 'ਚੋਂ ਗੱਲ ਸੀ। ਮੈਨੂੰ ਕਬੂਲ ਕਰਨਾ ਪੈਣਾ ਹੈ, ਫਿਰ ਵੀ, ਕਿ ਮੈਨੂੰ ਵੀ ਸੋਫ਼ੀ ਵਾਂਗ ਅਜਿਹੀਆਂ ਇਹ ਕਿਹੜੀਆਂ ਗੱਲਾਂ ਵਿੱਚੋਂ ਗੱਲਾਂ ਪਸੰਦ ਹਨ।

ਪਿੱਛੋਂ ਸੁੱਝੀ: ਜੇ ਤੁਸੀਂ ਓਧਰ ਨਹੀਂ ਗਏ ਅਜੇ, ਤਾਂ ਕੁਝ ਹੋਰ ਵੀ ਹਿਦਾਇਤਾਂ ਹਨ ਡੈਨਿਸ਼ ਫੂਡ ਦੁਕਾਨ 'ਤੇ ਅਤੇ ਉਸ ਵੱਡੀ ਟੈਕਸ ਫ੍ਰੀ ਦੁਕਾਨ 'ਤੇ ਜਿੱਥੇ ਵਾਈਨਾਂ ਅਤੇ ਤੰਬਾਕੂ ਮਿਲਦਾ ਹੁੰਦਾ ਹੈ।

ਹੋਰ ਪਿੱਛੋਂ ਸੁੱਝੀ: ਮੈਨੂੰ ਆਪਣੇ ਜਨਮਦਿਨ 'ਤੇ ਕੁਝ ਪੈਸੇ ਮਿਲੇ ਹਨ, ਇਸ ਲਈ ਮੈਂ ਮਿਨੀ-ਟੀਵੀ ਖਰੀਦਣ ਵਿਚ 350 ਕ੍ਰਾਉਨ (ਨੌਰਵੇ ਦੇ ਸਿੱਕੇ ਦਾ ਨਾਂ-ਸੰ.) ਪਾ ਸਕਦੀ ਹਾਂ।

ਪਿਆਰ, ਹਿਲਡੇ, ਜਿਸਨੇ ਟਰਕੀ ਵਿਚ ਸਭ ਕੁਝ ਭਰ ਲਿਆ ਹੈ ਅਤੇ ਵੱਾਲਡੌਰਫ਼ ਸਲਾਦ ਵੀ ਬਣਾਅ ਲਿਆ ਹੈ।

ਮਿਨੀ ਟੀਵੀ 985 ਕ੍ਰਾਉਨਾਂ ਦਾ ਆਉਂਦਾ ਸੀ। ਇਹ ਪਰ ਸੱਚਮੁਚ ਕੁਝ ਵੀ ਨਹੀਂ ਆਖਿਆ ਜਾ ਸਕਦਾ ਸੀ ਉਸ ਦੇ ਮੁਕਾਬਲੇ ਕਿ ਜੋ ਐਲਬਰਟ ਨੈੱਗ ਨੂੰ ਮਹਿਸੂਸ ਹੋ ਰਿਹਾ ਸੀ, ਕਿ ਕਿਵੇਂ ਉਨ੍ਹਾਂ ਦੀ ਧੀ ਦੀਆਂ ਘੁਨੀਆਂ ਸ਼ਰਾਰਤਾਂ ਕਰਕੇ ਉਨ੍ਹਾਂ ਨੂੰ ਇੱਧਰ ਓਧਰ ਜਾਣ ਦੀ ਹਿਦਾਇਤ ਹੋ ਰਹੀ ਸੀ। ਕੀ ਉਹ ਹੈ ਇੱਥੇ - ਕਿ ਨਹੀਂ?

ਉਸ ਪਲ ਤੋਂ ਹੀ, ਉਹ ਜਿੱਥੇ ਵੀ ਗਏ ਹੋਸ਼ਿਆਰ ਰਹੇ। ਉਨ੍ਹਾਂ ਨੂੰ ਇਓਂ ਲੱਗ ਰਿਹਾ ਸੀ ਕਿ ਜਿਵੇਂ ਇੱਕ ਸੂਹੀਆ ਏਜੰਟ ਵੀ ਹੋਣ ਅਤੇ ਨਾਲ ਹੀ ਇੱਕ ਕਠਪੁਤਲੀ ਵੀ। ਇਹ ਕੀ ਉਨ੍ਹਾਂ ਤੋਂ ਉਨ੍ਹਾਂ ਦੇ ਬੁਨਿਆਦੀ ਇਨਸਾਨੀ ਹੱਕ ਨਹੀਂ ਸਨ ਖੋਹੇ ਜਾ ਰਹੇ? ਉਨ੍ਹਾਂ ਨੂੰ ਜਾਣਾ ਹੀ ਪਿਆ ਟੈਕਸ ਫ੍ਰੀ ਦੁਕਾਨ ਵਿਚ ਵੀ। ਓਥੇ ਇੱਕ ਨਵਾਂ ਲਿਫ਼ਾਫ਼ਾ ਉਨ੍ਹਾਂ ਦੇ ਨਾਂ ਵਾਲਾ ਟੰਗਿਆ ਹੋਇਆ ਸੀ। ਸਾਰਾ ਹਵਾਈ ਅੱਡਾ ਹੀ ਕੋਈ ਕੰਪਿਊਟਰ ਗੇਮ ਬਣ ਗਿਆ ਸੀ ਜਿਵੇਂ ਅਤੇ ਉਹ ਉਸਦੇ ਕਰਸਰ (ਚੱਲਣ ਵਾਲੀ ਸੂਈ- ਸੰ.) ਸਨ। ਉਨ੍ਹਾਂ ਸੁਨੇਹਾ ਪੜ੍ਹਿਆ:

ਮੇਜਰ ਨੈੱਗ, ਮਾਰਫ਼ਤ ਟੈਕਸ ਫ੍ਰੀ ਦੁਕਾਨ, ਕਾਸਤਰੂਪ। ਇੱਥੋਂ ਬੱਸ ਜੈਲੀ ਦੀਆਂ ਗੋਲੀਆਂ ਅਤੇ ਕੇਕ ਸਜਾਊ ਕ੍ਰੀਮ ਦੀਆਂ ਡੰਡੀਆਂ ਹੀ ਲੈਣੀਆਂ ਹਨ। ਚੇਤੇ ਰਹੇ ਇਹ ਨੌਰਵੇ ਵਿਚ ਕਿਤੇ ਵੱਧ ਮਹਿੰਗੀਆਂ ਹੁੰਦੀਆਂ ਹਨ। ਜਿੱਥੋਂ ਤੱਕ ਮੈਨੂੰ ਚੇਤੇ ਹੈ, ਮੌਮ ਨੂੰ ਕੰਪਾਰੀ ਮਦਿਰਾ ਬਹੁਤ ਪਸੰਦ ਹੈ।

ਪਿੱਛੋਂ ਸੁੱਝੀ: ਤੁਹਾਨੂੰ ਘਰ ਦਾ ਸਾਰਾ ਰਾਹ ਆਪਣੀਆਂ ਇੰਦ੍ਰੀਆਂ ਪੂਰੀਆਂ ਸਤੱਰਕ ਰੱਖਣੀਆਂ ਪੈਣੀਆਂ ਹਨ। ਤੁਸੀਂ ਕੋਈ ਵੀ ਜ਼ਰੂਰੀ ਸੁਨੇਹੇ ਤਾਂ ਨਹੀਂ ਵੇਖਣੋਂ ਖੁੰਝਣਾ ਚਾਹੋਗੇ ਨਾ?

ਤੁਹਾਡੀ ਬਹੁਤ ਹੀ ਪੜ੍ਹਾਉਣ-ਯੋਗ ਬੇਟੀ ਵੱਲੋਂ ਪਿਆਰ, ਹਿਲਡੇ।

ਐਲਬਰਟ ਨੇ ਹਤਾਸ਼ਾ ਨਾਲ ਠੰਢਾ ਸਾਹ ਭਰਿਆ, ਪਰ ਉਹ ਅੰਦਰ ਗਏ ਅਤੇ ਜਿਵੇਂ ਜਿਵੇਂ ਹਿਦਾਇਤ ਸੀ ਖ਼ਰੀਦਦਾਰੀ ਕੀਤੀ। ਤਿੰਨ ਮੋਮੀ ਲਿਫ਼ਾਫ਼ਿਆਂ ਅਤੇ ਆਪਣੇ ਨਿੱਕੇ ਬੈਗ ਨਾਲ ਉਹ ਆਪਣੇ ਜਹਾਜ਼ ਦੀ ਉਡੀਕ ਕਰਨ ਲਈ ਗੇਟ ਨੰਬਰ 28 ਵੱਲ ਵਧੇ। ਜੇ ਕੋਈ ਹੋਰ ਵੀ ਸੁਨੇਹੇ ਹੈ ਸਨ ਤਾਂ ਟਿਕੇ ਰਹਿਣ ਜਿੱਥੇ ਸਨ। ਐਪਰ, ਗੇਟ ਨੰਬਰ 28 'ਤੇ ਉਨ੍ਹਾਂ ਨੂੰ ਇੱਕ ਖੰਭੇ ਨਾਲ ਚੇਪਿਆ ਇੱਕ ਹੋਰ ਚਿੱਟਾ ਲਿਫ਼ਾਫ਼ਾ ਦਿਸ ਗਿਆ: "ਮੇਜਰ ਐਲਬਰਟ ਨੈੱਗ ਵਾਸਤੇ, ਮਾਰਫ਼ਤ ਗੇਟ ਨੰਬਰ 28, ਕਾਸਤਰੂਪ ਹਵਾਈ ਅੱਡਾ"। ਇਹ ਵੀ ਹਿਲਡੇ ਦੀ ਲਿਖਾਈ ਵਿਚ ਹੀ, ਪਰ ਗੇਟ ਦਾ ਨੰਬਰ ਕਿਸੇ ਹੋਰ ਵੱਲੋਂ ਲਿਖਿਆ ਗਿਆ ਲੱਗਦਾ ਸੀ। ਇਹ ਫ਼ੈਸਲਾ ਕਰਨਾ ਔਖਾ ਸੀ ਕਿਉਂਕਿ ਕੋਈ ਹੋਰ ਲਿਖਾਵਟ ਤਾਂ ਹੈ ਨਹੀਂ ਸੀ ਜਿਸ ਨਾਲ ਉਸ ਨੂੰ ਮੇਲ ਕੇ ਵੇਖਿਆ ਜਾ ਸਕੇ, ਸਿਰਫ਼ ਬਲੱਾਕ ਸ਼ਕਲ ਵਿਚ ਲਿਖੇ ਅੱਖਰ ਅਤੇ ਹਿੰਦਸੇ। ਉਨ੍ਹਾਂ ਇਹ ਲਾਹ ਲਿਆ। ਇਸ ਵਿਚ ਸਿਰਫ਼ ਇਹ ਲਿਖਿਆ ਸੀ "ਹੁਣ ਬਹੁਤਾ ਚਿਰ ਨਹੀਂ ਲੱਗਣਾ।"

ਉਹ ਕੰਧ ਨਾਲ ਢੋਅ ਲਾ ਕੇ ਇੱਕ ਕੁਰਸੀ 'ਤੇ ਬੈਠ ਗਏ। ਉਨ੍ਹਾਂ ਖ਼ਰੀਦੋਫ਼ਰੋਖ਼ਤ ਵਾਲੇ ਲਿਫ਼ਾਫ਼ੇ ਆਪਣੇ ਗੋਡਿਆਂ 'ਤੇ ਰੱਖ ਲਏ। ਇਓਂ ਅਣਖੀ ਮੇਜਰ ਆਕੜੇ ਜਿਹੇ ਬੈਠੇ ਸੀ, ਅੱਖਾਂ ਸਿੱਧੀਆਂ ਅਗਾਂਹ ਵੇਖਦੀਆਂ, ਜਿਵੇਂ ਕੋਈ ਨਿੱਕਾ ਬੱਚਾ ਪਹਿਲੀ ਵਾਰ ਇਕੱਲਾ ਕਿਤੇ ਚੱਲਾ ਹੋਏ। ਜੇ ਹਿਲਡੇ ਇੱਥੇ ਹੀ ਸੀ, ਉਸਨੂੰ ਬਿਲਕੁਲ ਵੀ ਇਹ ਤਸੱਲੀ ਨਹੀਂ ਲੈਣ ਦੇਣੀ ਕਿ ਉਸੇ ਨੇ ਪਹਿਲਾਂ ਉਨ੍ਹਾਂ ਨੂੰ ਲੱਭ ਲਿਆ। ਉਨ੍ਹਾਂ ਨੂੰ ਕਾਹਲ ਜਿਹੀ ਪਈ ਅਤੇ ਉਨ੍ਹਾਂ ਅੰਦਰ ਆਉਂਦੇ ਹਰੇਕ ਮੁਸਾਫ਼ਰ ਉੱਤੇ ਝਾਤ ਪਾਈ। ਕੁਝ ਚਿਰ ਉਨ੍ਹਾਂ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਹ ਮੁਲਕ ਦੇ ਦੁਸ਼ਮਣ ਹੋਣ ਜਿਸ ਉੱਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੋਏ। ਜਦੋਂ ਅਖੀਰ ਮੁਸਾਫ਼ਰਾਂ ਨੂੰ ਜਹਾਜ਼ ਵਿਚ ਚੜ੍ਹਨ ਦੀ ਇਜਾਜ਼ਤ ਮਿਲੀ ਤਾਂ ਉਨ੍ਹਾਂ ਰਾਹਤ ਦਾ ਸਾਹ ਲਿਆ। ਉਹ ਸਭ ਤੋਂ ਬਾਅਦ ਜਹਾਜ਼ ਵਿਚ ਚੜ੍ਹੇ।

ਆਪਣਾ ਬੋਰਡਿੰਗ ਪਾਸ ਫੜਾਉਂਦਿਆਂ ਫੜਾਉਂਦਿਆਂ ਉਨ੍ਹਾਂ ਇੱਕ ਹੋਰ ਚਿੱਟਾ ਲਿਫ਼ਾਫ਼ਾ ਲਾਹਿਆ ਜਿਹੜਾ ਚੈੱਕ ਇਨ ਡੈਸਕ ਨਾਲ ਚੇਪਿਆ ਹੋਇਆ ਸੀ।

ਸੋਫ਼ੀ ਅਤੇ ਅਲਬਰਟੋ ਬ੍ਰੇਵਿਕ ਲੰਘ ਚੁੱਕੇ ਸਨ, ਅਤੇ ਥੋੜ੍ਹੇ ਚਿਰ ਬਾਅਦ ਉਹ ਕ੍ਰਗੇਰਾ ਵਿੱਚੋਂ ਬਾਹਰ ਨਿੱਕਲਣ ਦਾ ਰਾਹ।

"ਤੁਸੀਂ ਬਹੁਤ ਹੀ ਤੇਜ਼ ਚੱਲ ਰਹੇ ਹੋ," ਸੋਫ਼ੀ ਕਹਿੰਦੀ।

"ਤਕਰੀਬਨ ਨੌਂ ਵੱਜ ਚੱਲੇ ਹਨ। ਉਹ ਕਜੇਵਿਕ ਲੱਥਣ ਹੀ ਵਾਲੇ ਹੋਣਗੇ। ਪਰ ਸਾਨੂੰ ਤੇਜ਼ ਰਫ਼ਤਾਰੀ ਲਈ ਰੋਕਿਆ ਨਹੀਂ ਜਾਏਗਾ।"

"ਜੇ ਅਸੀਂ ਕਿਸੇ ਹੋਰ ਕਾਰ ਵਿੱਚ ਵੱਜੇ ਤਾਂ?"

"ਜੇ ਕੋਈ ਆਮ ਕਾਰ ਹੋਏਗੀ ਤਾਂ ਕੋਈ ਫ਼ਰਕ ਨਹੀਂ ਪੈਣਾ। ਪਰ ਜੇ ਸਾਡੇ ਵਰਗੀ ਹੋਈ...."

"ਫੇਰ ਕੀ ਹੋਏਗਾ?"

"ਫੇਰ ਸਾਨੂੰ ਬਹੁਤ ਧਿਆਨ ਰੱਖਣਾ ਪਏਗਾ। ਤੂੰ ਵੇਖਿਆ ਨਹੀਂ ਕਿ ਅਸੀਂ ਬੈਟਮੋਬਾਇਲ* ਨੂੰ ਲੰਘੇ ਹਾਂ?"

(ਕਲਪਤ ਪਾਤਰ ਬੈਟਮੈਨ ਦੀ ਗੱਡੀ-ਸੰ.)

"ਨਹੀਂ।"

"ਓਥੇ ਵੈਸਟਫ਼ੋਲਡ ਵਿਚ ਕਿਤੇ ਪਾਰਕ ਹੋਈ ਹੋਈ ਸੀ।"

ਸੋਫ਼ੀ ਦਾ ਸੰਸਾਰ

"ਇਸ ਟੂਰਿਸਟ ਬੱਸ ਤੋਂ ਅੱਗੇ ਲੰਘਣਾ ਸੌਖਾ ਨਹੀਂ ਹੋਏਗਾ। ਸੜਕ ਦੇ ਦੋਏ ਪਾਸੇ ਸੰਘਣਾ ਜੰਗਲ ਹੈ।"

"ਉਹ ਕੋਈ ਨਹੀਂ ਸੋਫ਼ੀ। ਤੈਨੂੰ ਸਮਝ ਕਿਉਂ ਨਹੀਂ ਆ ਰਹੀ?"

ਇਓਂ ਕਹਿੰਦਿਆਂ, ਉਨ੍ਹਾਂ ਗੱਡੀ ਘੁਮਾਅ ਕੇ ਜੰਗਲ ਵੱਲ ਕਰ ਲਈ ਅਤੇ ਦ੍ਰੱਖ਼ਤਾਂ ਦੇ ਵਿੱਚੋਂ ਦੀ ਸਿੱਧੇ ਨਿਕਲੀ ਗਏ। ਸੋਫ਼ੀ ਨੇ ਰਾਹਤ ਦਾ ਸਾਹ ਲਿਆ। "ਤੁਸੀਂ ਡਰਾਅ ਦਿੱਤਾ।"

"ਅਸੀਂ ਇੱਟਾਂ ਦੀ ਕੰਧ ਵਿੱਚ ਵੜੀਏ ਤਾਂ ਵੀ ਸਾਨੂੰ ਮਹਿਸੂਸ ਨਹੀਂ ਹੋਣਾ।"

"ਇਸਦਾ ਤਾਂ ਇਹੀ ਮਤਲਬ ਹੋਇਆ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਮੁਕਾਬਲੇ ਹਵਾ ਵਿਚ ਰੂਹਾਂ ਹਾਂ।"

"ਨਹੀਂ, ਹੁਣ ਤੂੰ ਪੁੱਠੀ ਗੱਲ ਕਰ ਰਹੀ ਹੈਂ। ਇਹ ਤਾਂ ਸਾਡੇ ਆਲ ਦੁਆਲੇ ਦੀ ਅਸਲੀਅਤ ਹੈ ਜੋ ਸਾਡੇ ਲਈ ਇੱਕ ਹਵਾਈ ਦਲੇਰੀ ਹੈ।"

"ਮੈਨੂੰ ਕੁਝ ਸਮਝ ਨਹੀਂ ਪਈ।"

"ਧਿਆਨ ਨਾਲ ਸੁਣ, ਫੇਰ। ਇਹ ਗ਼ਲਤਫ਼ਹਿਮੀ ਆਮ ਹੈ ਕਿ ਰੂਹ ਇੱਕਦਹੋ ਜਿਹੀ ਚੀਜ਼ ਹੈ ਜੋ ਭਾਫ਼ ਨਾਲੋਂ ਵੀ ਵੱਧ 'ਹਵਾਈ' ਹੁੰਦੀ ਹੈ। ਗੱਲ ਸਗੋਂ ਉਲਟ ਹੈ। ਰੂਹ ਤਾਂ ਬਰਫ਼ ਨਾਲੋਂ ਵੀ ਵੱਧ ਠੋਸ ਹੁੰਦੀ ਹੈ।"

"ਇਹ ਮੈਨੂੰ ਕਦੇ ਨਹੀਂ ਸੁੱਝਿਆ।"

"ਅਤੇ ਹੁਣ ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦਾ ਹਾਂ। ਇੱਕ ਵਾਰ ਦੀ ਗੱਲ ਹੈ ਇੱਕ ਆਦਮੀ ਸੀ ਜਿਸ ਨੂੰ ਫ਼ਰਿਸ਼ਤਿਆਂ ਵਿਚ ਵਿਸ਼ਵਾਸ ਨਹੀਂ ਸੀ। ਇੱਕ ਦਿਨ, ਉਹ ਜੰਗਲ ਵਿਚ ਕੁਝ ਕਰ ਰਿਹਾ ਸੀ, ਕਿ ਇੱਕ ਫ਼ਰਿਸ਼ਤਾ ਉਸਨੂੰ ਆ ਕੇ ਮਿਲਿਆ।"

"ਫੇਰ?"

"ਉਹ ਕੁਝ ਚਿਰ ਨਾਲ ਨਾਲ ਤੁਰੇ। ਫੇਰ ਆਦਮੀ ਨੇ ਫ਼ਰਿਸ਼ਤੇ ਵੱਲ ਮੁੜ ਕੇ ਕਿਹਾ, 'ਚੰਗਾ, ਹੁਣ ਤਾਂ ਮੈਨੂੰ ਮੰਨਣਾ ਪਏਗਾ ਕਿ ਫ਼ਰਿਸ਼ਤੇ ਹੁੰਦੇ ਹਨ। ਪਰ ਤੁਸੀਂ ਸਾਡੇ ਵਾਂਗ ਤਾਂ ਹੋਂਦ ਨਹੀਂ ਰੱਖਦੇ, ਨਾ।"

"ਕੀ ਮਤਲਬ ਹੈ ਤੇਰਾ ਇਸ ਤੋਂ?" ਫ਼ਰਿਸ਼ਤੇ ਨੇ ਪੁੱਛਿਆ।

ਫਿਰ ਉਸ ਆਦਮੀ ਨੇ ਕਿਹਾ, 'ਜਦੋਂ ਅਸੀਂ ਓਸ ਵੱਡੀ ਚੱਟਾਨ ਕੋਲ ਪੁੱਜੇ, ਮੈਨੂੰ ਉਸਦੇ ਆਲ ਦੁਆਲਿਓਂ ਹੋ ਕੇ ਲੰਘਣਾ ਪਿਆ, ਪਰ ਮੇਰੇ ਧਿਆਨ ਵਿਚ ਇਹ ਆਇਆ ਕਿ ਤੁਸੀਂ ਤਾਂ ਬੱਸ ਉਸ ਵਿਚੋਂ ਅਡੋਲ ਹੀ ਨਿੱਕਲੀ ਗਏ। ਅਤੇ ਜਦੋਂ ਉਹ ਵੱਡਾ ਸਾਰਾ ਤਣਾ ਪਿਆ ਸੀ ਰਾਹ ਰੋਕਦਾ, ਮੈਨੂੰ ਉਸਦੇ ਉੱਤੋਂ ਦੀ ਨਿੱਕਲਣਾ ਪਿਆ ਪਰ ਤੁਸੀਂ ਸਿੱਧੇ ਉਸ ਵਿਚੋਂ ਤੁਰਦੇ ਨਿੱਕਲ ਗਏ।' ਫ਼ਰਿਸ਼ਤਾ ਬਹੁਤ ਹੈਰਾਨ ਹੋਇਆ, ਅਤੇ ਕਹਿੰਦਾ 'ਤੁਸੀਂ ਇਹ ਵੀ ਦੇਖਿਆ ਸੀ ਕਿ ਨਹੀਂ ਕਿ ਅਸੀਂ ਦੋਏ ਦਲਦਲ ਵਿੱਚੋਂ ਦੀ ਹੋ ਕੇ ਜਾਂਦਾ ਰਾਹ ਫੜਿਆ ਸੀ? ਅਸੀਂ ਦੋਏ ਧੁੰਦ ਦੇ ਕਰਕੇ ਐਨ ਉਸ ਦੇ ਵਿੱਚੋਂ ਦੀ ਤੁਰ ਦੇ ਗਏ। ਉਹ ਇਸ ਲਈ ਕਿਉਂਕਿ ਅਸੀਂ ਦੋਏਂ ਧੁੰਦ ਨਾਲੋਂ ਵੱਧ ਠੋਸ ਸੀ।" "ਅੱਛਾ।"

"ਸੋਫ਼ੀ, ਸਾਡੇ ਨਾਲ ਵੀ ਇਓਂ ਹੀ ਹੈ। ਰੂਹ ਸਟੀਲ ਦੇ ਦਰਵਾਜ਼ਿਆਂ ਵਿਚੋਂ ਲੰਘ ਸਕਦੀ ਹੁੰਦੀ ਹੈ, ਕੋਈ ਟੈਂਕ ਜਾਂ ਬੰਬ-ਸੁੱਟਣੇ-ਹਵਾਈ ਜਹਾਜ਼ ਅਜਿਹੇ ਨਹੀਂ ਹਨ ਜੋ ਰੂਹ ਵਾਲੀ ਕੋਈ ਚੀਜ਼ ਤਬਾਹ ਕਰ ਸਕਣ।"

"ਇਹ ਸੁਣ ਕੇ ਰਾਹਤ ਮਿਲੀ।"

"ਛੇਤੀ ਹੀ ਅਸੀਂ ਰਿਸੋਰ ਲੰਘਾਂਗੇ, ਅਤੇ ਅਜੇ ਇੱਕ ਘੰਟਾ ਵੀ ਨਹੀਂ ਹੋਇਆ ਸਾਨੂੰ ਮੇਜਰ ਦੀ ਕੈਬਿਨ ਤੋਂ ਚੱਲਿਆਂ। ਕੌਫ਼ੀ ਦੇ ਕੱਪ ਦਾ ਬੜਾ ਮਨ ਕਰ ਰਿਹਾ ਹੈ।

ਜਦੋਂ ਉਹ ਫ਼ਿਆਨੇ ਅੱਪੜੇ, ਸੌਂਡੇਲੇਡ ਤੋਂ ਜ਼ਰਾ ਕੁ ਪਹਿਲਾਂ, ਉਨ੍ਹਾਂ ਦੇ ਖੱਬੇ ਹੱਥ ਇੱਕ ਕੈਫ਼ੇਟੇਰੀਆ ਲੰਘ ਗਿਆ। ਇਸ ਦਾ ਨਾਂ ਸੀ ਸਿੰਡਰੇਲਾ। ਅਲਬਰਟੋ ਨੇ ਝੱਟ ਕਾਰ ਪੂਰੀ ਹੀ ਘੁਮਾਅ ਲਈ ਅਤੇ ਉਸਦੇ ਅੱਗੇ ਘਾਅ 'ਤੇ ਜਾ ਖਲਾਰ੍ਹੀ।

ਅੰਦਰ, ਸੋਫ਼ੀ ਨੇ ਫ਼ਰਿਜ ਵਿੱਚੋਂ ਕੋਕ ਦੀ ਬੋਤਲ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਉਸ ਤੋਂ ਚੁੱਕੀ ਹੀ ਨਾ ਜਾਏ। ਜਿਵੇਂ ਚੰਬੜੀ ਹੋਵੇ। ਓਸੇ ਕਾਊਂਟਰ 'ਤੇ ਅੱਗੇ, ਅਲਬਰਟੋ ਕਾਰ ਵਿੱਚ ਹੀ ਲੱਭ ਪਏ ਕਾਗਜ਼ ਦੇ ਕੌਫ਼ੀ ਦੇ ਕੱਪ ਵਿਚ ਕੌਫ਼ੀ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਬੱਸ ਇੱਕ ਲੀਵਰ ਨੱਪਣਾ ਸੀ, ਪਰ ਸਾਰਾ ਜ਼ੋਰ ਲਾ ਕੇ ਵੀ ਉਸ ਤੋਂ ਉਹ ਨੱਪਿਆ ਨਾ ਗਿਆ। ਇਸ ਤੋਂ ਉਸਨੂੰ ਏਨਾ ਗੁੱਸਾ ਚੜ੍ਹ ਗਿਆ ਕਿ ਉਸ ਕੈਫ਼ੇਟੇਰੀਆ ਵਿਚ ਬੈਠੇ ਗਾਹਕਾਂ ਤੋਂ ਮਦਦ ਮੰਗੀ।ਜਦੋਂ ਕਿਸੇ ਨੂੰ ਕੋਈ ਫ਼ਰਕ ਨਾ ਪਿਆ, ਉਹ ਏਨੀ ਜ਼ੋਰ ਦੀ ਚੀਕਿਆ ਕਿ ਸੋਫ਼ੀ ਨੂੰ ਆਪਣੇ ਕੰਨਾਂ 'ਤੇ ਹੱਥ ਰੱਖਣੇ ਪਏ:

"ਮੈਨੂੰ ਕੌਫ਼ੀ ਚਾਹੀਦੀ ਹੈ!"

ਉਸਦਾ ਗੁੱਸਾ ਛੇਤੀ ਹੀ ਉੱਡ ਪੁੱਡ ਗਿਆ, ਅਤੇ ਉਹ ਹੱਸ ਹੱਸ ਦੂਹਰਾ ਹੋ ਗਿਆ। ਉਹ ਘੁੰਮ ਕੇ ਓਥੋਂ ਜਾਣ ਹੀ ਲੱਗੇ ਸਨ ਕਿ ਇੱਕ ਬੁੱਢੀ ਤ੍ਰੀਮਤ ਆਪਣੀ ਕੁਰਸੀ ਤੋਂ ਉੱਠ ਕੇ ਉਨ੍ਹਾਂ ਵੱਲ ਆਈ।

ਤੇੜ ਚੁਭਦੇ ਲਾਲ ਰੰਗ ਦੀ ਸਕੱਰਟ, ਅਤੇ ਯਖ਼-ਨੀਲਾ ਸਵੈਟਰ, ਅਤੇ ਸਿਰ ਦੁਆਲੇ ਚਿੱਟਾ ਰੁਮਾਲ। ਕੂਫ਼ੇਟੇਰੀਆ ਵਿਚ ਹੋਰ ਕਿਸੇ ਵੀ ਚੀਜ਼ ਨਾਲੋਂ ਉਹ ਵੱਧ ਉੱਘੜੀ ਹੋਈ ਦਿਸਦੀ ਸੀ।

ਅਲਬਰਟੋ ਤੱਕ ਆ ਕੇ ਕਹਿੰਦੀ, "ਲੈ, ਲੈ, ਚੀਕਾਂ ਕਿੰਨੀਆ ਮਾਰਦੈਂ, ਮੁੰਡਿਆ!"

"ਹੈਂ, ਜੀ?"

"ਕੌਫ਼ੀ ਚਾਹੀਦੀ ਹੈ, ਤੂੰ ਕਿਹਾ?"

"ਹਾਂ, ਪਰ...."

"ਇੱਥੇ ਨੇੜੇ ਹੀ ਸਾਡੀ ਇੱਕ ਨਿੱਕਾ ਜਿਹਾ ਟਿਕਾਣਾ ਹੈ।"

ਉਹ ਬੁੱਢੀ ਤ੍ਰੀਮਤ ਦੇ ਪਿੱਛੇ ਪਿੱਛੇ ਕੈਫ਼ੇਟੇਰੀਆ ਤੋਂ ਨਿੱਕਲ ਪਿਛਲੇ ਪਾਸੇ ਇੱਕ ਰਾਹ ਤੋਂ ਤੁਰਦੇ ਗਏ। ਤੁਰੇ ਜਾ ਰਹੇ ਸਨ, ਤਾਂ ਉਹ ਕਹਿੰਦੀ,

"ਤੁਸੀਂ ਏਧਰ ਨਵੇਂ ਆਏ ਹੋ?"

"ਏਨਾ ਤਾਂ ਸਾਨੂੰ ਮੰਨਣਾ ਹੀ ਪੈਣਾ ਹੈ," ਅਲਬਰਟੋ ਦਾ ਜੁਆਬ ਸੀ।

"ਕੋਈ ਨਹੀਂ। ਤੁਹਾਡਾ ਹਮੇਸ਼-ਹਮੇਸ਼ ਵਿਚ ਸੁਆਗਤ ਹੇ, ਬੱਚਿਓ।"

"ਤੇ ਤੁਸੀਂ?"

"ਮੈਂ ਗ੍ਰਿੰਮ ਦੀਆ ਪਰੀ ਕਥਾਵਾਂ ਵਿੱਚੋਂ ਹਾਂ। ਹੁਣ ਤਾਂ ਕੋਈ ਦੋ ਸੌ ਸਾਲ ਹੋ ਗਏ।ਅਤੇ ਤੁਸੀਂ ਕਿੱਥੋਂ ਹੋ?"

"ਅਸੀਂ ਫ਼ਲਸਫ਼ੇ ਦੀ ਇੱਕ ਕਿਤਾਬ ਵਿੱਚੋਂ ਹਾਂ। ਮੈਂ ਫ਼ਲਸਫ਼ੇ ਦਾ ਅਧਿਆਪਕ ਹਾਂ ਅਤੇ ਇਹ ਹੈ ਮੇਰੀ ਵਿਦਿਆਰਥਣ, ਸੋਫ਼ੀ।"

"ਖੀ ਖੀ! ਇਹ ਤਾਂ ਨਵੀਂ ਹੀ ਗੱਲ ਹੈ!"

Out of Africa

the book, the film- the story behind it

A project in Africa and a romantic life with the man she loved- and his incapacity to be loyal! And then she wrote this famous book, which became one of the most famous films ever-made in 1985- she who was born in 1885. What can we learn from acentury old love story? That people are who they are- a package! - ED

She buried the man she loved in the African hills, watched her coffee farm collapse, and returned to Europe at 46—broke, sick, and alone. Then she wrote one sentence that made her immortal:

"I had a farm in Africa, at the foot of the Ngong Hills."

This is the story of Karen Blixen—the woman who lost everything beautiful and turned that loss into "Out of Africa" , one of the greatest memoirs ever written.

DENMARK, 1914: THE ESCAPE Karen Dinesen was born in 1885 into Danish aristocracy. She was brilliant, artistic, and suffocating in a world that demanded women be decorative and obedient.

At 28, she made a desperate choice: she married Baron Bror von Blixen-Finecke—not out of love, but out of escape.

She'd actually been in love with his twin brother, Hans. When Hans rejected her, she married Bror instead. It was, from the beginning, a compromise. A door to freedom, even if it wasn't the right door.

Bror was adventurous, charming, reckless, and fundamentally unreliable. But he offered something Karen craved: a way out of Denmark and into a bigger world.

In 1914, they left for British East Africa—what is now Kenya.

KENYA, 1914: THE FARM

Karen and Bror purchased approximately 4,500 acres at the foot of the Ngong Hills, near Nairobi. They planned to grow coffee—"liquid gold" that would make their fortune.

But there were problems from the start:

The land was stolen. British colonial authorities had seized it from the Kikuyu and Maasai peoples. Karen arrived as a beneficiary of that theft, though she would later develop genuine relationships with the people who worked on her farm.

The altitude was wrong. Coffee needs specific conditions. The farm was too high (around 6,000 feet), the nights too cold. The crops struggled.

Bror was absent. He disappeared for months on hunting safaris, leaving Karen to run everything—the farm, the finances, the workers, the constant crises.

And then came the betrayal that would mark her forever.

THE DISEASE

Bror gave Karen syphilis—a sexually transmitted infection he'd contracted from other women during his frequent absences.

In 1914, there was no cure. The standard treatment involved arsenic and mercury—poisons that slowed the disease but destroyed the body in the process.

She lost her health, her fortune, and the man she loved. At 46, Karen Blixen returned from Africa with nothing—and wrote 'Out of Africa.' From ruins, she created immortality.

Karen underwent this treatment multiple times, traveling back to Denmark for care. The mercury damaged her teeth, her digestive system, her nervous system. She would suffer chronic pain and illness for the rest of her life.

The marriage was over in everything but name. But when Karen returned to Kenya, she didn't leave. The farm was hers. Africa had become home.

She divorced Bror in 1925 but stayed on the land, determined to make the coffee farm succeed.

DENYS FINCH HATTON: THE LOVE

And then she met him.

Denys Finch Hatton was everything Bror wasn't: educated (Oxford), cultured, sensitive, intellectual. He was a





big-game hunter and pilot, but he hunted with reverence and flew with poetry.

He loved Africa not as conquest but as communion.

He and Karen fell deeply in love—but on his terms.

Denys refused to marry. He refused conventional commitment. He came and went as he pleased, staying with Karen for weeks or months, then disappearing into the wilderness for safari work.

Karen wanted stability. Security. A future together.

Denys wanted freedom. Sky. No chains.

So she loved him anyway—on his terms, in the space between presence and absence.

Their relationship was unconventional even by colonial standards:

They read poetry aloud (Shelley, Keats, Byron)
Listened to Mozart on the gramophone
Flew together over the savannah in Denys's plane
Watched sunsets from the veranda
Built a world of beauty that couldn't last

Karen later wrote: "He had no other home than his tent, no other life than the life he led."

She loved a man who would never be fully hers. And she chose to love him anyway.

1931: EVERYTHING FALLS APART

By the late 1920s, the farm was failing catastrophically.

The coffee crops were poor year after year. The debt mounted. Karen sold her jewelry, borrowed from family, fought desperately to save the land and the people who depended on it.

But in 1931, it was over. The farm went bankrupt.

She was forced to sell the land. To say goodbye to the workers who had become family. To leave the only place where she'd felt truly alive.

And then, as if loss wasn't complete enough:

Denys's plane crashed near Voi on May 14, 1931. He was 44 years old.

Karen buried him in the Ngong Hills—the place he'd loved most, where the view stretched forever.

She placed a simple inscription on his grave, quoting from Coleridge:

"He prayeth well, who loveth well
Both man and bird and beast."

Then she left Africa. Forever.

DENMARK, 1931-1937: THE WRITING

Karen returned to Denmark at age 46: Bankrupt
Sick (chronic illness from syphilis treatment)
Bereaved (Denys dead, farm lost)
Alone

She moved back to Rungstedlund, her family's estate, where she'd grown up.

Most people in her position would have collapsed into depression and obscurity.

Karen Blixen wrote instead.

She took the pen name Isak Dinesen (Isak = Hebrew for "one who laughs"; Dinesen = her maiden name) and began writing about Africa.

Not as memoir exactly. Not as documentary. But as elegy—a prayer for what had been lost.

She wrote Out of Africa in English (not her native Danish), publishing it in 1937.

"I HAD A FARM IN AFRICA..."

The book opens with one of the most famous lines in literature: "I had a farm in Africa, at the foot of the Ngong Hills."

In six words—I had—she captures everything: possession and loss, past tense, memory, longing.

The book is not a straightforward narrative. It's impressionistic, poetic, structured like memory itself—fragments of beauty, pain, love, and landscape.

She wrote about:

The land and light
The people (Kikuyu workers, Somali servants, Maasai friends)
The animals
Denys (though she never names him directly—he appears as "my friend")
Loss

The book was immediately acclaimed. Critics recognized it as a masterpiece—not just of colonial literature, but of literature itself.

FAME AND EMPTINESS

Karen Blixen became famous. She was nominated for the Nobel Prize in Literature multiple times (though she never won).

Ernest Hemingway, who did win in 1954, later said that Dinesen deserved it more than he did.

But fame couldn't fill the

void. She never returned to Africa. The chronic illness from her syphilis treatment worsened. She lived quietly at Rungstedlund, writing more books (including Seven Gothic Tales and Babette's Feast), but Africa remained her lost paradise.

She turned Rungstedlund into a bird sanctuary—the only creatures, she said, that could fly without chains.

She died in 1962 at age 77.

1985: THE FILM

In 1985, director Sydney Pollack adapted Out of Africa into a film starring Meryl Streep (as Karen) and Robert Redford (as Denys).

The film was beautiful, sweeping, romantic—and it won 7 Academy Awards, including Best Picture.

But as the original post notes, *the film tamed the book. It made the story more conventional, more Hollywood. The pain, the complexity, the colonialism, the unconventional love—all softened.*

The book is rawer. More honest. More painful.

THE LEGACY Karen Blixen's story matters because it's about transformation through loss.

She lost:

Her health (syphilis, lifelong illness)

Her marriage (betrayal, divorce)

Her fortune (bankruptcy)

Her lover (death)

Her home (forced to leave Africa)

And from those losses, she created art that has outlived empires.

Out of Africa is still read, still taught, still beloved—not because it's a happy story, but because it's a true one.

It's about loving places and people you can't keep. About building dreams that collapse. About losing everything—and writing it down so it can never fully die.

THE MORAL

As the original post beautifully states:

"There are people who live to own the world and others who live to understand it."

Karen Blixen understood. She didn't own Africa—it was never hers to own. But she loved it, learned from it, and wrote it into immortality.

She showed that from ruins—personal, financial, romantic—can come something transcendent.

Not redemption. Not happy endings.

But meaning.

"I HAD A FARM IN AFRICA"

Those six words contain a universe:

Past tense (it's gone).

Possession (it was mine).

Place (Africa—the word itself is magic).

Loss (I had, not I have).

Karen Blixen lost her farm.

Lost her lover.

Lost her health.

Lost everything.

But she wrote one sentence—and became immortal.

Because sometimes, the only way to keep what you've lost—

Is to write it down.

Karen Blixen: 1885-1962

"I had a farm in Africa, at the foot of the Ngong Hills."

She lost the farm.

She kept the words.

And the words made her eternal.

The Inspireist

(Face Book)

Comparison inhibits growth

Psychology | Mental Health | Neuroplasticity

Comparison is a biological reflex, not a personal flaw.

The brain evolved to track social standing as a way to stay safe in groups.

But in modern life, this reflex misfires.

Constant exposure to others' highlights overstimulates the brain's reward system and turns growth into a performance.

Over time, self-worth becomes externalized, measured in likes, status, and progress that isn't yours to measure.

Reclaiming value begins with awareness.

Notice when your attention leaves your own lane, and gently bring it back.

True progress feels quieter: a sense of inner steadiness, not superiority.

DEMENTIA DOES NOT START WITH ....

Forgotten voices | Review

Dementia doesn't start with memory loss, it starts with disconnection.

Long before forgetting names or faces, the brain begins to lose motivation, curiosity, and emotional resonance.

These changes reflect early shifts in communication between major brain networks that control attention, reflection, and meaning.

Recognizing these signals early allows for interventions that help preserve cognitive and emotional function.

The key isn't only remembering the past, it's staying connected to life in the present.

Engaging the mind through curiosity, social connection, and purpose strengthens the same pathways dementia weakens.

TRAVEL IS NOT ESCAPISM....

When life feels like it's speeding by, it's not because time is changing, it's because your brain has stopped noticing.

Routine dulls the mind's curiosity, compressing memory and making the days blur together.

Novelty reawakens perception.

It boosts dopamine, sharpens attention, and expands the brain's map of experience.

This is why travel feels so alive, it forces the mind to pay attention again.

The real challenge isn't escaping routine, it's learning how to refresh awareness within it.

That's how you stretch time, deepen memory, and feel fully alive again.

AGING COMES FROM REPETITION



Your brain doesn't age on a schedule, it responds to how you live.

When life becomes predictable, your neurons stop adapting.

Novelty, curiosity, and meaningful connection reactivate the circuits that keep your mind young.

This is called neuroplasticity, The brain's ability to rewire itself in response to new experience.

Learning, movement, and social engagement all send the same signal: stay flexible, stay alive.

The real secret to mental longevity isn't found in memory tricks or brain games, it's in how you interact with your world.

Curiosity protects cognition. Engagement keeps the brain awake.

Follow @psychologyfocus to enrich your life.

"ਅੱਜ ਤੇਰਾ ਸਕੂਲ ਕਿਵੇਂ ਸੀ?" ਇਸਦੀ ਥਾਂ ਪੁੱਛਣ ਦੇ 7 ਤਰੀਕੇ

ਇਹ ਵੱਧ ਅਸਲੀ ਗੱਲਾਂ ਖੋਲ੍ਹਣ ਅਤੇ ਸਮਝਣ ਵਿਚ ਮਦਦਗਾਰ ਅਤੇ ਬੱਚੇ ਲਈ ਕੀਮਤੀ ਹੋਣਗੇ

("13 ਚੀਜ਼ਾਂ ਜੋ ਮਾਨਸਿਕ ਤੌਰ 'ਤੇ ਮਜ਼ਬੂਤ ਮਾਪੇ ਨਹੀਂ ਕਰਦੇ"- ਇਸ ਕਿਤਾਬ ਦੀ ਲੇਖਕਾ AMY MORIN- ਸੋਸ਼ਲ ਵਰਕਰ, ਕਲਿਨਿਕਲ ਥੈਰੇਪਿਸਟ, ਕਾਲਜ ਸਾਈਕੌਲੋਜੀ ਇਨਸਟ੍ਰੱਕਟਰ ਅਤੇ ਮਾਨਸਿਕ ਤਾਕਤ ਦੀ ਮਾਹਿਰ ਤੋਂ ਪ੍ਰੇਰਣਾ ਲੈ ਕੇ ਗਿਣਾਏ ਗਏ 7 ਤਰੀਕੇ)

ਇਹ ਸੁਆਲ ਬੱਚੇ ਨੂੰ ਨਾਤਾ ਜੋੜਨ ਅਤੇ ਵਧਾਉਣ ਵਿਚ ਮਦਦ ਕਰਨਗੇ, ਭਾਵਨਾਤਮਕ ਤੌਰ 'ਤੇ ਵਧੇਰੇ ਤਕੜੇ ਹੋ ਕੇ ਵਿਚਰਨ ਵਿਚ ਮਦਦ ਕਰਨਗੇ। ਤੁਹਾਡੇ ਨਾਲ ਨਾਤਾ ਹੋਰ ਡੂੰਘਾ ਹੋਏਗਾ। ਇਸ ਲਈ ਚਾਹੀਦੀ ਹੈ ਤੁਹਾਡੇ ਵਿਚ ਇਹ ਉਤਸੁਕਤਾ ਹੋਏ ਕਿ ਤੁਸੀਂ ਬੱਚੇ ਬਾਰੇ ਇਹ ਸਭ ਕੁਝ ਜਾਨਣ ਲਈ ਉਤਾਵਲੇ ਹੋਵੋ। ਤੁਸੀਂ ਵੇਖੋਗੇ ਕਿ ਬੱਚੇ ਰੁਕ ਕੇ ਜ਼ਰਾ ਸੋਚਣਗੇ, ਅਤੇ ਸ਼ਾਇਦ ਮੁਸਕ੍ਰਾਉਣਗੇ ਵੀ।

1

ਅੱਜ ਤੇਰੇ ਦਿਨ ਵਿਚ ਸਭ ਤੋਂ ਚੰਗਾ ਕੀ ਸੀ? ਇਸ ਨਾਲ ਉਨ੍ਹਾਂ ਨੂੰ ਹਾਂ ਪੱਖੀ ਸੋਚ ਲਈ ਸਿਖਲਾਈ ਦੇ ਰਹੇ ਹੋਵਾਂਗੇ। ਨਾਲ ਹੀ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਉਹ ਮੁਸ਼ਕਿਲਾਂ ਨੂੰ ਅੱਖੋਂ ਓਹਲੇ ਕਰਨਾ ਸਿੱਖਣ।

2

ਅੱਜ ਤੂੰ ਆਪਣੇ ਲਈ ਕੀ ਸਬਕ ਸਿੱਖਿਆ? ਇਸ ਤਰ੍ਹਾਂ ਤੁਸੀਂ ਉਨ੍ਹਾਂ ਨੂੰ ਨਾਕਾਮਯਾਬੀ ਨੂੰ ਆਮ ਚੀਜ਼ ਵਾਂਗ ਵੇਖਣ ਵਿਚ ਮਦਦ ਕਰ ਰਹੇ ਹੋਵੋਗੇ। ਇਹ, ਕਿ ਗਲਤੀਆਂ ਤੋਂ ਸ਼ਰਮਿੰਦਗੀ ਨਹੀਂ ਹੋਣੀ ਚਾਹੀਦੀ - ਇਹ ਤਾਂ ਭੇਸ ਬਦਲ ਕੇ ਆਏ ਅਧਿਆਪਕਾਂ ਵਾਂਗ ਸਾਨੂੰ ਕੁਝ ਸਿਖਾਉਂਦੀਆਂ ਹੀ ਹਨ।

3

ਅੱਜ ਤੈਨੂੰ ਕਿਸ ਗੱਲ ਦਾ ਆਪਣੇ ਉੱਤੇ ਮਾਣ ਹੋਇਆ? ਤੁਹਾਡੇ ਬੱਚੇ ਆਪਣੇ ਬਾਰੇ ਕੁਝ ਚੰਗਾ ਲੱਭਣ ਲੱਗ ਪੈਣਗੇ- ਅਤੇ ਹੋਰਾਂ ਵਿਚ ਵੀ। ਇਸ ਨਾਲ ਦੂਸਰਿਆਂ ਲਈ ਸਾਂਭ-ਖ਼ਿਆਲ ਦਾ ਗੁਣ ਵਧੇਗਾ।

4

ਅੱਜ ਕਿਹੜੀ ਚੀਜ਼ ਤੂੰ ਹੋਰ ਵੱਧ ਚੰਗੀ ਤਰ੍ਹਾਂ ਕਰ ਸਕਦੀ ਸੀ? ਇਹ ਇਕ ਉਲਾਂਭਾ-ਸ਼ਿਕਾਇਤ ਨਹੀਂ ਹੈ ਸਗੋਂ ਖੁੱਲ੍ਹਣ ਲਈ ਇੱਕ ਰਾਹ ਦੇਣਾ ਹੈ। ਮੁਸ਼ਕਿਲ ਨੂੰ ਹੱਲ ਕਰਨ ਲਈ ਇੱਕ ਥਾਂ ਦੇਣੀ ਹੈ - ਜਿਹੜੀ ਚੀਜ਼ ਗ਼ਾਇਬ ਸੀ ਉਸ ਨੂੰ ਕੋਈ ਨਾਂ ਦੇਣ ਲਈ -ਬਜਾਇ ਨਾਂਹ-ਪੱਖੀਪੁਣੇ ਵਿਚ ਨੂੰ ਤਿਲ੍ਹਕੀ ਜਾਣ ਦੇ।

5

ਅੱਜ ਤੂੰ ਕਿਸ ਦੀ ਮਦਦ ਕੀਤੀ ਸੀ? ਇਹ ਪੁੱਛਣ ਨਾਲ ਉਨ੍ਹਾਂ ਦੇ ਦਿਮਾਗ਼ ਦੀ ਨਵੇਂ ਸਿਰਿਓਂ ਵਾਇਰਿੰਗ ਹੁੰਦੀ ਹੈ, ਅਤੇ ਵਾਰ ਵਾਰ ਇਹ ਪੁੱਛਣ ਨਾਲ ਉਨ੍ਹਾਂ ਦਾ ਫ਼ੋਕਸ ਬਦਲਦਾ ਹੈ ਅਤੇ ਉਹ ਬਿਨ-ਸੋਚੇ ਵੀ ਦਿਆਲੂ ਹੁੰਦੇ ਜਾਂਦੇ ਹਨ।

6

ਅੱਜ ਸਿੱਖੀ ਕਿਹੜੀ ਚੀਜ਼ ਤੈਨੂੰ ਸਭ ਤੋਂ ਵੱਧ ਦਿਲਚਸਪ ਲੱਗੀ? ਜਦੋਂ ਉਹ ਤੁਹਾਡੀਆਂ ਅੱਖਾਂ ਵਿਚ ਵੀ ਉਸ ਚੀਜ਼ ਬਾਰੇ ਖ਼ੁਸ਼ੀ ਅਤੇ ਚਾਅ ਵੇਖਦੇ ਹਨ ਤਾਂ ਉਨ੍ਹਾਂ ਨੂੰ ਸਮਝ ਆਉਣ ਲੱਗਦੀ ਹੈ ਕਿ ਨੰਬਰ ਲੈਣਾ ਇੱਕ ਗੱਲ ਹੈ ਪਰ ਚੀਜ਼ਾਂ ਸਿੱਖਣ ਵਿਚ ਵੀ ਇੱਕ ਮਜ਼ਾ, ਇੱਕ ਸੁਆਦ ਹੁੰਦਾ ਹੈ।

7

ਕਿਹੜੀ ਨਵੀਂ ਚੀਜ਼ ਤੈਨੂੰ ਕਰ ਕੇ ਵੇਖਣ ਦੀ ਚਾਹ ਹੈ? ਇਹ ਹੌਂਸਲਾ ਕਰ ਕੇ ਵੇਖਣ ਬਾਰੇ ਸੁਆਲ ਹੈ। ਇਹ ਉਨ੍ਹਾਂ ਨੂੰ ਰਚਨਾਤਮਕਤਾ, ਬਹਾਦਰੀ ਅਤੇ ਵਧਣ ਵੱਲ ਨੂੰ ਧੱਕਦਾ ਹੈ। ਕੋਈ ਮਾਹਿਰ ਬਨਣ ਦੀ ਲੋੜ ਨਹੀਂ।

ਤੁਸੀਂ ਵੇਖ ਰਹੇ ਹੋ ਕਿ ਇੱਥੇ ਕੀ ਹੋ ਰਿਹਾ ਹੈ- ਤੁਸੀਂ ਪੜਤਾਲ ਕਰਨ ਤੋਂ ਸੱਦਾ ਦੇਣ ਵੱਲ ਚਲੇ ਗਏ ਹੁੰਦੇ ਹੋ। ਤੁਸੀਂ ਰਿਪੋਰਟ ਕਾਰਡ ਬਾਰੇ ਗੱਲਬਾਤ ਤੋਂ ਆਤਮਕ ਗੱਲਾਂ ਵੱਲ ਚਲੇ ਜਾਂਦੇ ਹੋ। ਅਤੇ ਇਓਂ ਕਰਦਿਆਂ ਤੁਸੀਂ ਇੱਕ ਪੁਲ ਬਣਾਅ ਲੈਂਦੇ ਹੋ = ਨਾ ਸਿਰਫ਼ ਆਪਣੇ ਬੱਚੇ ਦੇ ਦਿਨ ਤੱਕ ਪੁਜਣ ਲਈ ਸਗੋਂ ਉਨ੍ਹਾਂ ਦੀ ਦੁਨੀਆ ਤੱਕ ਵੀ। ਤੁਸੀਂ ਸਿੱਖਦੇ ਹੋ ਕਿ ਅਸਲੀ ਮਾਪਾਪੁਣਾ ਕੰਟ੍ਰੋਲ ਬਾਰੇ ਨਹੀਂ ਹੁੰਦਾ ਸਗੋਂ ਇਹ ਹੁੰਦਾ ਹੈ ਨਾਤਾ ਬਨਾਉਣ ਬਾਰੇ। ਜਦੋਂ ਤੁਸੀਂ ਪੁੱਛਣ ਲੱਗਦੇ ਹੋ ਤੁਸੀਂ ਆਪਣੇ ਬੱਚੇ ਨੂੰ ਭਾਵਨਾਤਮਕ ਜਾਗਰੂਕਤਾ, ਦੂਜਿਆਂ ਲਈ ਸੋਚ ਸਕਣਾ ਅਤੇ ਤਕੜਾਈ ਨਾਲ ਝੱਲ ਸਕਣਾ ਸਿਖਾਉਣ ਵਿਚ ਸਹਾਈ ਹੋ ਰਹੇ ਹੁੰਦੇ ਹੋ। ਇਹ ਸਭ ਤੁਹਾਡਾ ਆਪਣਾ ਨਾਤਾ ਤਕੜਾ ਕਰ ਰਹੇ ਹਨ। ਰਾਜ਼ ਕਿਸੇ ਫੂੰ ਫਾਂ ਵਾਲੇ ਮਨੋਵਿਗਿਆਨ ਵਿਚ ਨਹੀਂ ਹੈ, ਇਹ ਉਤਸੁਕਤਾ ਵਿਚ ਹੈ, ਤੁਹਾਡੀ ਉਤਸੁਕਤਾ ਵਿਚ! ਤਾਂ ਅਗਲੀ ਵਾਰ ਜਦੋਂ ਤੁਸੀਂ "ਤੇਰਾ ਸਕੂਲਕਿਵੇਂ ਸੀ ਅੱਜ?" ਪੁੱਛਣ ਦੀ ਥਾਂ ਇਨ੍ਹਾਂ ਵਿਚੋਂ ਕੋਈ ਸੁਆਲ ਪੁੱਛੋਗੇ ਤਾਂ ਵੇਖਣਾ ਕਿਵੇਂ ਉਹ ਕੁਝ ਰੁਕਦੇ ਹਨ ਅਤੇ ਸੋਚਦੇ ਹਨ ਅਤੇ ਸ਼ਾਇਦ ਮੁਸਕ੍ਰਾਂਦੇ ਵੀ ਹਨ! ਓਦੋਂ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਇੱਕ ਅਜਿਹੇ ਬੱਚੇ ਪਾਲ ਰਹੇ ਹੋ ਜੋ ਸਿਰਫ਼ ਸਫ਼ਲ ਹੀ ਨਹੀਂ ਹਨ ਸਗੋਂ ਮਾਨਸਿਕ ਤੌਰ 'ਤੇ ਤਕੜੇ ਅਤੇ ਆਪਣੇ ਜੋਗੇ ਵੀ ਹਨ।

https://www.facebook.com/share/v/1EQaM3xbdp/?mibextid=wwXIfr ਤੋਂ ਅਨੁਵਾਦ- ਪੂਨਮ ਸਿੰਘ

Reliable Performance

Consistence Performers, Suited to all market needs with high yield, quality & disease resistant.

ISTA - Accredited Laboratory - INML05

Authorised to Issue Orange, Green International Seed Lot Certificates & Blue International Seed Sample Certificates

NAMDHARI SEEDS PVT. LTD.

Bidadi 562 109. Bangalore. Tel. : +91-98454 71271 / 72. 98453 81817 / 98453 10057

Liaison Office : Tel. : 080-28602167/69 Fax : 080-28602168

e-mail : info@namdhariseeds.com URL : www.namdhariseeds.com

Seeds for a better future...